# ਵਰਿਆਮ

੩੬ਵਾਂ ਸਾਲ

ਜੁਲਾਈ ੨੦੧੧




ਕਲਾਕਾਰ ਅਮਰਜੀਤ ਸਿੰਘ ਪੇਂਟਰ

20/-

Namdhari Elibrary NamdhariElibrary@gmail.com



੨੨ ਮਈ ੨੦੧੧ ਨੂੰ ਸ੍ਰੀ ਭੈਣੀ ਸਾਹਿਬ ਵਿਖੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿਚ ਦਸਤਾਰ ਸਜਾਉਣ ਬਾਦ ਖੜੇ ਕਾਕਾ ਜਗਤ ਸਿੰਘ ਜਲੰਧਰ। ਉਹਨਾਂ ਦੇ ਪਿਛੇ (ਸਜੇ ਤੋਂ) ਦਾਦਾ ਜੀ, ਸੰਤ ਬਲਬੀਰ ਸਿੰਘ ਰਾਗੀ, ਦਾਦੀ ਕੁਲਵੰਤ ਕੌਰ, ਮਾਤਾ ਪਰਮਜੀਤ ਕੌਰ, ਪਿਤਾ ਜਸਵਿੰਦਰ ਸਿੰਘ ਚੰਨ, ਭੈਣ ਜੁਗਿੰਦਰ ਕੌਰ ਅਤੇ ਹੋਰ ਪਿਛੇ ਹਜ਼ੂਰੀ ਰਾਗੀ ਮੋਹਨ ਸਿੰਘ ਆਦਿਕ ਦਿਸ ਰਹੇ ਹਨ।



ਸਤਿਗੁਰੂ ਜੀ ਦੇ ਹਸਤ ਕਮਲਾਂ ਦੀ ਛੋਹ ਪ੍ਰਾਪਤ ਦਸਤਾਰ ਸੰਤ ਰਛਪਾਲ ਸਿੰਘ ਕਾਕਾ ਜਗਤ ਸਿੰਘ ਦੇ ਸੀਸ ਤੇ ਸਜਾ ਰਹੇ ਹਨ। ਪਰਿਵਾਰ ਨਾਲ ਸੰਤ ਜਤਿੰਦਰ ਪਾਲ ਸਿੰਘ ਚਿੰਕਾ ਵੀ ਖੜੇ ਹਨ।



ਕਾਕਾ ਜਗਤ ਸਿੰਘ

Namdhari Elibrary NamdhariElibrary@gmail.com

# ਵਰਿਆਮ

ਜੁਲਾਈ-੨੦੧੧
ਜਿਲਦ-੩੬
ਅੰਕ- ੯

ਸੰਪਾਦਕ
ਜਗਦੀਸ਼ ਸਿੰਘ 'ਵਰਿਆਮ'

| ਦਫਤਰ ਦਾ ਪਤਾ: | Office Address : |
|---|---|
| ਮਾਸਿਕ ਵਰਿਆਮ | Monthly WARIAM |
| ਲਾਡੋਵਾਲੀ ਰੋਡ | |
| (ਸਾਹਮਣੇ ਸੈਂਟਰਲ ਟਾਊਨ) | Ladowali Road. |
| ਜਲੰਧਰ- ੧੪੪੦੦੧ | Opp. Central Town, |
| | Jalandhar-144001 |
| ਫੋਨ-:੦੧੮੧- ੨੨੨੨੫੪੩ | Ph. :0181-2222543 (O) |
| ਘਰ : ੦੧੮੧-੨੪੫੬੨੮੯ | 0181-2456289 (R) |

**ਵਰਿਆਮ ਦੇ ਦਰ**

| | |
|---|---|
| ਇਹ ਅੰਕ | ੨੦-੦੦ |
| ਸਲਾਨਾ ਚੰਦਾ | ੨੦੦-੦੦ |
| ਪੰਜ ਸਾਲ ਲਈ | ੮੦੦-੦੦ |
| ਜੀਵਨ ਮੈਂਬਰ | ੨੦੦੦-੦੦ |
| ਵਿਦੇਸ਼ ਲਈ | ੩੦ ਪੌਂਡ ਜਾਂ ੪੦ ਡਾਲਰ ਅਮਰੀਕੀ |
| ਹਵਾਈ ਡਾਕ ਰਾਹੀਂ | (ਸਾਲਾਨਾ) |

ਚੈਕ ਡਰਾਫਟ ਕੇਵਲ Wariam ਦੇ ਨਾਂਅ ਤੇ ਹੀ ਭੇਜੇ ਜਾਣ।

**ਵਰਿਆਮ ਸਕੂਲਾਂ ਕਾਲਜਾਂ ਲਈ ਪਰਵਾਨ**

'ਵਰਿਆਮ' ਨਿਰਦੇਸ਼ਕ ਸਿਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰਬਰ ੩-੧-੭੭ ਐਡੀਟਰਜ਼, ਮਿਤੀ ੩-੩-੭੭ ਰਾਹੀਂ ਪੰਜਾਬ ਪੰਜਾਬ ਭਰ ਦੇ ਸਕੂਲਾਂ, ਕਾਲਜਾਂ ਤੇ ਲਾਇਬਰੇਰੀਆਂ ਲਈ ਪ੍ਰਵਾਨ ਹੈ।

## ਤਤਕਰਾ

ਸੰਪਾਦਕੀ -ਵਿਆਪਕ ਸਮੱਸਿਆਵਾਂ
—ਜਗਦੀਸ਼ ਸਿੰਘ ਵਰਿਆਮ ........ ੨
ਸਿੱਖਿਆ-ਨੀਤੀ ਦੀ ਅਣਹੋਂਦ —ਡਾ. ਨਰੇਸ਼ ........ ੩
ਜਪੁਜੀ ਸਾਹਿਬ ਅਤੇ ਸੁਖਮਣੀ ਸਾਹਿਬ
ਦਾ ਉਰਦੂ ਤਰਜਮਾ — ਜਗਦੀਸ਼ ਸਿੰਘ ਵਰਿਆਮ .... ੪
ਅਕਾਲੀ ਕਾਂਗਰਸ ਗਠਬੰਧਨ ?
—ਸ. ਤਰਲੋਚਨ ਸਿੰਘ ........ ੬
ਕਵਿਤਾ ਲਈ/ —ਪ੍ਰਿੰ. ਕਰਤਾਰ ਸਿੰਘ ਕਾਲੜਾ ...... ੮
ਗ਼ਜ਼ਲਾਂ ਚਾਨਣੀਆਂ/
—ਪ੍ਰਿੰ. ਕਰਤਾਰ ਸਿੰਘ ਕਾਲੜਾ ........ ੮
ਸੂਬਾ ਮਹਿਲ ਸਿੰਘ 'ਜੇਠ ਪੁਰਾ'
—ਸੁਵਰਨ ਸਿੰਘ ਵਿਰਕ ........ ੯
ਆਜ਼ਾਦੀ ਸੰਗਰਾਮ ਵਿਚ ਜੁਲਾਈ ਦਾ ਮਹੀਨਾ
— ਪ੍ਰੋ. ਮਲਵਿੰਦਰ ਜੀਤ ਸਿੰਘ ਵੜੈਚ ........ ੧੭
ਈਮਾਨ —ਸਾਧੂ ਸਿੰਘ ਕਿਸਾਨ ........ ੨੧
ਕਿਵੇਂ ਗਿਣਾਂ ਉਪਕਾਰ ਮਾਵਾਂ ਦੇ?
—ਪ੍ਰੋ. ਜਸਵੰਤ ਸਿੰਘ ਕੈਲਵੀ ........ ੨੪
ਗ਼ਜ਼ਲ —ਪ੍ਰੋ. ਜਸਵੰਤ ਸਿੰਘ ਕੈਲਵੀ ........ ੨੪
ਬ੍ਰਹਮਗਿਆਨ, ਭਗਤੀ ਅਤੇ ਗੁਰਬਾਣੀ
—ਸਵਾਮੀ ਬ੍ਰਹਮਦੇਵ 'ਉਦਾਸੀ' ........ ੨੫
ਰਾਮ ਰਾਮ —ਬਚਿੰਤ ਕੌਰ ........ ੨੮
ਵਾਹ ਓਏ ਬੁਢੇਪਿਆ —ਮਾ. ਅਮਰੀਕ ਸਿੰਘ ........ ੨੯
ਉਸਤਾਦ ਫਤਹਿ ਅਲੀ-ਮੁਬਾਰਕ ਅਲੀ ਅਤੇ
ਬੜੇ ਗੁਲਾਮ ਅਲੀ ਖਾਂ ਦੀਆਂ ਅਭੁੱਲ ਯਾਦਾਂ
—ਗੁਰਬਖਸ਼ ਸਿੰਘ ਮਠਾੜੂ ........ ੩੦
ਦੁਖ ਤੇ ਸੁਖ —ਸੁਲੱਖਣ ਸਿੰਘ ਭਿੰਡਰ ........ ੩੩
ਗ਼ਜ਼ਲ —ਮਾ. ਅਮਰੀਕ ਸਿੰਘ ........ ੩੪
ਰੰਗਾਂ-ਰੇਖਾਵਾਂ ਦਾ ਸਿੱਧ-ਹਸਤ ਕਲਾਕਾਰ ਅਮਰਜੀਤ
ਸਿੰਘ ਪੇਂਟਰ —ਡਾ. ਹਰਨੇਕ ਸਿੰਘ ਕੋਮਲ ........ ੩੫
ਪੰਜਾਬ, ਪੰਜਾਬੀ ਅਤੇ ਪੰਜਾਬੀਅਤ
—ਜਸਵਿੰਦਰ ਜੀਤ ਬਾਜਵਾ ........ ੩੮
ਗੱਲਾਂ ਸੂਬਾ ਸਿੰਘ ਦੀਆਂ —ਭੁਪਿੰਦਰ ਉਸਤਾਦ ...... ੪੦
ਵਿਸ਼ਵ ਹਾਕੀ ਟੀਮ 'ਚ ਨਾਮਧਾਰੀ ਹੀਰੋ
ਸਰਦਾਰਾ ਸਿੰਘ —ਕੁਲਦੀਪ ਸਿੰਘ ਪੱਟੀ ........ ੪੧
ਖ਼ਬਰਨਾਮਾ ........ ੪੨
ਪੁਸਤਕ - ਬੇਨਿਆਜ਼ ਹਸਤੀ-ਉਸਤਾਦ ਦਾਮਨ
—ਜਸਬੀਰ ਸਿੰਘ ਸਰਨਾ ........ ੪੫
ਪ੍ਰਤੀਕਿਰਿਆ ........ ੪੬


Namdhari Elibrary NamdhariElibrary@gmail.com

# ਵਿਆਪਕ ਸਮੱਸਿਆਵਾਂ

ਭਾਰਤ ਵਿਚ ਵਿਆਪਕ ਸਮੱਸਿਆਵਾਂ ਦੀ ਗਿਣਤੀ ਕਰਨ ਲੱਗੀਏ ਤਾਂ ਇਹ ਔਖਾ ਕਾਰਜ ਹੈ। ਮਹਿੰਗਾਈ ਰਿਸ਼ਵਤਖੋਰੀ, ਸੜਕ ਹਾਦਸੇ, ਘਰੇਲੂ ਕਲੇਸ਼ਾਂ ਨਾਲ ਮੌਤਾਂ, ਨਿਤ ਨਿਕਲਦੇ ਜਲੂਸ, ਸੜਦੇ ਪੁਤਲੇ, ਹਾਏ ਹਾਏ ਦੇ ਨਾਅਰੇ ਅਤੇ ਨਸ਼ਿਆਂ ਦਾ ਵਧਦਾ ਸੇਵਨ, ਤਸਕਰੀ ਆਦਕ ਗਿਣਦੇ ਜਾਵੋ, ਮੁਕਦੇ ਹੀ ਨਹੀਂ। ਇਹਨਾਂ ਉਤੇ ਨਿਤ ਨਵੇਂ ਸੂਰਜ, ਅਖਬਾਰਾਂ ਲਿਖਦੀਆਂ, ਪਰਚਾਰ ਪ੍ਰਸਾਰ ਦੇ ਸਾਧਨ ਚਰਚਾ ਕਰਦੇ ਹਨ। ਸਹੀ ਗੱਲ ਤਾਂ ਇਹ ਹੈ ਕਿ ਸਭ ਲੋਕ ਇਹਨਾਂ ਮਸਲਿਆਂ ਨੂੰ ਜਾਣਦੇ ਵੀ ਹਨ, ਦੁਖੀ ਵੀ ਹਨ ਪਰ ਫਿਰ ਵੀ ਇਹਨਾਂ ਵਾਸਤੇ ਬੇਪਰਵਾਹੀ ਵੀ ਸਿਖਰ ਦੀ ਹੈ। ਸ਼ਹਿਰਾਂ ਦੀਆਂ ਗਲੀਆਂ ਵਿਚ ਖੜੀਆਂ ਕਾਰਾਂ ਅਤੇ ਮੋਟਰ ਸਾਈਕਲਾਂ, ਸਕੂਟਰਾਂ ਦੀਆਂ ਦੂਹਰੀਆਂ ਤੀਹਰੀਆਂ ਕਤਾਰਾਂ, ਮਹਿੰਗਾਈ ਦੇ ਇਲਜ਼ਾਮਾਂ ਦਾ ਮੂੰਹ ਚਿੜਾ ਰਹੀਆਂ ਹਨ। ਪੈਸਾ ਖੁਰਦ ਬੁਰਦ ਵੀ ਬਹੁਤ ਹੋਇਆ ਹੈ ਪਰ ਫਿਰ ਵੀ ਪੈਸੇ ਦੀ ਘਾਟ ਨਹੀਂ ਲੱਗਦੀ। ਮਹਿੰਗੀਆਂ ਜਾਇਦਾਦਾਂ ਅਤੇ ਸਾਮਾਨ ਦੇ ਖਰੀਦਦਾਰਾਂ ਨਾਲ ਵੀ ਬਾਜ਼ਾਰ ਲਬਾਲੱਬ ਹਨ। ਪਿਛਲੇ ਕੁਝ ਸਮੇਂ ਤੋਂ ਦੇਸ਼ ਦੇ ਕੁਝ ਨੇਤਾਵਾਂ ਦਾ ਧਿਆਨ ਕਾਲੇ ਧਨ, ਭ੍ਰਿਸ਼ਟਾਚਾਰ ਅਤੇ ਵਦੇਸ਼ੀ ਬੈਂਕਾਂ ਵਿਚ ਜਮਾਂ ਧਨ ਵਲ ਬਹੁਤ ਸ਼ਿਦਿਤ ਨਾਲ ਗਿਆ ਹੈ। ਇਹ ਮਸਲੇ ਐਸੇ ਹਨ ਜਿਨ੍ਹਾਂ ਦੇ ਵਿਰੁੱਧ ਕੋਈ ਨਹੀਂ ਸਗੋਂ ਸਮਰਥਨ ਵਿਚ ਹੀ ਬਹੁਤੇ ਲੋਕ ਹਨ। ਗਾਂਧੀਵਾਦੀ ਨੇਤਾ ਅੰਨਾ ਹਜ਼ਾਰੇ ਅਤੇ ਯੋਗ ਗੁਰੂ ਬਾਬਾ ਰਾਮਦੇਵ ਹੋਰਾਂ ਇਕਠਿਆਂ ਵੀ ਅਤੇ ਵਖੋ ਵਖਰਿਆਂ ਵੀ ਅੰਦੋਲਨ ਕੀਤੇ ਹਨ ਅਤੇ ਭੁੱਖ ਹੜਤਾਲਾਂ, ਅੰਨ-ਸ਼ੰਨ ਕੀਤੇ ਹਨ। ਸਿਆਸੀ ਪਾਰਟੀਆਂ ਵੀ ਆਲੇ ਦੁਆਲੇ ਮੰਡਰਾਂਦੀਆਂ ਬਿਆਨ ਦਿੰਦੀਆਂ ਇਕ ਦੂਜੇ ਨੂੰ ਭੰਡਦੀਆਂ ਨਿੰਦਦੀਆਂ ਭ੍ਰਿਸ਼ਟਾਚਾਰ ਵਿਰੁੱਧ ਹਿੱਸਾ ਪਾ ਰਹੀਆਂ ਹਨ। ਭਾਰਤ ਦੀ ਪ੍ਰਸਿੱਧ ਸਾਬਕਾ ਉੱਚ ਪੁਲੀਸ ਅਫਸਰ ਕਿਰਨ ਬੇਦੀ ਅਨੁਸਾਰ ਹਰ ਸਾਲ ਭ੍ਰਿਸ਼ਟਾਚਾਰ ਕਾਰਨ ਭਾਰਤ ਨੂੰ ਬਹੱਤਰ ਹਜ਼ਾਰ ਕਰੋੜ ਰੁਪਏ ਦਾ ਨੁਕਸਾਨ ਹੋ ਰਿਹਾ ਹੈ। ਵੱਖ ਵੱਖ ਲੋਕਾਂ ਨੇ ਬਦੇਸ਼ੀ ਬੈਂਕਾਂ ਵਿਚ ਭਾਰਤੀ ਲੋਕਾਂ ਦੇ ਕਾਲੇ ਧਨ ਦੀ ਗਿਣਤੀ ਅਰਬਾਂ ਖਰਬਾਂ ਵਿਚ ਦੱਸੀ ਹੈ।

ਦੇਸ਼ ਵਿਚ ਲੋਕਪਾਲ ਬਿਲ ਦੀ ਬੜੀ ਚਰਚਾ ਹੈ। ਲੋਕਪਾਲ ਕੀਹ ਹੈ? ਜੇ ਮੋਟੇ ਤੌਰ ਤੇ ਗੱਲ ਕਰਨੀ ਹੋਵੇ ਤਾਂ ਇਹ ਇਕ ਬਹੁਤ ਵੱਡਾ ਇੰਸਪੈਕਟਰਾਂ ਦਾ ਇੰਸਪੈਕਟਰ ਹੋਵੇਗਾ, ਜਾਂ ਜੱਜਾਂ ਦੇ ਉੱਤੇ ਜੱਜ ਹੋਵੇਗਾ। ਸਰਕਾਰੀ ਧਿਰ ਅਤੇ ਹਜ਼ਾਰੇ ਧਿਰ ਵਿਚ ਗੱਲਬਾਤ ਚਲਦੀ ਅਤੇ ਟੁੱਟਦੀ ਰਹੀ ਹੈ। ਕੀਹ ਇਹ ਲੋਕਪਾਲ ਵਿਅਕਤੀ ਪ੍ਰਧਾਨ ਮੰਤਰੀ, ਰਾਸ਼ਟਰਪਤੀ ਅਤੇ ਮੁੱਖ ਜੱਜਾਂ ਦੇ ਉਤੋਂ ਦੀ ਹੋਵੇਗਾ ਜਾਂ ਨਹੀਂ। ਇਹ ਲਫੜਾ ਉਸ ਬਿਲ ਦੀ ਸ਼ਬਦਾਵਲੀ ਤਿਆਰ ਕਰਨ ਵੇਲੇ ਹੀ ਪਿਆ ਹੈ। ਕਦੋਂ ਇਹ ਬਿਲ ਦੀ ਸ਼ਬਦਾਵਲੀ (ਡਰਾਫਟ) ਤਿਆਰ ਹੁੰਦੀ ਹੈ। ਇਹ ਕਦੋਂ ਸਿਆਸੀ ਪਾਰਟੀਆਂ ਕੋਲ ਜਾਂਦੀ ਹੈ ਅਗੋਂ ਇਹ ਡਰਾਫਟ ਪਾਰਲੀਮੈਂਟ ਕੋਲ ਜਾਣਾ ਹੈ। ਮੈਂਬਰ ਹੱਥ ਖੜੇ ਕਰ ਕੇ ਇਸ ਨੂੰ ਪਾਸ ਕਰਦੇ ਹਨ ਜਾਂ ਰੱਦ ਇਹ ਤਾਂ ਲੰਬਾ ਸਿਲਸਲਾ ਹੈ। ਹਾਲੇ ਤਾਂ ਉਸ ਬਿਲ ਦੇ ਸ਼ਬਦਾਂ ਦੀ ਪਰਵਾਨਗੀ ਜਾਂ ਅਪਰਵਾਨਗੀ ਉਤੇ ਵੀ ਮੁੜ ਮੁੜ ਭੁੱਖ ਹੜਤਾਲ ਕਰਨ ਦੇ ਚਰਚੇ ਹੋ ਰਹੇ ਹਨ।

ਸਾਡੀ ਤਾਂ ਤੁੱਛ ਰਾਏ ਹੀ ਹੈ, ਅਤੀ ਤੁੱਛ (ਇਹ ਕੁਝ ਹੋਰ ਹੋ ਵੀ ਕੀ ਸਕਦੀ ਹੈ) ਕਿ ਜੇ ਭੁਖ ਹੜਤਾਲ ਅੰਨ ਸ਼ੰਨ ਨਾਲ ਮਸਲਾ ਹਲ ਹੋ ਸਕਦਾ ਹੈ ਤਾਂ ਇਸ ਤੋਂ ਹੋਰ ਸੌਖਾ ਰਾਹ ਕੀਹ ਹੋ ਸਕਦਾ ਹੈ। ਜੇ ਸਰਕਾਰ ਕੋਈ ਗੱਲ ਨਹੀਂ ਮੰਨਦੀ ਤਾਂ ਅੰਨ ਸ਼ੰਨ ਦੀ ਸ਼ਕਤੀ ਨਾਲ ਲੋਕਾਂ ਨੂੰ ਹੀ ਕਿਓਂ ਨਹੀਂ ਪ੍ਰੇਰਿਆ ਜਾਂਦਾ ਕਿ ਉਹ ਭ੍ਰਿਸ਼ਟਾਚਾਰ ਤੋਂ ਆਪ ਹੀ ਪ੍ਰਹੇਜ਼ ਕਰਨ। ਕਾਲੇ ਧੰਦੇ ਕਾਲੇ ਧਨ ਦੇ ਲਾਗੇ ਵੀ ਨਾ ਜਾਣ। ਬਾਹਰਲੇ ਮੁਲਕਾਂ ਦੇ ਬੈਂਕਾਂ ਵਿਚ ਧਨ ਹੀ ਨਾ ਜਮਾਂ ਕਰਾਉਣ। ਆਖਰ ਇਹ ਵੱਡੇ ਵੱਡੇ ਲੋਕ-ਵੱਡੇ ਮਹਾਂਪੁਰਖਾਂ ਤੇ ਆਸਥਾ ਰੱਖਦੇ ਹਨ। ਬਜਾਏ ਸਰਕਾਰ ਦੇ ਵਿਰੁੱਧ ਜ਼ੋਰ ਲਾਉਣ ਅਤੇ ਲੋਕਾਂ ਨੂੰ ਪਰੇਸ਼ਾਨ ਕਰਨ ਦੇ ਉਹ ਸਿੱਧਾ ਹੀ ਲੋਕਾਂ ਦੀ ਮਾਇਆ ਵਾਲੀ ਪ੍ਰਵਿਰਤੀ ਤੇ ਹੀ ਰੋਕ ਲਾਉਣ। ਭਾਵੇਂ ਇਹ ਅੰਨ ਸ਼ੰਨ ਨਾਲ ਹੋਵੇ, ਭਾਵੇਂ ਯੋਗ ਨਾਲ ਜਾਂ ਕੀਰਤਨ ਨਾਲ... ਇਸ ਨਾਲ ਭਗਵਾਨ ਵੀ ਖੁਸ਼ ਤੇ ਲੋਕ ਵੀ ਖੁਸ਼। ਇਸ ਤੋਂ ਵੱਡਾ ਪੁੰਨ ਦਾ ਕੰਮ ਕੀਹ ਹੋਵੇਗਾ?

*—ਜਗਦੀਸ਼ ਸਿੰਘ ਵਰਿਆਮ*



Namdhari Elibrary NamdhariElibrary@gmail.com

# ਸਿੱਖਿਆ-ਨੀਤੀ ਦੀ ਅਣਹੋਂਦ

—ਡਾ. ਨਰੇਸ਼

ਇਸ ਤੋਂ ਮੰਦਭਾਗੀ ਗੱਲ ਹੋਰ ਕੀ ਹੋ ਸਕਦੀ ਹੈ ਕਿ ਅਸੀਂ ਆਪਣੀ ਆਜ਼ਾਦੀ ਦੀ ਅੱਧੀ ਤੋਂ ਵੱਧ ਸਦੀ ਵਿਚ ਵੀ ਆਪਣੀ ਸਿੱਖਿਆ-ਨੀਤੀ ਨਹੀਂ ਬਣਾ ਸਕੇ ਹਾਂ। ਆਜ਼ਾਦੀ ਮਿਲਦਿਆਂ ਹੀ ਅਸੀਂ ਸ਼ਾਸਨ ਲਈ ਪਰਜਾਤੰਤਰਾਤਮਕ ਪ੍ਰਣਾਲੀ ਮਿਥ ਲਈ, ਜਿਸਦੇ ਲਈ ਸਭ ਤੋਂ ਪਹਿਲੀ ਲੋੜ ਸੀ ਅਣਪੜ੍ਹਤਾ ਦੂਰ ਕਰਕੇ ਲੋਕਾਂ ਨੂੰ ਰਾਜਨੀਤਿਕ ਤੌਰ 'ਤੇ ਜਾਗ੍ਰਤ ਕਰਨ ਦੀ। ਦੇਸ਼ ਦੇ ਵੱਧ ਤੋਂ ਵੱਧ ਲੋਕਾਂ ਨੂੰ ਰੁਜ਼ਗਾਰ ਮੁਹੱਈਆ ਕਰਾਉਣ ਲਈ ਕਿਸੇ ਸੋਚੀ-ਸਮਝੀ, ਦੂਰਦਰਸ਼ੀ ਸਿੱਖਿਆ-ਨੀਤੀ ਦੀ ਲੋੜ ਸੀ, ਪਰ ਅਸੀਂ ਤਾਂ ਸਿੱਖਿਆ ਨੂੰ ਉਚਿਤ ਮਹੱਤਵ ਦੇਣ ਦੀ ਥਾਂ 'ਤੇ ਇਸਨੂੰ ਮਾਨਵ ਸੰਸਾਧਨ ਵਿਕਾਸ ਮੰਤਰਾਲੇ ਦਾ ਇਕ ਅੰਗ ਬਣਾ ਕੇ ਛੱਡ ਦਿੱਤਾ।

ਅੰਗਰੇਜ਼ ਦੀ ਆਪਣੀ ਸਿੱਖਿਆ-ਨੀਤੀ ਸੀ। ਉਸਨੂੰ ਇਸ ਦੇਸ਼ ਦਾ ਰਾਜ-ਕਾਜ ਚਲਾਉਣ ਲਈ ਬਾਬੂਆਂ ਦੀ ਲੋੜ ਸੀ। ਜਿੰਨੀ ਕੁ ਲੋੜ ਸੀ, ਓਨੇ ਕੁ ਸਕੂਲ-ਕਾਲਜ ਉਸਨੇ ਖੋਲ੍ਹ ਛੱਡੇ ਸਨ। ਉਸਦਾ ਕੰਮ ਦਸਵੀਂ ਪਾਸ ਨਾਲ ਚੱਲ ਜਾਂਦਾ ਸੀ, ਇਸ ਲਈ ਉਹ ਬਹੁਤੇ ਕਾਲਜ ਨਹੀਂ ਖੋਲ੍ਹਦਾ ਸੀ। ਇਹੋ ਕਾਰਨ ਹੈ ਕਿ ਗ਼ੁਲਾਮ ਭਾਰਤ ਵਿਚ ਬੇਰੁਜ਼ਗਾਰੀ ਦੀ ਸਮੱਸਿਆ ਨਹੀਂ ਸੀ। ਦਸਵੀਂ ਪਾਸ ਕਰਕੇ ਲੋਅਰ ਡਿਵੀਜ਼ਨ ਕਲਰਕ ਦੀ ਨੌਕਰੀ ਮਿਲ ਜਾਂਦੀ ਸੀ।

ਸਿੱਖਿਆ-ਨੀਤੀ ਦੀ ਅਣਹੋਂਦ ਕਾਰਨ ਭਾਰਤ ਨੇ ਸਾਖਰਤਾ ਅਤੇ ਵਿਦਿਆ ਵਿਚਲੇ ਅੰਤਰ ਨੂੰ ਸਮਝਣ ਦੀ ਲੋੜ ਵੀ ਮਹਿਸੂਸ ਨਹੀਂ ਕੀਤੀ। ਆਜ਼ਾਦ ਭਾਰਤ ਵਿਚ ਇਕ ਹੜ੍ਹ ਜਿਹਾ ਆ ਗਿਆ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਦਾ। ਲੋਕਾਂ ਨੂੰ ਜਿਸ ਪਾਸਿਓਂ ਰੋਜ਼ੀ-ਰੋਟੀ ਜੁੜਦੀ ਨਜ਼ਰ ਆਈ, ਇਕ ਹੇੜ੍ਹ ਉਧਰ ਨੂੰ ਤੁਰ ਪਈ। ਸਿੱਟੇ ਵਜੋਂ ਇੰਜੀਨੀਅਰਾਂ, ਡਾਕਟਰਾਂ, ਵਕੀਲਾਂ, ਅਧਿਆਪਕਾਂ ਆਦਿ ਦਾ ਹੜ੍ਹ ਜਿਹਾ ਆ ਗਿਆ। ਕਚਹਿਰੀਆਂ ਵਿਚ ਵਕੀਲਾਂ ਦੇ ਬੈਠਣ ਲਈ ਥਾਂ ਘਟ ਗਈ। ਇੰਜੀਨੀਅਰ ਵਿਹਲੇ ਫਿਰਨ ਲੱਗੇ। ਐਮ. ਡੀ. ਡਾਕਟਰ ਪ੍ਰਾਈਵੇਟ ਪ੍ਰੈਕਟਿਸ ਵੱਲ ਤੁਰ ਪਏ। ਅਧਿਆਪਕਾਂ ਨੇ ਸਿੱਖਿਆ ਦੀਆਂ ਦੁਕਾਨਾਂ ਖੋਲ੍ਹ ਲਈਆਂ। ਹੁਣ ਅੰਨ੍ਹੀ ਦੌੜ ਲੱਗੀ ਹੋਈ ਹੈ ਐਮ. ਬੀ. ਏ. ਦੀ। ਇਸਦਾ ਭੋਗ ਵੀ ਛੇਤੀ ਹੀ ਪੈ ਜਾਣਾ ਹੈ।

ਅੰਗਰੇਜ਼ਾਂ ਵੇਲੇ ਸਕੂਲਾਂ ਵਿਚ ਜੋ ਕੁਝ ਪੜ੍ਹਾਇਆ ਜਾਂਦਾ ਸੀ, ਉਹ ਸਮੇਂ ਦੀ ਲੋੜ 'ਤੇ ਖਰਾ ਉਤਰਦਾ ਸੀ। ਅੰਗਰੇਜ਼ੀ ਰਾਜ ਅੰਦਰ ਸਕੂਲਾਂ ਵਿਚ ਜੋ ਵੀ ਭਾਸ਼ਾ ਪੜ੍ਹਾਈ ਜਾਂਦੀ ਸੀ, ਵਿਦਿਆਰਥੀ ਉਸ 'ਤੇ ਅਬੂਰ ਹਾਸਲ ਕਰਕੇ ਨਿਕਲਦੇ ਸਨ। ਪੁਰਾਣਾ ਅੱਠ ਪੜ੍ਹਿਆ ਬੰਦਾ ਵੀ ਸਹੀ ਵਿਆਕਰਣ ਜਾਣਦਾ ਸੀ, ਉਚਾਰਨ-ਸ਼ੁੱਧਤਾ ਦਾ ਕਾਇਲ ਸੀ, ਹਿਜੇ ਦਰੁਸਤ ਰੱਖਦਾ ਸੀ ਤੇ ਖੁਸ਼ਖ਼ੱਤੀ ਪ੍ਰਤੀ ਚੇਤੰਨ ਸੀ ਪਰ ਹੁਣ ਦੇ ਐਮ. ਏ., ਪੀ. ਐਚ. ਡੀ. ਵੀ ਇਹਨਾਂ ਗੁਣਾਂ ਤੋਂ ਸੱਖਣੇ ਹਨ।

ਕਿਸੇ ਨਹੀਂ ਸੋਚਿਆ ਕਿ ਅਸੀਂ ਕਿਉਂ ਖੋਲ੍ਹੀ ਜਾ ਰਹੇ ਹਾਂ ਧੜਾਧੜ ਮੈਡੀਕਲ ਕਾਲਜ, ਕੀ ਕਰਾਂਗੇ ਏਨੇ ਬੱਚਿਆਂ ਨੂੰ ਡਾਕਟਰ ਬਣਾ ਕੇ? ਕਿਉਂ ਖੋਲ੍ਹੀ ਜਾ ਰਹੇ ਹਾਂ ਨਿਤ-ਨਵੇਂ ਇੰਜੀਨੀਅਰਿੰਗ ਕਾਲਜ, ਕਿੱਥੇ ਖਪਾਵਾਂਗੇ ਏਨੇ ਇੰਜੀਨੀਅਰਾਂ ਨੂੰ? ਕਿਉਂ ਬਣਾਈ ਜਾ ਰਹੇ ਹਾਂ ਸਵੇਰੇ-ਸ਼ਾਮ ਦੇ ਡਬਲ ਸ਼ਿਫ਼ਟ ਲਾਅ ਕਾਲਜ, ਕੀ ਕਰਨਾ ਹੈ ਏਨੇ ਵਕੀਲ ਬਣਾ ਕੇ? ਤੇ ਜੋ ਕੁਝ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਵਿਚ ਪੜ੍ਹਾ ਰਹੇ ਹਾਂ, ਕਿੰਨੀ ਕੁ ਸਾਰਥਕ ਸਿੱਧ ਹੋ ਰਹੀ ਹੈ ਉਹ ਪੜ੍ਹਾਈ? ਅੰਗਰੇਜ਼ ਵਾਲੀ ਲੋੜ ਆਜ਼ਾਦ ਹੋਣ ਦੇ ਦਿਨ ਹੀ ਮੁੱਕ ਗਈ ਸੀ ਪਰ ਅਸੀਂ ਅਜੇ ਵੀ ਪਰੰਪਰਾ ਦੀ ਉਸੇ ਲੀਕ 'ਤੇ ਤੁਰੀ ਜਾ ਰਹੇ ਹਾਂ।

ਪੱਕੇ ਪੈਰੀਂ ਹੋ ਕੇ ਆਪਣੀ ਸਿੱਖਿਆ-ਨੀਤੀ ਬਣਾਉਣ ਦੀ ਥਾਂ ਅਸੀਂ ਤਜਰਬੇ ਹੀ ਕਰੀ ਜਾ ਰਹੇ ਹਾਂ ਸਿੱਖਿਆ ਨਾਲ। ਕਦੀ ਮੈਟ੍ਰਿਕ ਤੇ ਫਿਰ ਹਾਇਰ-ਸੈਕੰਡਰੀ, ਕਦੀ ਪ੍ਰੀ ਯੂਨੀਵਰਸਿਟੀ ਤੇ ਫਿਰ +2, ਕਦੀ ਐਫ਼. ਏ.-ਬੀ. ਏ. ਤੇ ਫਿਰ ਟੀ. ਡੀ. ਸੀ.। ਕੀ ਕਰੀ ਜਾ ਰਹੇ ਹਾਂ ਅਸੀਂ? ਕਿਉਂ ਕਰੀ ਜਾ ਰਹੇ ਹਾਂ? ਪਹਿਲਾਂ ਮੈਟ੍ਰਿਕ ਕਰਕੇ ਬੱਚਾ ਚੌਹਾਂ ਸਾਲਾਂ ਵਿਚ ਬੀ. ਏ. ਕਰ ਲੈਂਦਾ ਸੀ। ਅਸੀਂ ਆਪਣਾ ਨਵਾਂ ਤਰੀਕਾ ਉਲੀਕਿਆ ਤੇ ਚਾਰ ਸਾਲਾਂ ਨੂੰ ਪੰਜ ਸਾਲਾਂ ਵਿਚ ਤਬਦੀਲ ਕਰ ਦਿੱਤਾ। ਕੀ ਸਰਿਆ ਦੇਸ਼ ਦਾ ਇਸ ਤਬਦੀਲੀ ਨਾਲ? ਸਾਰੇ ਦੇਸ਼ ਦੇ ਬੱਚਿਆਂ ਦਾ ਇਕ ਸਾਲ ਹੋਰ ਖ਼ਰਾਬ ਕਰ ਦਿੱਤਾ। ਮਾਪਿਆਂ ਸਿਰ ਇਕ ਸਾਲ ਦਾ ਖਰਚਾ ਹੋਰ ਵਧਾ ਦਿੱਤਾ। ਕਦੀ ਪੰਜਵੀਂ ਜਮਾਤ ਤੋਂ ਸ਼ੁਰੂ ਹੁੰਦੀ ਸੀ ਅੰਗਰੇਜ਼ੀ, ਹੁਣ ਪਹਿਲੀ ਜਮਾਤ ਤੋਂ ਹੀ ਸ਼ੁਰੂ ਕਰ ਦਿੱਤੀ ਹੈ। ਰਾਜ ਸਰਕਾਰਾਂ ਨੇ ਅੰਗਰੇਜ਼ੀ ਨੂੰ ਤਿਆਗ ਕੇ ਮਾਤ-ਭਾਸ਼ਾ ਨੂੰ ਸਰਕਾਰੀ ਭਾਸ਼ਾ ਬਣਾ ਲਿਆ ਹੈ ਤੇ ਅਸੀਂ ਮੁਹਾਰਤ ਦੇਈ ਜਾ ਰਹੇ ਹਾਂ


Namdhari Elibrary NamdhariElibrary@gmail.com

ਉਸ ਭਾਸ਼ਾ ਦੀ ਜੋ ਦੇਸ਼ ਦੇ ਕਿਸੇ ਵੀ ਰਾਜ ਦੀ ਸਰਕਾਰੀ ਜਾਂ ਗ਼ੈਰ-ਸਰਕਾਰੀ ਭਾਸ਼ਾ ਨਹੀਂ ਹੈ।

ਲੋੜ ਹੈ ਸਕੂਲ ਦੀਆਂ ਮੁੱਢਲੀਆਂ ਕਲਾਸਾਂ ਵਿਚ ਵਿਦਿਆਰਥੀ ਦੀ ਰੁਚੀ ਤੇ ਉਸਦੀ ਪ੍ਰਤਿਭਾ ਤਲਾਸ਼ ਕਰਨ ਦੀ। ਛੋਟੀ ਉਮਰੇ ਹੀ ਬੱਚੇ ਨੂੰ ਉਸਦੀ ਰੁਚੀ ਦੇ ਵਿਸ਼ੇ ਵੱਲ ਤੋਰ ਦਿੱਤਾ ਜਾਵੇ ਤਾਂ ਉਹ ਛੇਤੀ ਹੀ ਉਸ ਵਿਚ ਨਿਪੁੰਨਤਾ ਹਾਸਲ ਕਰ ਸਕਦਾ ਹੈ। ਦੁਰਭਾਗਵਸ ਸਾਡੇ ਬੱਚੇ ਪੜ੍ਹੀ ਜਾ ਰਹੇ ਹਨ ਉਹ ਸਭ ਕੁਝ, ਜੋ ਸ਼ਾਇਦ ਉਹਨਾਂ ਦੇ ਕਦੀ ਕੰਮ ਨਹੀਂ ਆਉਣਾ ਹੈ। ਮਾਪੇ ਉਦੋਂ ਤਕ ਕੁੜੀਆਂ ਨੂੰ ਪੜ੍ਹਾਈ ਜਾਂਦੇ ਹਨ, ਜਦੋਂ ਤਕ ਉਸਦੇ ਲਈ ਵਰ ਨਹੀਂ ਲੱਭ ਲੈਂਦੇ। ਕੁਝ ਵੀ ਪੜ੍ਹੀ ਜਾਵੇ, ਆਹਰੇ ਲੱਗੀ ਰਹੇ। ਇਹੋ ਮਾਨਸਿਕਤਾ ਹੈ ਮਾਪਿਆਂ ਦੀ। ਮੁੰਡੇ ਪੜ੍ਹੀ ਜਾ ਰਹੇ ਹਨ ਕਿਉਂਕਿ ਪੜ੍ਹਾਈ ਛੱਡ ਦਿੱਤੀ ਤਾਂ ਪਿਓ ਦੇ ਕਿੱਤੇ ਵਿਚ ਜਾ ਰਲਣਾ ਪਵੇਗਾ, ਜਿਸਦੇ ਲਈ ਉਹ ਮਾਨਸਿਕ ਤੌਰ 'ਤੇ ਤਿਆਰ ਨਹੀਂ ਹਨ। ਪਿਤਾ-ਪੁਰਖੀ ਕਿੱਤੇ ਤੋਂ ਉਨ੍ਹਾਂ ਨੂੰ ਉਪਰਾਮ ਵੀ ਪੜ੍ਹਾਈ ਨੇ ਹੀ ਕੀਤਾ ਹੈ। ਪੜ੍ਹਾਈ ਦੁਆਰਾ ਵਿਅਕਤਿੱਤਵ ਦੇ ਵਿਕਾਸ ਤੋਂ ਮੈਨੂੰ ਇਨਕਾਰ ਨਹੀਂ, ਪਰ ਜੇਕਰ ਬੱਚੇ ਨੇ ਐਲ. ਐਲ. ਬੀ. ਕਰਕੇ ਢਾਬਾ ਖੋਲ੍ਹਿਆ ਹੈ ਤਾਂ ਉਸਦੇ ਕਾਨੂੰਨ ਪੜ੍ਹਣ 'ਤੇ ਤਿੰਨ ਕੀਮਤੀ ਵਰ੍ਹੇ ਗਾਲਣ ਦੀ ਕੋਈ ਤੁਕ ਮੈਨੂੰ ਸਮਝ ਨਹੀਂ ਆ ਰਹੀ ਹੈ।

ਇਹੋ ਨੀਤੀ ਦੀ ਅਣਹੋਂਦ ਹੈ। ਇਸੇ ਲਈ ਮੈਂ ਸਿੱਖਿਆ-ਨੀਤੀ ਦੇ ਬਣਾਉਣ 'ਤੇ ਜ਼ੋਰ ਦੇ ਰਿਹਾ ਹਾਂ ਕਿ ਰਾਸ਼ਟਰੀ ਪੱਧਰ 'ਤੇ ਨਿਰਣਾ ਕੀਤਾ ਜਾਵੇ ਕਿ ਸਾਖਰਤਾ ਲਈ ਕਿਥੋਂ ਤਕ ਪੜ੍ਹਨਾ ਹੈ, ਸਖਸ਼ੀਅਤ ਦੇ ਵਿਕਾਸ ਲਈ ਕਿਸ ਹਦ ਤਕ ਪੜ੍ਹਾਈ ਜ਼ਰੂਰੀ ਹੈ ਤੇ ਰੋਜ਼ੀ-ਰੋਟੀ ਲਈ ਕਿਹੋ ਜਿਹੀ ਪੜ੍ਹਾਈ ਪੜ੍ਹਣੀ ਹੈ। ਜੇਕਰ ਤੁਹਾਡੇ ਪਾਸ ਨੌਕਰੀਆਂ ਨਹੀਂ ਹਨ ਤਾਂ ਨੌਕਰੀਆਂ ਲਈ ਅੰਨ੍ਹੇਵਾਹ ਪੜ੍ਹਾਈ ਜਾਣ ਦੀ ਕੀ ਲੋੜ ਹੈ? ਬੱਚੇ ਦੀ ਮਾਨਸਿਕਤਾ ਨੂੰ ਹੀ ਕਿਉਂ ਮੋੜਿਆ ਜਾਵੇ ਨੌਕਰੀ ਵੱਲ? ਸਕੂਲੀ ਜੀਵਨ ਵਿਚ ਹੀ ਉਸਨੂੰ ਉਸਦੇ ਹੱਥਾਂ ਦਾ ਹੁਨਰ ਲੱਭ ਦਿੱਤਾ ਜਾਵੇ ਤੇ ਉਸਨੂੰ ਉਸ ਹੁਨਰ ਦੀ ਸਾਧਨਾ ਵੱਲ ਤੋਰ ਦਿੱਤਾ ਜਾਵੇ।

*੧੬੯, ਸੈਕਟਰ-੧੨*
*ਪੰਚਕੂਲਾ-੧੩੪੧੦੯*

# ਜਪੁਜੀ ਸਾਹਿਬ ਅਤੇ ਸੁਖਮਣੀ ਸਾਹਿਬ ਦਾ ਉਰਦੂ ਤਰਜਮਾ

ਭਾਰਤ ਪਾਕਿ ਵੰਡ ਤੋਂ ਪਹਿਲਾਂ ਜਪੁਜੀ ਸਾਹਿਬ ਅਤੇ ਸੁਖਮਣੀ ਦੀਆਂ ਬਾਣੀਆਂ ਦਾ ਉਰਦੂ ਵਿਚ ਤਰਜਮਾ (ਆਸਾਨ ਉਰਦੂ ਨਜ਼ਮ ਮੇਂ) ਖਾਨ ਬਹਾਦਰ ਖਵਾਜਾ ਦਿਲ ਮੁਹੰਮਦ ਸਾਹਿਬ ਐਮ. ਏ. ਨੇ ਕੀਤਾ ਸੀ ਜਿਸ ਦੀ ਪ੍ਰਮੁੱਖ ਸਿੱਖ ਅਤੇ ਗੈਰ ਸਿੱਖ ਵਿਦਵਾਨਾਂ ਵੱਲੋਂ ਰਜਵੀਂ ਪਰਸੰਸਾ ਕੀਤੀ ਗਈ ਸੀ। ਇਸ ਅਨੁਵਾਦ ਨੂੰ ਪੁਸਤਕ ਰੂਪ ਵਿਚ ਵੀ ਇਕ ਤੋਂ ਵੱਧ ਵਾਰ ਛਾਪਿਆ ਗਿਆ ਸੀ ਅਤੇ ਇਸ ਅਨੁਵਾਦ ਕਾਰਨ ਖਵਾਜਾ ਸਾਹਿਬ ਨੂੰ ਭਾਰੀ ਪਰਸੰਸਾ ਅਤੇ ਇਨਾਮ ਦਿਤੇ ਗਏ ਸਨ। ਅਸੀਂ ਵਰਿਆਮ ਦੇ ਕਾਲਮਾਂ ਵਿਚ ਇਹ ਅਨੁਵਾਦ ਛਾਪਣ ਦੀ ਖੁਸ਼ੀ ਲੈ ਰਹੇ ਹਾਂ। ਖਾਨ ਬਹਾਦਰ ਖਾਵਾਜ ਦਿਲ ਮੁਹੰਮਦ ਸਾਹਿਬ ਐਮ.ਏ. ਸਬ ਰਜਿਸਟਰਾਰ ਲਾਹੌਰ, ਫੈਲੋ ਪੰਜਾਬ ਯੂਨੀਵਰਸਿਟੀ, ਲਾਹੌਰ ਇਪਰੂਵਮੈਂਟ ਟਰੱਸਟ ਦੇ ਮੈਂਬਰ ਅਤੇ ਇਸਲਾਮੀਆਂ ਕਾਲਜ ਲਾਹੌਰ ਦੇ ਪ੍ਰਿੰਸੀਪਲ ਜਿਹੇ ਵੱਕਾਰੀ ਅਹੁਦਿਆਂ ਤੇ ਰਹੇ ਸਨ। ਉਹ ਲਿਖਦੇ ਹਨ ਕਿ ਉਹਨਾਂ ਦਾ ਮੰਤਵ ਹੈ ਕਿ "ਇਸ ਮੁਕੱਦਸ ਨਜ਼ਮ ਔਰ ਪਿਆਰੇ ਕਲਾਮ ਕੋ ਸਿੱਖ ਸਾਹਿਬਾਨ ਕੇ ਇਲਾਵਾ ਦੀਗਰ ਉਰਦੂਦਾਨ ਹਜ਼ਰਾਤ, ਹਿਦੂ ਮਸਲਿਮ ਈਸਾਈ ਵਗੈਰਾ ਭੀ ਪੜ੍ਹੇ..."

ਜ਼ਮਾਨਾ ਬਹੁਤ ਬਦਲ ਚੁੱਕਾ ਹੈ। ਖਾਨ ਬਹਾਦਰ ਸਾਹਿਬ ਤਾਂ ਸਿੱਖਾਂ ਤੋਂ ਇਲਾਵਾ ਹੋਰ ਹਜ਼ਰਾਤ ਨੂੰ ਇਹਨਾਂ ਬਾਣੀਆਂ ਦਾ ਤਰਜਮਾ ਪੜ੍ਹਾਉਣਾ ਚਾਹੁੰਦੇ ਸਨ। ਹੁਣ ਤਾਂ ਉਲਟਾਂ ਸਿੱਖਾਂ ਜਾਂ ਪੰਜਾਬੀਆਂ ਨੂੰ ਵੀ ਗੁਰਬਾਣੀ ਦੇ ਕਿਸੇ ਉਰਦੂ ਰੂਪ ਦੀ ਜਾਣਕਾਰੀ ਵੀ ਦੁਰਲਭ ਹੈ। ਸਾਡਾ ਉਦੇਸ਼ ਤਾਂ ਬੜਾ ਨਿਰਮਲ ਅਤੇ ਨੇਕ ਹੈ ਸੋ ਅਸੀਂ ਪਾਠਕਾਂ ਦੀ ਨਜ਼ਰ ਗੁਰਮੁਖੀ ਅੱਖਰਾਂ ਵਿਚ ਇਹ ਪਾਵਣ ਉਰਦੂ ਅਨੁਵਾਦ ਲੜੀਵਾਰ ਪੇਸ਼ ਕਰ ਰਹੇ ਹਾਂ। ਵਰਿਆਮ ਦੇ ਪਰਮ ਮਿਤਰ, ਸਹਿਯੋਗੀ ਸੰਤ ਸਾਧਾ ਸਿੰਘ ਪ੍ਰਧਾਨ ਨਾਮਧਾਰੀ ਗੁਰਦਵਾਰਾ ਨਾਮਧਾਰੀ ਕਾਲੋਨੀ ਰਮੇਸ਼ ਨਗਰ ਦਿਲੀ ਦੀ ਪ੍ਰੇਰਨਾ ਅਤੇ ਸਹਿਯੋਗ ਨਾਲ ਇਹ ਕ੍ਰਿਤ ਛੱਪ ਰਹੀ ਹੈ।

*—ਜਗਦੀਸ਼ ਸਿੰਘ ਵਰਿਆਮ*



Namdhari Elibrary NamdhariElibrary@gmail.com

# ਜਪੁਜੀ

## ਮੂਲ ਪਾਠ

ੴ ਸਤਿਨਾਮ ਕਰਤਾ ਪੁਰਖੁ ਨਿਰਭਉ ਨਿਰਵੈਰ
ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ।

॥ ਜਪੁ ॥
ਆਦਿ ਸਚੁ ਜੁਗਾਦਿ ਸਚੁ॥
ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥ ੧॥

ਸੋਚੈ ਸੋਚਿ ਨ ਹੋਵਈ
ਜੇ ਸੋਚੀ ਲਖ ਵਾਰ।
ਚੁਪੈ ਚੁਪ ਨ ਹੋਵਈ
ਜੇ ਲਾਇ ਰਹਾ ਲਿਵਤਾਰ।
ਭੁਖਿਆ ਭੁਖ ਨ ਉਤਰੀ
ਜੇ ਬੰਨਾ ਪੁਰੀਆ ਭਾਰ।
ਸਹਸ ਸਿਆਣਪਾ ਲਖ ਹੋਹਿ
ਤ ਇਕ ਨ ਚਲੈ ਨਾਲਿ।
ਕਿਵ ਸਚਿਆਰਾ ਹੋਈਐ
ਕਿਵ ਕੂੜੈ ਤੁਟੈ ਪਾਲਿ॥
ਹੁਕਮਿ ਰਜਾਈ ਚਲਣਾ
ਨਾਨਕ ਲਿਖਿਆ ਨਾਲਿ॥ ੧ ॥

ਹੁਕਮੀ ਹੋਵਨਿ ਆਕਾਰ
ਹੁਕਮੁ ਨ ਕਹਿਆ ਜਾਈ।
ਹੁਕਮੀ ਹੋਵਨਿ ਜੀਅ
ਹੁਕਮਿ ਮਿਲੈ ਵਡਿਆਈ
ਹੁਕਮੀ ਉਤਮੁ ਨੀਚੁ
ਹੁਕਮਿ ਲਿਖਿ ਦੁਖ ਸੁਖ ਪਾਈਅਹਿ।
ਇਕਨਾ ਹੁਕਮੀ ਬਖਸੀਸ
ਇਕਿ ਹੁਕਮੀ ਸਦਾ ਭਵਾਈਅਹਿ
ਹੁਕਮੈ ਅੰਦਰਿ ਸਭੁ ਕੋ
ਬਾਹਰਿ ਹੁਕਮ ਨ ਕੋਇ
ਨਾਨਕ ਹੁਕਮੈ ਜੇ ਬੁਝੈ
ਤ ਹਉਮੈ ਕਹੈ ਨ ਕੋਇ ॥੨॥

## ਉਰਦੂ ਵਿਚ ਤਰਜਮਾ

ਏਕ ਓਅੰਕਾਰ ਖ਼ੁਦਾ ਹੈ ਵਾਹਦ
ਸਚਾ ਜਿਸ ਕਾ ਨਾਮ
ਕਰਤਾ ਧਰਤਾ ਦੁਨੀਆ ਕਾ
ਬੇ ਡਰ ਬੇਲਾਗ ਰਾਮ
ਮੌਤ ਸੇ ਬਾਲਾ ਪਾਕ ਜਨਮ ਸੇ
ਕਾਇਮ ਅਪਣੇ ਆਪ
ਅਪਨੇ ਗੁਰ ਕੀ ਰਹਿਮਤ ਸੇ
ਤੂੰ ਨਾਮ ਇਸੀ ਕਾ ਜਾਪ

ਸੱਚਾ ਰੋਜ਼ੇ ਅਜ਼ਲ ਸੇ ਪਹਿਲੇ
ਸੱਚਾ ਰੋਜ਼ੇ ਅਜ਼ਲ ਬੀ ਵੋਹ
ਸੱਚ ਹੈ ਵੋਹ ਆਜ ਬੀ ਨਾਨਕ
ਸੱਚਾ ਹੋ ਗਾ ਕਲ ਬੀ ਵੋਹ

(੧)

ਸੋਚ ਕੀਏ ਕਬ ਸੋਚ ਮੇਂ ਆਏ
ਸੋਚ ਜੋ ਲਾਖੋਂ ਬਾਰ ਕਰੇਂ
ਚੁੱਪ ਰਹਿਣੇ ਸੇ ਮਨ ਕੱਬ ਚੁੱਪ ਹੋ
ਚੁੱਪਕੇ ਧਿਆਨ ਹਜ਼ਾਰ ਕਰੇਂ
ਭੂਖੇ ਰਹਿ ਕਰ ਭੂਖ ਨ ਜਾਏ
ਬਾਂਧ ਕੇ ਗੋ ਕੁਲ ਦੁਨੀਆ ਲਾਏ
ਲਾਖ ਹਜ਼ਾਰ ਕਰੇਂ ਚਤੁਰਾਈ
ਏਕ ਭੀ ਸਾਥ ਨਾ ਲੇਕਰ ਜਾਏਂ
ਝੂਟ ਕਾ ਪਰਦਾ ਚਾਕ ਹੋ ਕਿਉਂਕਰ
ਸੱਚ ਵਾਲੇ ਬਨ ਜਾਏਂ ਹਮ
ਹੁਕਮ ਰਜ਼ਾ ਪਰ ਚਲਨਾ ਨਾਨਕ
ਸਾਥ ਯੇ ਲਿਖਾ ਲਾਏਂ ਹਮ

(੨)

ਹੁਕਮ ਸੇਂ ਬਨ ਬਨ ਜਾਏਂ ਸ਼ਕਲੇਂ ਹੁਕਮ ਕੇ ਭੇਦ ਨਾ ਖੋਲ੍ਹੇ ਜਾਏਂ
ਹੁਕਮ ਸੇ ਤਨ ਮੇਂ ਰੂਹੇਂ ਆਏਂ ਹੁਕਮ ਸੇ ਸ਼ਾਨ ਬੜਾਈ, ਪਾਏਂ
ਹੁਕਮ ਸੇ ਇਜ਼ਤ ਹੁਕਮ ਸੇ ਜ਼ਿਲਤ ਹੁਕਮ ਕਾ ਲਿਖਾ ਸੁੱਖ ਦੁੱਖ ਪਾਏਂ
ਹੁਕਮ ਸੇ ਇਕ ਪਰ ਬਖਸ਼ਿਸ ਹੋ ਇਕ ਹੁਕਮ ਸੇ ਚੱਕਰ ਖਾਤੇ ਜਾਏਂ
ਹੁਕਮ ਖੁਦਾ ਮੇਂ ਦੁਨੀਆ ਸਾਰੀ ਹੁਕਮ ਸੇ ਬਾਹਰ ਕੋਈ ਨਾ ਜਾਏ
ਹੁਕਮ ਖੁਦਾ ਜੋ ਸਮਝੇ ਨਾਨਕ ਅਪਨੀ ਹਓਮੈਂ ਆਪ ਮਿਟਾਏ



Namdhari Elibrary NamdhariElibrary@gmail.com

# ਅਕਾਲੀ ਕਾਂਗਰਸ ਗਠਬੰਧਨ ?

## ਪਹਿਲਾਂ ਕੀ ਕੀ ਹੋਇਆ

*—ਸ. ਤਰਲੋਚਨ ਸਿੰਘ*



ਬੜਾ ਅਜੀਬ ਸਿਰਲੇਖ ਹੈ ਤੇ ਹਰ ਪੜ੍ਹਨ ਵਾਲੇ ਨੂੰ ਹੈਰਾਨਗੀ ਹੋਵੇਗੀ। ਪਿਛਲੇ ੫੦ ਸਾਲ ਤੋਂ ਕਾਂਗਰਸ ਤੇ ਅਕਾਲੀ ਪਾਰਟੀ ਇਕ ਦੂਜੇ ਦੇ ਵਿਰੁੱਧ ਖੜ੍ਹੇ ਹਨ। ਪੰਜਾਬ ਵਿਚ ਇਹ ਦੋਵੇਂ ਮੁੱਖ ਪਾਰਟੀਆਂ ਹਨ ਅਤੇ ੧੯੬੬ ਵਿਚ ਜਦ ਪੰਜਾਬ ਵਿਚੋਂ ਹਰਿਆਣਾ ਅਤੇ ਹਿਮਾਚਲ ਨਿਕਲ ਗਏ ਉਦੋਂ ਤੋਂ ਅਕਾਲੀ ਕਈ ਵਾਰ ਰਾਜ ਕਰ ਚੁੱਕੇ ਹਨ। ਹੁਣ ਵੀ ਸ. ਪ੍ਰਕਾਸ਼ ਸਿੰਘ ਬਾਦਲ ਅਕਾਲੀ ਮੁੱਖ ਮੰਤਰੀ ਹਨ। ੧੯੬੬ ਤੋਂ ਪਹਿਲਾਂ ਵੀ ਅਕਾਲੀ ਮੁੱਖ ਵਿਰੋਧੀ ਪਾਰਟੀ ਰਹੀ ਹੈ। ਸਾਡੇ ਰਾਜਸੀ ਸਮਾਜ ਵਿਚ ਤਾਂ ਵਿਰੋਧ ਇਸ ਹੱਦ ਤੱਕ ਜਾਂਦਾ ਹੈ ਕਿ ਵੱਖ-ਵੱਖ ਪਾਰਟੀਆਂ ਦੇ ਲੀਡਰ ਸੋਸ਼ਲ ਸਮਾਗਮਾਂ ਤੇ ਵੀ ਇਕੱਠੇ ਨਹੀਂ ਹੁੰਦੇ।

ਇਤਿਹਾਸ ਗਵਾਹ ਹੈ ਕਿ ਕਈ ਵਾਰ ਅਕਾਲੀ ਤੇ ਕਾਂਗਰਸ ਇਕੱਠੇ ਹੋਏ। ਸਾਂਝੀਆਂ ਚੋਣਾਂ ਵੀ ਲੜੀਆਂ। ਇਕ ਸੁਰ ਵਾਂਗੂੰ ਪਾਕਿਸਤਾਨ ਬਨਣ ਤੋਂ ਪਹਿਲਾਂ ਲਾਹੌਰ ਵਿਚ ਅਕਾਲੀ ਤੇ ਕਾਂਗਰਸ ਪਾਰਟੀਆਂ ਨੇ ਮਿਲ ਕੇ ਕੋਲੀਸ਼ਨ ਸਰਕਾਰ ਬਣਾਈ। ਇਸ ਦੇ ਪਹਿਲੇ ਮੁੱਖ ਮੰਤਰੀ ਸਰ ਸਕੰਦਰ ਹਿਯਾਤ ਖਾਂ ਬਣੇ ਸਨ। ਫਿਰ ਸਰ ਖ਼ਿਜ਼ਰ ਹਯਾਤ ਖਾਂ ਬਣੇ। ਸ੍ਰੀ ਭੀਮ ਸੈਨ ਸਚਰ ਕਾਂਗਰਸ ਵਲੋਂ ਤੇ ਸ. ਬਲਦੇਵ ਸਿੰਘ ਤੇ ਫਿਰ ਸ. ਸੁਵਰਨ ਸਿੰਘ ਅਕਾਲੀ ਕੈਬਨਿਟ ਮੰਤਰੀ ਸਨ। ਦੋਵੇਂ ਪਾਰਟੀਆਂ ਇਕੱਠੇ ਹੋ ਕੇ ਮੁਸਲਮ ਲੀਗ ਵਿਰੁੱਧ ਲੜਦੀਆਂ ਸਨ। ਪਾਕਿਸਤਾਨ ਦੇ ਵਿਰੋਧ ਵਿਚ ਵੀ ਸਾਂਝਾ ਐਕਸ਼ਨ ਲੈਂਦੀਆਂ ਸਨ। ੧੯੪੬ ਵਿਚ ਜਦ ਪਹਿਲੀ ਸੈਂਟਰਲ ਸਰਕਾਰ ਬਣੀ ਤਾਂ ਪੰਡਤ ਜਵਾਹਰ ਲਾਲ ਨਹਿਰੂ ਪ੍ਰਧਾਨ ਮੰਤਰੀ ਬਣੇ। ਉਸ ਵਿਚ ਅਕਾਲੀ ਪਾਰਟੀ ਵਲੋਂ ਸ. ਬਲਦੇਵ ਸਿੰਘ ਡੀਫੈਂਸ ਮੰਤਰੀ ਸ਼ਾਮਿਲ ਹੋਏ। ੧੯੪੭ ਵਿਚ ਦੇਸ਼ ਆਜ਼ਾਦ ਹੋ ਗਿਆ। ਨਵੇਂ ਪੰਜਾਬ ਵਿਚ ਅਕਾਲੀ ਕਾਂਗਰਸ ਸਾਂਝੀ ਸਰਕਾਰ ਬਣੀ। ਡਾ. ਗੋਪੀ ਚੰਦ ਭਾਰਗਵ ਮੁੱਖ ਮੰਤਰੀ ਸਨ। ਸ. ਸਵਰਨ ਸਿੰਘ ਅਤੇ ਸਰਦਾਰ ਉਜਲ ਸਿੰਘ ਵਜ਼ੀਰ ਸਨ। ਪੰਜ ਸਾਲ ਦੋਵੇਂ ਪਾਰਟੀਆਂ ਇਕੱਠੀਆਂ ਰਹੀਆਂ। ਇਥੇ ਮੈਂ ਇਹ ਵੀ ਦਸ ਦੇਵਾਂ ਕਿ ੧੯੨੫ ਤੋਂ ਲੈ ਕੇ ੧੯੪੨ ਤਕ ਹਰ ਅਕਾਲੀ, ਕਾਂਗਰਸ ਪਾਰਟੀ ਦਾ ਮੈਂਬਰ ਵੀ ਰਹਿ ਸਕਦਾ ਸੀ। ਬਾਬਾ ਖੜਕ ਸਿੰਘ ਕਾਂਗਰਸ ਦੇ ਵੀ ਪ੍ਰਧਾਨ ਸਨ। ਮਾਸਟਰ ਤਾਰਾ ਸਿੰਘ ਕਾਂਗਰਸ ਪਾਰਟੀ ਦੀ ਕਮੇਟੀ ਜਿਸ ਨੇ ਕੌਮੀ ਝੰਡਾ ਤਰੰਗਾ ਚੁਣਿਆ ਉਸ ਦੇ ਮੈਂਬਰ ਸਨ। ਪੰਡਤ ਜਵਾਹਰ ਲਾਲ ਨਹਿਰੂ ਜੈਤੋ ਵਾਲੇ ਅਕਾਲੀ ਮੋਰਚੇ ਵਿਚ ਆ ਕੇ ਕੈਦ ਹੋਏ ਤੇ ਨਾਭਾ ਜੇਲ ਵਿਚ ਰਹੇ।

੧੯੫੨ ਵਿਚ ਜਦ ਪਹਿਲੀ ਵਾਰ ਭਾਰਤ ਵਿਚ ਚੋਣਾਂ ਹੋਈਆਂ ਅਕਾਲੀ ਪਾਰਟੀ ਵੱਖਰੇ ਹੋ ਕੇ ਚੋਣ ਲੜੀ। ਪੈਪਸੂ ਜੋ ਵੱਖਰੀ ਸਟੇਟ ਸੀ ਉਥੇ ਅਕਾਲੀ ਬਹੁਤ ਗਿਣਤੀ ਵਿਚ ਆ ਗਏ ਤੇ ਉਹਨਾਂ ਕੁਝ ਹੋਰ ਐਮ.ਐਲ.ਏ. ਨਾਲ ਲੈ ਕੇ ਆਪਣੀ ਸਰਕਾਰ ਬਣਾ ਲਈ। ਸ. ਗਿਆਨ ਸਿੰਘ ਰਾੜੇ ਵਾਲੇ ਮੁੱਖ ਮੰਤਰੀ ਬਣ ਗਏ।

ਕਾਂਗਰਸ ਪਾਰਟੀ ਨੇ ਮੁੜ ਵਿਚਾਰ ਕਰਕੇ ਅਕਾਲੀਆਂ ਨਾਲ ਸੁਲਾਹ ਕਰਨ ਦਾ ਫੈਸਲਾ ਕੀਤਾ। ਸਭ ਤੋਂ ਪਹਿਲਾਂ ਪੈਪਸੂ ਵਿਚ ਸ. ਗਿਆਨ ਸਿੰਘ ਰਾੜੇਵਾਲਾ ਗਰੁੱਪ ੧੯੫੬ ਵਿਚ ਕਾਂਗਰਸ ਵਿਚ ਸ਼ਾਮਲ ਹੋ ਗਿਆ। ਸ. ਭੁਪਿੰਦਰ ਸਿੰਘ ਮਾਨ, ਸ. ਕਰਤਾਰ ਸਿੰਘ ਦੀਵਾਨਾ, ਬਾਬਾ ਹਰਨਾਮ ਸਿੰਘ ਭੋਲਥ, ਸ. ਤੇਜਾ ਸਿੰਘ ਬਠਿੰਡਾ, ਸ. ਪ੍ਰੀਤਮ ਸਿੰਘ ਮੋਫਰ ਉਹਨਾਂ ਨਾਲ ਸਨ। ਇਸ ਤੋਂ ਤੁਰੰਤ ਪਿਛੋਂ ਸਾਰੀ ਅਕਾਲੀ ਪਾਰਟੀ ਨੇ ਵੀ ਕਾਂਗਰਸ ਨਾਲ ਸੁਲਾਹ ਕਰ ਲਈ। ਕਮਾਲ ਇਹ ਹੈ ਕਿ ਅਕਾਲੀ ਦਲ ਨੇ ੧੯੫੫ ਵਿਚ ਕਾਂਗਰਸ ਸੈਸ਼ਨ ਅੰਮ੍ਰਿਤਸਰ ਸਮੇਂ ਇਕ ਬੇਮਿਸਾਲ ਸ਼ਕਤੀ ਪ੍ਰਦਰਸ਼ਨ ਉਥੇ ਕੀਤਾ ਸੀ। ੧੯੫੬ ਵਿਚ ਪੈਪਸੂ ਟੁੱਟ ਗਿਆ ਤੇ ਪੰਜਾਬ ਵਿਚ ਸ਼ਾਮਲ ਕਰ ਦਿੱਤਾ ਗਿਆ। ਕਾਂਗਰਸ ਪਾਰਟੀ ਦੇ ਪ੍ਰਧਾਨ ਢੇਬਰ ਭਾਈ ਸਨ, ਉਹਨਾਂ ਨੇ ਲੰਬੀ ਗੱਲਬਾਤ ਪਿੱਛੋਂ ਅਕਾਲੀ ਕਾਂਗਰਸ ਸਮਝੌਤੇ ਦਾ ਐਲਾਨ ਕਰ ਦਿੱਤਾ। ਇਸ ਅਨੁਸਾਰ ੧੯੫੭ ਵਿਚ ਅਸੈਂਬਲੀ ਤੇ ਪਾਰਲੀਮੈਂਟ ਚੋਣਾਂ ਵਿਚ ਸਾਰੇ ਅਕਾਲੀ ਕਾਂਗਰਸ ਟਿਕਟ ਤੇ ਚੋਣ ਲੜੇ। ਸ. ਰਾੜੇਵਾਲਾ ਗਿਆਨੀ ਕਰਤਾਰ ਸਿੰਘ, ਸ. ਹੁਕਮ ਸਿੰਘ, ਸ. ਸਵਰਨ ਸਿੰਘ, ਸ. ਬਲਦੇਵ ਸਿੰਘ ਸ. ਪ੍ਰਕਾਸ਼ ਸਿੰਘ ਬਾਦਲ, ਸ. ਗੁਰਮੀਤ ਸਿੰਘ, ਸ. ਆਤਮਾ ਸਿੰਘ, ਸ. ਅਜੀਤ ਸਿੰਘ ਸਰਹੱਦੀ ਆਦਿ ਅਨੇਕਾਂ ਅਕਾਲੀ ਲੀਡਰ ਪਾਰਲੀਮੈਂਟ ਅਸੈਂਬਲੀ ਮੈਂਬਰ ਬਣੇ। ਸ. ਹੁਕਮ ਸਿੰਘ ਡਿਪਟੀ ਸਪੀਕਰ



Namdhari Elibrary NamdhariElibrary@gmail.com

ਲੋਕ ਸਭਾ ਬਣ ਗਏ। ਸ. ਰਾੜੇਵਾਲਾ ਤੇ ਗਿਆਨੀ ਕਰਤਾਰ ਸਿੰਘ ਪੰਜਾਬ ਦੇ ਮੰਤਰੀ ਬਣ ਗਏ। ਸ. ਪ੍ਰਤਾਪ ਸਿੰਘ ਕੈਰੋਂ ਮੁੱਖ ਮੰਤਰੀ ਸਨ। ਇਹ ਗਠਬੰਧਨ ਕਈ ਸਾਲ ਚਲਿਆ ਪਰ ਪੰਜਾਬੀ ਸੂਬਾ ਐਜੀਟੇਸ਼ਨ ਅਕਾਲੀ ਪਾਰਟੀ ਨੇ ਬੜੇ ਜ਼ੋਰ ਨਾਲ ਚਲਾ ਦਿੱਤੀ, ਇਸ ਕਾਰਨ ਅਕਾਲੀ ਕਾਂਗਰਸ ਤੋਂ ਦੂਰ ਹੋ ਗਏ। ੧੯੬੨ ਦੀਆਂ ਚੋਣਾਂ ਅਕਾਲੀ ਕਾਂਗਰਸ ਇਕ ਦੂਜੇ ਦੇ ਵਿਰੁੱਧ ਲੜੇ। ੧੯੬੬ ਵਿਚ ਪੰਜਾਬੀ ਸੂਬੇ ਦੀ ਮੰਗ ਮੰਨੀ ਗਈ ਤੇ ੧ ਨਵੰਬਰ ੧੯੬੬ ਨੂੰ ਹਰਿਆਣਾ ਅਤੇ ਹਿਮਾਚਲ ਵੱਖ ਸੂਬੇ ਹੋ ਗਏ। ੧੯੬੭ ਵਿਚ ਪੰਜਾਬ ਦੀਆਂ ਚੋਣਾਂ ਵਿਚ ਅਕਾਲੀ ਜਿਤ ਗਏ ਤੇ ਜਸਟਿਸ ਗੁਰਨਾਮ ਸਿੰਘ ਮੁੱਖ ਮੰਤਰੀ ਬਣੇ। ਕਾਂਗਰਸ ਨੇ ਇਕ ਸਾਲ ਪਿੱਛੋਂ ਅਕਾਲੀਆਂ ਵਿਚ ਫੁਟ ਪਵਾ ਦਿੱਤੀ ਸ. ਲਛਮਨ ਸਿੰਘ ਗਿਲ ਨੂੰ ਤੋੜਕੇ ਮੁੱਖ ਮੰਤਰੀ ਬਣਾ ਦਿੱਤਾ, ਕਾਂਗਰਸ ਨੇ ਮਦਦ ਵਾਪਸ ਲੈ ਲਈ ਤੇ ਮੁੜ ਚੋਣਾਂ ਹੋ ਗਈਆਂ। ਅਕਾਲੀ ਫਿਰ ਜਿੱਤੇ ਤੇ ਜਸਟਿਸ ਗੁਰਨਾਮ ਸਿੰਘ ਮੁੜ ਮੁੱਖ ਮੰਤਰੀ ਬਣ ਗਏ। ਇਹ ਸਰਕਾਰ ਛੇਤੀ ਡਿਗ ਗਈ ਤੇ ਸ. ਪ੍ਰਕਾਸ਼ ਸਿੰਘ ਬਾਦਲ ੧੯੭੦ ਵਿਚ ਮੁੱਖ ਮੰਤਰੀ ਬਣ ਗਏ। ਇਕ ਸਾਲ ਸਭ ਠੀਕ ਰਿਹਾ ਪਰ ਜਨਸੰਘ ਪਾਰਟੀ ਜੋ ਅਕਾਲੀਆਂ ਨਾਲ ਕੋਲੀਸ਼ਨ ਵਿਚ ਸੀ ਨੇ ਅਸਤੀਫਾ ਦੇ ਦਿੱਤਾ ਤੇ ਅਕਾਲੀ ਘੱਟ ਗਿਣਤੀ ਵਿਚ ਰਹਿ ਗਏ। ਕਾਨੂੰਨ ਅਨੁਸਾਰ ਬਾਦਲ ਸਾਹਿਬ ਮੁੱਖ ਮੰਤਰੀ ਨਹੀਂ ਸੀ ਰਹਿ ਸਕਦੇ।

ਇਹ ਐਸਾ ਅਵਸਰ ਆ ਗਿਆ ਕਿ ਅਕਾਲੀ ਕਾਂਗਰਸ ਸਬੰਧ ਮੁੜ ਇਕ ਸੁਰ ਹੋਣ ਦੇ ਆਸਾਰ ਬਣ ਗਏ। ਅਕਾਲੀਆਂ ਨੂੰ ਗਵਰਨਰ ਪਾਵਟੇ ਦੀ ਮੱਦਦ ਦੀ ਲੋੜ ਸੀ। ਉਸ ਲਈ ਸ੍ਰੀਮਤੀ ਇੰਦਰਾ ਗਾਂਧੀ ਪ੍ਰਧਾਨ ਮੰਤਰੀ ਦੀ ਪ੍ਰਵਾਨਗੀ ਜ਼ਰੂਰੀ ਸੀ। ਅਕਾਲੀਆਂ ਨੇ ਸ. ਨਰਿਜਨ ਸਿੰਘ ਤਾਲਬ ਨੂੰ ਦਿੱਲੀ ਭੇਜਿਆ ਤੇ ਉਸਦੇ ਨਾਲ ਰਾਜਾ ਨਰਿਦਰ ਸਿੰਘ ਨਾਭਾ ਗਏ ਜੋ ਅਕਾਲੀ ਵਜ਼ੀਰ ਸਨ। ਇੰਦਰਾ ਗਾਂਧੀ ਬੜੀ ਸਿਆਣੀ ਸੀ। ਉਸਨੇ ਅਕਾਲੀਆਂ ਨੂੰ ਦਾਣਾ ਸੁਟਿਆ ਕਿ ਮੁੜ ਸੁਲਾਹ ਹੋ ਜਾਵੇ, ਗੱਲਬਾਤ ਜ਼ੋਰ ਨਾਲ ਚੱਲੀ। ਸ. ਆਤਮਾ ਸਿੰਘ ਸ. ਰਵੇਲ ਸਿੰਘ ਮੰਤਰੀ, ਸ. ਉਜਾਗਰ ਸਿੰਘ ਸੇਖਵਾਂ ਕਿਸੇ ਚੰਗੇ ਸਮਝੌਤੇ ਦੇ ਹੱਕ ਵਿਚ ਸਨ। ਪਾਰਲੀਮੈਂਟ ਦੀਆਂ ਚੋਣਾਂ ਹੋਣੀਆਂ ਸਨ, ਇਹ ਸੁਝਾ ਸ ਕਿ ਦੋਵੇਂ ਪਾਰਟੀਆਂ ਛੇ-ਛੇ ਸੀਟਾਂ ਲੈ ਲੈਣ ਤੇ ੧੩ਵੀਂ ਸੀਟ ਕੋਈ ਸਾਂਝਾ ਬੰਦਾ ਲੈ ਲਵੇ। ਬਾਦਲ ਸਾਹਿਬ ਆਪਣੇ ਸੁਭਾ ਅਨੁਸਾਰ ਹਰ ਗੱਲ ਸੰਤ ਫਤਹਿ ਸਿੰਘ ਤੇ ਛਡਦੇ ਸਨ। ਸ. ਆਤਮਾ ਸਿੰਘ ਸ. ਰਵੇਲ ਸਿੰਘ ਤੇ ਰਾਜਾ ਨਰਿਦਰ ਸਿੰਘ ਮੁਕਤਸਰ ਪਹੁੰਚੇ ਜਿਥੇ ਸੰਤ ਫਤਹਿ ਸਿੰਘ ਠਹਿਰੇ ਹੋਏ ਸਨ। ਸੰਤ ਨਾਲ ਗੱਲ ਹੋਈ ਉਹਨਾਂ ਸ. ਬਾਦਲ ਨੂੰ ਬੁਲਾਇਆ। ਬਾਦਲ ਸਾਹਿਬ ਨੇ ਸਾਰੀ ਗੱਲ ਸੰਤਾਂ ਤੇ ਛੱਡ ਦਿੱਤੀ। ਤੁਰੰਤ ਵਰਕਿੰਗ ਕਮੇਟੀ ਦੀ ਮੀਟਿੰਗ ਪਟਿਆਲਾ ਬੁਲਾ ਲਈ ਗਈ। ਮੀਟਿੰਗ ਵਿਚ ਕਈ ਮੈਂਬਰਾਂ ਨੇ ਸੁਲਾਹ ਦੀ ਗੱਲ ਕੀਤੀ, ਪਰ ਜਸਟਿਸ ਗੁਰਨਾਮ ਸਿੰਘ ਜਿਸਨੂੰ ਦੁਖ ਸੀ ਕਿ ਉਹਨਾਂ ਨੂੰ ਕੱਢਿਆ ਗਿਆ ਹੈ ਨੇ ਸੁਲਾਹ ਦੇ ਵਿਰੁੱਧ ਭਾਸ਼ਨ ਕਰ ਦਿੱਤਾ। ਸਾਡੇ ਸੁਭਾ ਵਿਚ ਇਕ ਕਮੀ ਹੈ ਜਦ ਕੋਈ ਵੰਗਾਰ ਕੇ ਕੁਝ ਕਹਿ ਦੇਵੇ ਹਰ ਕੋਈ ਚੜ੍ਹਤ ਦੀ ਗੱਲ ਕਰਦਾ ਹੈ ਕਿ ਕੀ ਅਸੀਂ ਡਰਦੇ ਹਾਂ। ਬਸ ਗੁਰਨਾਮ ਸਿੰਘ ਦੀ ਪਾਲਸੀ ਵਿਚ ਅਕਾਲੀ ਫਸ ਗਏ ਤੇ ਕਾਂਗਰਸ ਨਾਲ ਕੋਈ ਸੁਲਾਹ ਨਾ ਕਰਨ ਦਾ ਐਲਾਨ ਕਰ ਦਿੱਤਾ। ਇਸ ਸਾਰੀ ਵਾਰਤਾ ਦਾ ਚਸ਼ਮਦੀਦ ਗਵਾਹ ਰਾਜਾ ਨਰਿਦਰ ਸਿੰਘ ਨਾਭਾ ਹੈ ਉਸਨੂੰ ਆਪਣਾ ਬਿਆਨ ਰਿਕਾਰਡ ਕਰਵਾਉਣਾ ਚਾਹੀਦਾ ਹੈ ਤਾਂ ਜੋ ਇਤਿਹਾਸ ਵਿਚ ਠੀਕ ਰਿਕਾਰਡ ਜਾਵੇ। ਪਾਰਲੀਮੈਂਟ ਦੀ ਇਲੈਕਸ਼ਨ ਅਕਾਲੀ ਵੱਖਰੇ ਲੜੇ ਤੇ ੧੩ ਵਿਚੋਂ ਇਕ ਸੀਟ ਆਈ ਸ. ਗੁਰਦਾਸ ਸਿੰਘ ਬਾਦਲ ਜਿੱਤੇ। ਇਸ ਹਾਰ ਪਿੱਛੋਂ ੧੯੭੨ ਵਿਚ ਅਸੈਂਬਲੀ ਦੀਆਂ ਚੋਣਾਂ ਹੋਈਆਂ ਅਕਾਲੀ ਹਾਰ ਗਏ ਤੇ ਗਿਆਨੀ ਜ਼ੈਲ ਸਿੰਘ ਮੁੱਖ ਮੰਤਰੀ ਬਣ ਗਏ। ਗਿਆਨੀ ਜੀ ਨੇ ਅਕਾਲੀਆਂ ਨਾਲ ਚੰਗੇ ਸਬੰਧ ਰੱਖੇ। ੧੯੭੫ ਵਿਚ ਐਮਰਜੈਂਸੀ ਲੱਗੀ। ਗਿਆਨੀ ਜੀ ਸ. ਬਾਦਲ ਨੂੰ ਅੰਮ੍ਰਿਤਸਰ ਮਿਲੇ, ਮੋਰਚਾ ਨਾ ਲਾਉਣ ਦੀ ਅਪੀਲ ਕੀਤੀ, ਅਕਾਲੀ ਉਸੇ ਵੰਗਾਰ ਦੀ ਸ਼ੁਹਰਤ ਨੂੰ ਕਾਇਮ ਰੱਖਣ ਲਈ ਤੇ ਬਹਾਦਰੀ ਨੂੰ ਦਰਸਾਉਣ ਲਈ ਮੋਰਚਾ ਲਾ ਬੈਠੇ। ਇੰਦਰਾ ਗਾਂਧੀ ਪੱਕੇ ਤੌਰ ਤੇ ਦੁਸ਼ਮਣ ਬਣ ਗਈ। ੧੯੭੭ ਵਿਚ ਚੋਣਾਂ ਕਾਂਗਰਸ ਹਾਰ ਗਈ ਤੇ ਅਕਾਲੀ ਮੁੜ ਆ ਗਏ। ਬਾਦਲ ਮੁੱਖ ਮੰਤਰੀ ਬਣੇ। ੧੯੭੯ ਵਿਚ ਇੰਦਰਾ ਗਾਂਧੀ ਨੇ ਸ. ਖੁਸ਼ਵੰਤ ਸਿੰਘ ਰਾਹੀਂ ਮੁੜ ਸੁਲਾਹ ਦੀ ਪੇਸ਼ਕਸ਼ ਕੀਤੀ। ਸ. ਖੁਸ਼ਵੰਤ ਸਿੰਘ ਪਠਾਨਕੋਟ ਵਿਖੇ ਸ. ਬਾਦਲ ਨੂੰ ਮਿਲੇ, ਇੰਦਰਾ ਦਾ ਸੁਨੇਹਾ ਦਿੱਤਾ ਕਿ ਜਨਤਾ ਪਾਰਟੀ ਖ਼ਤਮ ਹੋ ਰਹੀ ਹੈ ਅਕਾਲੀ ਪੰਜਾਬ ਦੇ ਹਿਤ ਵਿਚ ਕਾਂਗਰਸ ਨਾਲ ਗਠਬੰਧਨ ਕਰਨ। ਪਰ ਸ. ਬਾਦਲ ਹਸ ਕੇ ਟਾਲ ਗਏ। ੧੯੮੦ ਵਿਚ ਇੰਦਰਾ ਗਾਂਧੀ ਹਨੇਰੀ ਵਾਂਗੂੰ ਆ ਗਈ, ਗਿਆਨੀ ਜ਼ੈਲ ਸਿੰਘ ਹੋਮ ਮਿਨਸਟਰ ਭਾਰਤ ਸਰਕਾਰ ਬਣ ਗਏ। ਉਹਨਾਂ ਭਜਨ ਲਾਲ ਜੋ ਜਨਤਾ ਪਾਰਟੀ ਦਾ ਮੁੱਖ ਮੰਤਰੀ ਸੀ ਨੂੰ ਕਾਂਗਰਸ ਵਿਚ ਸ਼ਾਮਲ ਕਰ ਦਿੱਤਾ। ੧੧ ਸਾਲ ਉਹ ਮੁੱਖ ਮੰਤਰੀ ਰਿਹਾ। ਉਹਨਾਂ ਸ. ਬਾਦਲ ਨੂੰ ਵੀ


Namdhari Elibrary NamdhariElibrary@gmail.com

ਕਿਹਾ ਅਤੇ ਬੜੀਆਂ ਦਲੀਲਾਂ ਦਿੱਤੀਆਂ ਪਰ ਕੋਈ ਨਤੀਜਾ ਨਾ ਨਿਕਲਿਆ। ਚੋਣਾਂ ਵਿਚ ਅਕਾਲੀ ਹਾਰ ਗਏ, ਦਰਬਾਰਾ ਸਿੰਘ ਮੁੱਖ ਮੰਤਰੀ ਬਣ ਗਏ। ਉਸ ਵਕਤ ਜੋ ਪੰਜਾਬ ਦੀ ਹਾਲਤ, ਖ਼ੂਨ ਖ਼ਰਾਬਾ ੧੯੮੦ ਤੋਂ ਪਿਛੋਂ ਹੋਇਆ, ਉਹ ਹਰ ਇਕ ਨੂੰ ਪਤਾ ਹੈ। ਕਦੇ ਅਸੀਂ ਇਹ ਤਸੱਵਰ ਨਹੀਂ ਕੀਤਾ ਜੇ ਅਕਾਲੀ ਕਾਂਗਰਸ ਗਠਬੰਧਨ ਰਹਿੰਦਾ ਤਾਂ ਕੀ ਇਹ ਮਾੜੇ ਹਾਲਾਤ ਵਾਪਰ ਸਕਦੇ ਸਨ ? ੧੯੮੨ ਵਿਚ ਗਿਆਨੀ ਜ਼ੈਲ ਸਿੰਘ ਦੀ ਰਾਸ਼ਟਰਪਤੀ ਦੀਆਂ ਚੋਣਾਂ ਵਿਚ ਅਕਾਲੀ ਸਿਆਣਪ ਕਰ ਗਏ ਵੋਟਾਂ ਉਸਨੂੰ ਪਾ ਗਏ। ਪਰ ਇਹ ਸਿਆਣਪ ਡਾਕਟਰ ਮਨਮੋਹਨ ਸਿੰਘ ਨੂੰ ਮਦਦ ਦੇਣ ਵਕਤ ਨਾ ਆ ਸਕੀ। ਆਮ ਸਿਆਸੀ ਵਿਚਾਰਵਾਨ ਇਹ ਲਿਖਦੇ ਰਹਿੰਦੇ ਹਨ ਕਿ ਡਾ. ਮਨਮੋਹਨ ਸਿੰਘ ਪ੍ਰਧਾਨ ਮੰਤਰੀ ਹੁੰਦਿਆਂ ਅਕਾਲੀਆਂ ਦੇ ਵਿਚਾਰ ਕਿਉਂ ਨਾ ਤਬਦੀਲ ਹੋ ਸਕੇ।

ਮੇਰੇ ਲੇਖ ਦਾ ਭਾਵ ਇਹ ਨਹੀਂ ਹੈ ਕਿ ਮੈਂ ਇਸ ਸੁਲਾਹ ਦੀ ਵਕਾਲਤ ਕਰ ਰਿਹਾ ਹਾਂ, ਪਰ ਕਦੇ ਸੋਚੋ ਜੋ ਖੇਤਰੀ ਪਾਰਟੀਆਂ ਹਨ ਉਹ ਆਪਣੀਆਂ ਪਾਲਸੀਆਂ ਬਦਲਦੀਆਂ ਰਹਿੰਦੀਆਂ ਹਨ। ਡੀ.ਐਮ.ਕੇ., ਏ.ਡੀ.ਐਮ.ਕੇ. ਹਰ ਵਾਰ ਕਾਂਗਰਸ ਨਾਲ ਗਏ। ਕਮਿਊਨਿਸਟ ਪਾਰਟੀ ਦਾ ਇਤਿਹਾਸ ਪੜ੍ਹ ਲਵੋ। ਮੁਸਲਮ ਲੀਗ ਪਾਰਟੀ ਕਾਂਗਰਸ ਨਾਲ ਹੈ।

ਸਿਆਸਤ ਵਿਚ ਪੱਕਾ ਵਿਰੋਦੀ ਕੋਈ ਨਹੀਂ ਹੁੰਦਾ। ਹਾਲਾਤ ਅਨੁਸਾਰ ਖੇਤਰੀ ਪਾਰਟੀਆਂ ਆਪਣੇ ਹਿਤ ਵਿਚ ਫੈਸਲੇ ਬਦਲਦੀਆਂ ਹਨ, ਕੋਈ ਧਾਰਮਿਕ ਲੜਾਈ ਨਹੀਂ ਹੈ। ਸਿਆਸਤ ਦੇ ਅਸੂਲ ਹੋਰ ਹਨ। ਭਾਜਪਾ ਨੇ ਮਾਇਆਵਤੀ ਨੂੰ ਮੁੱਖ ਮੰਤਰੀ ਬਣਾਇਆ ਹੁਣ ਦੁਸ਼ਮਣ ਹੈ। ਦੇਵ ਗੌੜੇ ਦੇ ਲੜਕੇ ਨੂੰ ਮੁੱਖ ਮੰਤਰੀ ਬਣਾਇਆ ਹੁਣ ਦੁਸ਼ਮਣ ਹੈ। ਨਵੀਨ ਪਟਨਾਇਕ ਨਾਲ ਪਹਿਲਾਂ ਸੁਲਾਹ ਹੁਣ ਭਾਜਪਾ ਨਾਲ ਲੜਾਈ। ਮਮਤਾ ਬੈਨਰਜੀ ਪਹਿਲਾਂ ਭਾਜਪਾ ਨਾਲ ਸੀ ਤੇ ਹੁਣ ਕਾਂਗਰਸ ਨਾਲ ਹੈ। ਇਹ ਸਾਰਾ ਕੁਝ ਸਿਖਣ ਦੀ ਲੋੜ ਹੈ। ਸਿਆਸਤ ਖੇਤਰੀ ਲਾਭ ਲਈ ਹੈ। ਹਠ ਧਰਮੀ ਨਾਲ ਲਾਭ ਨਹੀਂ ਮਿਲਦਾ। ਬਾਦਲ ਨੇ ੧੯੯੮ ਵਿਚ ਵਾਜਪਾਈ ਜੀ ਨਾਲ ਮਿਲ ਕੇ ਪੰਜਾਬ ਨੂੰ ਕਿੰਨਾ ਲਾਭ ਦਿੱਤਾ। ਸਿਆਸਤ ਵਿਚਾਰ ਵਟਾਂਦਰਾ ਮੰਗਦੀ ਹੈ। ਉਸ ਵਕਤ ਭਾਜਪਾ ਨਾਲ ਮਿਲਣਾਂ ਇਕ ਬਹੁਤ ਵੱਡੀ ਓਖਿਆਈ ਸੀ। ਇਹ ਸੱਚਾਈ ਹੈ ਕਿ ਖੇਤਰੀ ਪਾਰਟੀਆਂ ਦੇ ਜੋ ਲੀਡਰ ਸਮੇਂ ਸਿਰ ਦੂਰ ਅੰਦੇਸ਼ੀ ਨਾਲ ਫੈਸਲੇ ਲੈਂਦੇ ਹਨ ਉਹਨਾਂ ਨੂੰ ਕਾਮਯਾਬੀ ਮਿਲਦੀ ਹੈ।

*ਸਾਬਕਾ ਚੇਅਰਮੈਨ*
*ਘੱਟ ਗਿਣਤੀ ਕਮਿਸ਼ਨ, (ਭਾਰਤ ਸਰਕਾਰ)*

## ਕਵਿਤਾ ਲਈ/ *—ਪ੍ਰਿੰ. ਕਰਤਾਰ ਸਿੰਘ ਕਾਲੜਾ*



ਉਮਰਾਂ ਦਾ ਅਭਿਆਸ ਲੋੜੀਏ, ਕਵਿਤਾ ਲਈ
ਕੀਕਣ ਸੁੰਦਰ ਸ਼ਬਦ ਜੋੜੀਏ, ਕਵਿਤਾ ਲਈ
ਕਿਵੇਂ ਤਜਰੁਬੇ ਨੂੰ ਅਨੁਭਵ ਵਿਚ ਢਾਲੀਦਾ,
ਕਿਵੇਂ ਲਹੂ ਵਿਚ ਕਲਮ ਬੋੜੀਏ, ਕਵਿਤਾ ਲਈ
ਦੁਨੀਆਦਾਰੀ ਦੀ ਜੂਹ ਸੱਚ-ਮੁੱਚ ਛਣ ਜਾਵੇ,
ਕਿੰਞ ਲਾਲਚ ਤੋਂ ਮੁੱਖ ਮੋੜੀਏ, ਕਵਿਤਾ ਲਈ
ਕਿੰਞ ਕੁਰਬਾਨੀ ਦਾ ਜਜ਼ਬਾ ਪੈਦਾ ਕਰੀਏ,
ਦਿਲ ਦੀ ਬੋਟੀ ਕਿੰਞ ਤੋੜੀਏ, ਕਵਿਤਾ ਲਈ
ਮਨਮੁੱਖ ਮੁੜ ਗੁਰਮੁੱਖ ਆਤਮਾ ਬਣ ਜਾਵੇ,
ਮੋਹ ਤੋਂ ਮਨ ਨੂੰ ਕਿਵੇਂ ਹੋੜੀਏ, ਕਵਿਤਾ ਲਈ
ਆਖਣ ਨੂੰ ਤਾਂ ਸਭ ਸੌਖਾ ਹੈ 'ਕਾਲੜਿਆ'
ਆਪਣਾ ਬੇੜਾ ਕਿਵੇਂ ਬੋੜੀਏ। ਕਵਿਤਾ ਲਈ

## ਗ਼ਜ਼ਲਾਂ ਚਾਨਣੀਆਂ/ *—ਪ੍ਰਿੰ. ਕਰਤਾਰ ਸਿੰਘ ਕਾਲੜਾ*

ਇਹ ਗ਼ਜ਼ਲਾਂ ਚਾਨਣੀਆਂ, ਜੋ ਸਭ ਨੇ ਮਾਨਣੀਆਂ।
ਇਹ ਕਿਰਤੀ ਲੋਕਾਂ ਨੇ, ਝਟ-ਪਟ ਪਹਿਚਾਨਣੀਆਂ।
ਇਹਨਾਂ ਵਿਚ ਭਰੇ ਗਏ, ਕੁੱਲ ਰੰਗ ਯਥਾਰਥ ਦੇ,
ਇਹ ਜ਼ਾਲਮ ਹਾਕਮ ਦੇ, ਹੁਕਮਾਂ ਨੂੰ ਛਾਨਣੀਆਂ।
ਪ੍ਰਸ਼ੰਸਕ ਬਣੀਆਂ ਇਹ 'ਜੂਲੀਅਨ' ਅਸਾਂਜੇ'* ਦੀ,
ਇਹ 'ਅੰਕਲ ਸਾਮ' ਦੀਆਂ, ਨਾ ਬਨਣ ਦੀਵਾਨਣੀਆਂ।
ਹਨ ਅਜ਼ਲੀ ਸੋਝੀ ਦਾ, ਭਰਪੂਰ ਖਜ਼ਾਨਾ ਇਹ,
ਇਹ ਨਿਗਮ-ਅਗੰਮ ਦੀਆਂ ਸਭ ਬਾਤਾਂ ਜਾਨਣੀਆਂ।
ਇਹਨਾਂ 'ਚੋਂ ਲੱਭਦਾ ਹੈ, ਰਾਹ ਲੋਕ ਭਲਾਈ ਦਾ,
ਤਾਂ ਹੀ ਇਹ ਜਾਣਦੀਆਂ, ਕਰਨਾ ਕੁਰਬਾਨਣੀਆਂ।
ਇਹਨਾਂ ਵਿਚ ਭਰੀ ਪਈ ਲੇਖਕ ਦੀ ਰੂਹ ਸੁੱਚੀ,
ਤਾਂ ਹੀ ਇਹ ਜਨਤਾ ਤੋਂ ਨਾ ਹੋਣ ਬਿਗਾਨਣੀਆਂ।
'ਕਰਤਾਰ' ਹੀ ਇਹਨਾਂ ਦੀ, ਸੋਝੀ ਦਾ ਮਾਲਕ ਹੈ,
ਇਹ ਉੱਤਮ ਰਚਨਾ ਨੇ, ਹਨ ਗ਼ਜ਼ਲਾਂ ਚਾਨਣੀਆਂ।

* ਵਿਕੀਲੀਕਸ ਵੈਬਸਾਈਟ ਦਾ ਸਿਰਜਕ ਅਸਟ੍ਰੇਲੀਅਨ ਗਭਰੂ, ਜਿਸ ਦੁਆਰਾ ਦਿੱਤੀਆਂ ਸੂਚਨਾਵਾਂ ਨੇ ਸੰਸਾਰ ਦੇ ਬਹੁਤ ਸਾਰੇ ਨੇਤਾਵਾਂ ਦੀ ਨੀਂਦ ਹਰਾਮ ਕੀਤੀ ਹੋਈ ਹੈ।

*੨੯, ਵਾਟਰਵੇਲ ਬੌਲਿਵਰਡ*
*ਟੈਲਰਜ਼ ਹਿੱਲ-੩੦੩੭*
*ਵਿਕਟੋਰੀਆ, ਅਸਟ੍ਰੇਲੀਆ।*



Namdhari Elibrary NamdhariElibrary@gmail.com

# ਪੁਖਤਾ-ਮਹਿਲ, ਸੂਬਾ ਮਹਿਲ ਸਿੰਘ 'ਜੇਠ ਪੁਰਾ'

*—ਸੁਵਰਨ ਸਿੰਘ ਵਿਰਕ*

ਸਤਿਗੁਰੂ ਰਾਮ ਸਿੰਘ ਜੀ ਦੇ ਪਰਦੇਸ ਗਵਨ ਬਾਅਦ, ਨਾਮਧਾਰੀ ਪੰਥ ਉਪਰ ਸਖਤੀਆਂ ਦੇ ਪਹਾੜ ਟੁੱਟ ਪਏ ਸਨ। ਜਨਵਰੀ ੧੮੭੨ ਵਿਚ ਹੀ ਸਮੁੱਚੇ ਨਾਮਧਾਰੀ ਪੰਥ ਨੂੰ ਗੈਰ, ਕਾਨੂੰਨੀ ਸਮੁਦਾਇ ਘੋਸ਼ਿਤ ਕਰ ਕੇ, ਪੰਜ ਜਾਂ ਇਸ ਤੋਂ ਵਧ ਕੂਕਿਆਂ ਦੇ ਇਕੱਠੇ ਹੋਣ ਤੇ, ਕਾਨੂੰਨਨ ਰੋਕ ਲਾ ਦਿੱਤੀ ਗਈ ਸੀ। ਉਹਨਾਂ ਵਿਚੋਂ ਬਹੁਤ ਸਾਰੇ ਸਿੰਘ ਤਾਂ ਫਾਂਸੀ, ਤੋਪ ਦੁਆਰਾ ਸ਼ਹੀਦ ਕਰ ਦਿੱਤੇ ਗਏ। ਕਈ ਕਾਲੇ ਪਾਣੀ ਭੇਜ ਦਿੱਤੇ ਗਏ। ਕਈਆਂ ਦੇ ਘਰ ਘਾਟ ਜਾਇਦਾਦਾਂ ਜ਼ਬਤ ਕਰ ਲਈਆਂ ਗਈਆਂ। ਖ਼ਾਸ ਕਰਕੇ ਸ਼ਹੀਦੀ ਸਾਕੇ ਵਾਲੇ ਸਿੰਘਾਂ ਦੀਆਂ। ਭੈਣੀ ਸਾਹਿਬ ਗੁਰਦੁਆਰੇ ਦੇ ਬੂਹੇ ਅੱਗੇ ਅੱਠੇ ਪਹਿਰ ਪੁਲੀਸ ਚੌਕੀ ਤਾਇਨਾਤ ਕਰ ਦਿੱਤੀ। ਪਹਿਲਾਂ ਪੰਜ ਅਤੇ ਫਿਰ ਦਸ ਸਿੱਖ, ਅੱਠਾਂ ਪਹਿਰਾਂ ਵਿਚ ਡੇਰੇ ਦੇ ਅੰਦਰ ਜਾ ਕੇ ਗੁਰੂ ਹਰੀ ਸਿੰਘ ਜੀ ਦੇ ਦਰਸ਼ਨ ਕਰ ਸਕਦੇ ਸਨ। ਗੁਰੂ ਹਰੀ ਸਿੰਘ ਜੀ ਨੂੰ ਕਈ ਵਰ੍ਹੇ, ਆਪਣੀ ਸੰਗਤ ਨਾਲ ਰਾਬਤਾ ਕਾਇਮ ਕਰਨ ਦੇ ਬਹੁਤ ਘੱਟ ਮੌਕੇ ਮਿਲਦੇ ਸਨ। ਬਹੁਤ ਬਾਅਦ ਵਿਚ ਉਹ ਸਾਲ ਵਿਚ ਇਕ ਦੋ ਵੇਰ ਕੁਝ ਸਮੇਂ ਦੀ ਛੁੱਟੀ ਤੇ ਪੰਜਾਬ ਦੇ ਵੱਖ-ਵੱਖ ਖਿਤਿਆਂ ਵਿਚ ਜਾ ਸਕਦੇ ਸਨ। ਕੂਕਿਆਂ ਦੁਆਰਾ ਰੂਸ ਅਤੇ ਗੁਆਂਢੀ ਏਸ਼ੀਅਨ ਮੁਲਕਾਂ ਨਾਲ, ਦੇਸ਼ ਆਜ਼ਾਦੀ ਲਈ ਸਬੰਧ ਸਥਾਪਿਤ ਕਰਨ ਦੀ ਵਿਓਂ ਰਚਨਾ ਤੋਂ ਸਰਕਾਰ ਇਹਨਾਂ ਸਮਿਆਂ ਵਿਚ ਡਾਢੀ ਘਬਰਾਈ ਹੋਈ ਸੀ। ਅੰਗਰੇਜ਼ੀ ਸਰਕਾਰ ਦੀਆਂ ਨਜ਼ਰਾਂ ਵਿਚ ਸਾਰਾ ਨਾਮਧਾਰੀ ਪੰਥ "ਫਸਾਦੀਆਂ ਦਾ ਪੰਥ" ਸੀ ਅਤੇ ਇਸ ਦਾ ਹਰ ਹੀਲੇ ਵਸੀਲੇ ਖਾਤਮਾ, ਫਾਂਸੀ ਦੇ ਕੇ, ਤੋਪ ਨਾਲ ਉਡਾ ਕੇ, ਨਦੀ ਸਮੁੰਦਰ ਵਿਚ ਡੋਬ ਕੇ, ਬਰਤਾਨਵੀ ਸਰਕਾਰ ਦੀ ਘੋਸ਼ਿਤ ਨੀਤੀ ਸੀ, ਜਿਸ ਦਾ ਜ਼ਿਕਰ ਭਾਈ ਧਿਆਨ ਸਿੰਘ ਕਾਦਰਬਾਦੀ, ਸਮਕਾਲੀ ਲੇਖਕ ਇਉਂ ਕਰਦਾ ਹੈ:

"ਜੌਂ ਜਬ ਆਇ ਉਤਾਰੀ ਫੌਜ॥
ਸ੍ਰੀ ਗੁਰੂ ਸਦਾ ਅਨੰਦ ਨਿਜ ਮੌਜ॥
ਕਹੋ ਲੂਟ ਲੇਹੁ ਇਨ ਡੇਰਾ॥
ਸਿੰਘਨ ਡਾਲਾ ਜਦਲ* ਘਨੇਰਾ॥੯॥
ਕੂਕਾ ਸਿਖ ਨਾ ਕੋਈ ਛੋਰੋ॥
ਫਾਂਸੀ ਕੈਦ ਤੋਪ ਨਦ ਬੋਰੋ॥
ਇਸ ਮਗ ਕਾ ਕੋਈ ਰਹਿਣ ਨਾ ਪਾਵੈ॥
ਪੰਥ ਫਸਾਦੀ ਇਹਦ੍ਰਿਸਟਾਵੈ॥੧੦॥"[1]



ਇਸ ਸਾਰੀ ਸਖਤੀ ਦੇ ਦੋ ਕਾਰਨ ਸਨ। ਇਕ ਤਾਂ ਕੋਈ ਵੀ ਕੂਕਾ ਸਿੱਖ, ਬੰਦੀ ਗ੍ਰਹਿ ਵਿਚ ਬੈਠੇ, ਸਤਿਗੁਰੂ ਰਾਮ ਸਿੰਘ ਜੀ ਨਾਲ, ਪੱਤਰ ਵਿਹਾਰ ਨਾ ਕਰੇ। ਦੂਸਰਾ ਕੋਈ ਵੀ ਕੂਕਾ, ਸ੍ਰੀ ਭੈਣੀ ਸਾਹਿਬ ਬੈਠੇ, ਗੁਰੂ ਹਰੀ ਸਿੰਘ ਜੀ ਨਾਲ, ਦਰਸ਼ਨ ਮੇਲੇ ਦਾ ਰਾਬਤਾ ਨਾ ਬਣਾਵੇ। ਆਪਣੇ ਊਰਜਾ ਦੇ ਸੋਮਿਆਂ ਤੋਂ ਟੁੱਟ ਕੇ, ਕੋਈ ਵੀ ਪੰਥ ਜਾਂ ਕੋਈ ਵੀ ਅੰਦੋਲਨ ਲੰਮਾ ਸਮਾਂ ਤੱਗ ਨਹੀਂ ਸਕਦਾ। ਇਹੋ ਬਸਤੀਵਾਦੀ ਹਾਕਮਾਂ ਦੀ, ਪੰਜਾਬ ਪ੍ਰਥਾਇ ਨੀਤੀ ਸੀ ਕਿ ਪ੍ਰਤੀਰੋਧ ਦੀਆਂ ਸ਼ਕਤੀਆਂ ਨੂੰ, ਨਿਰੰਤਰ ਦਮਨ ਨਾਲ ਕੁਚਲ ਦਿੱਤਾ ਜਾਵੇ। ਇਹ ਉਹ ਵਕਤ ਸੀ, ਜਿਸ ਬਾਰੇ ਸਤਿਗੁਰੂ ਰਾਮ ਸਿੰਘ ਅਗਾਊਂ ਭਵਿੱਖ ਬਾਣੀ ਆਪਣੇ ਪੈਰੋਕਾਰਾਂ ਪ੍ਰਤੀ ਕਰ ਗਏ ਸਨ ਕਿ ਵਕਤ ਆਏਗਾ ਜਦੋਂ ਤੁਸੀਂ ਕਛਹਿਰੇ ਲਾਹ ਲਾਹ ਕੇ ਸੁੱਟੋਗੇ। ਹੁਣ ਤਾਂ ਤੁਸੀਂ ਮੈਨੂੰ ਚੀਤਾ ਭਜਾਉਣ ਲਈ ਵੀ ਦੋ ਚਾਰ ਮਿੰਟ ਪਾਸੇ ਨਹੀਂ ਜਾਣ ਦਿੰਦੇ। (ਚੀਤਾ ਭਜਾਉਣ=ਪਸ਼ਾਬ ਕਰਨ : ਸੰ:) ਇਹ ਕੁਝ ਕਰਨ ਦਾ ਸਰਕਾਰਾਂ ਦਾ ਮਤਲਬ, ਲੜਨ ਵਾਲੇ ਲੋਕਾਂ ਦਾ ਮਨੋਬਲ ਤੋੜ ਕੇ, ਉਹਨਾਂ ਨੂੰ ਨਿਰਉਤਸ਼ਾਹਿਤ ਕਰ ਕੇ ਅੰਦੋਲਨ ਦੀਆਂ ਬਲ ਰਹੀਆਂ ਲਪਟਾਂ ਨੂੰ ਸ਼ਾਂਤ ਕਰਨਾ ਹੁੰਦਾ ਹੈ। ਇਸ ਕੰਮ ਵਿਚ ਉਹ ਕਾਫੀ ਹੱਦ ਤੱਕ ਸਫਲ ਵੀ ਹੋਏ ਜਦੋਂ ਬਹੁਤ ਸਾਰੇ ਖਿੱਤਿਆਂ ਦੇ ਨਾਮਧਾਰੀ ਸਿੰਘ ਨਾ ਸਿਰਫ ਗੈਰ ਸਰਗਰਮ ਹੀ ਹੋ ਗਏ ਸਗੋਂ ਸਤਿਗੁਰੂ ਰਾਮ ਸਿੰਘ ਜੀ ਦੀ ਸ਼ਾਨ ਦੇ ਖਿਲਾਫ, ਗ਼ੈਰ ਵਾਜਿਬ ਟਿੱਪਣੀਆਂ ਵੀ ਹਾਕਮਾਂ ਨੂੰ ਖ਼ੁਸ਼ ਕਰਨ ਲਈ ਕਰਨ ਲੱਗ ਪਏ ਸਨ। ਗੁਰਦਾਸਪੁਰ ਦੇ ਡਿਪਟੀ ਕਮਿਸ਼ਨਰ, ਲੈਫਟੀਨੈਂਟ ਕਰਨਲ, ਜੇ.ਫੈਂਡਲ ਨੇ ੬ ਅਪ੍ਰੈਲ ੧੮੭੨ ਨੂੰ ਆਪਣੇ ਉਪਰਲੇ ਅਧਿਕਾਰੀ ਨੂੰ ਲਿਖਿਆ ਕਿ ਜਦੋਂ ਹਰੀ ਸਿੰਘ ਜ਼ੈਲਦਾਰ (ਸਿੰਘਪੁਰਾ) ਡੇਰਾ ਬਾਬਾ ਨਾਨਕ ਅਤੇ ਕਰਤਾਰ ਸਿੰਘ ਬੇਦੀ

---

*ਫਸਾਦ



Namdhari Elibrary NamdhariElibrary@gmail.com

(ਕੂਕਾ ਸੂਬਾ) ਨੇ ਉਹਦੇ ਅਤੇ ਸਾਬਕਾ ਪੁਲਿਸ ਮੁਖੀ ਜ਼ਿਲ੍ਹਾ ਗੁਰਦਾਸਪੁਰ ਕਰਿਸਟੀ ਪਾਸ ਕੂਕਪੁਣਾ ਛੱਡਣ ਦੀ ਇੱਛਾ ਪ੍ਰਗਟਾਈ ਤਾਂ ਉਹਨਾਂ ਨੂੰ ਡੇਰਾ ਬਾਬਾ ਨਾਨਕ ਦੇ ਗੁਰਦੁਆਰੇ ਵਿਚ, ਪੁਜਾਰੀਆਂ ਸਾਹਮਣੇ ਪੇਸ਼ ਕੀਤਾ ਗਿਆ, ਜਿੱਥੇ ਉਹਨਾਂ ਸਿੱਖ ਭਾਈਚਾਰੇ ਵਿਚ ਮੁੜਨ ਦੀ ਇੱਛਾ ਪ੍ਰਗਟਾਈ। ਇਹ ਪੁੱਛਣ ਤੇ ਕਿ ਛੱਡ ਕੇ ਕਿਉਂ ਗਏ ਹੋ ਇਸ ਧਰਮ ਨੂੰ, ਉਹਨਾਂ ਦਾ ਜੁਆਬ ਸੀ, "ਉਹਨਾਂ ਨੂੰ (ਗੁਰੂ) ਰਾਮ ਸਿੰਘ ਦੁਆਰਾ ਗੁੰਮਰਾਹ ਕੀਤਾ ਗਿਆ ਸੀ ਅਤੇ ਧੋਖਾ ਦਿੱਤਾ ਗਿਆ ਸੀ।" ਉਹਨਾਂ ਨੂੰ ਫਿਰ ਪੁਛਿਆ ਗਿਆ ਕਿ ਕੀ ਉਹ ਅਜੇ ਵੀ ਉਸਨੂੰ ਗੁਰੂ ਮੰਨਦੇ ਹਨ। ਉਹਨਾਂ ਦਾ ਜੁਆਬ ਸੀ 'ਨਹੀਂ ਅਸੀਂ ਹੁਣ ਉਹਨੂੰ ਢੌਂਗੀ ਸਮਝਦੇ ਹਾਂ ਕਿ ਉਹਨੇ ਉਹਨਾਂ ਨੂੰ ਸਿੱਖ ਸਰਵਉੱਚਤਾ ਸਥਾਪਿਤ ਕਰਨ ਦਾ ਲਾਰਾ ਲਾਇਆ ਸੀ ਅਤੇ ਉਹਨਾਂ ਨੂੰ ਪ੍ਰਸਿੱਧੀ ਹਾਸਲ ਕਰਨ ਲਈ, ਬਗਾਵਤ ਅਤੇ ਕਤਲੋ ਗਾਰਤ ਦੇ ਰਾਹ ਤੇ ਤੋਰਿਆ ਸੀ। ਪ੍ਰੰਤੂ ਹੁਣ ਉਹ ਉਸਨੂੰ ਆਪਣੇ 'ਸਿੱਖ-ਪੰਥ' ਵਿਚੋਂ ਛੇਕਿਆ ਸਮਝਦੇ ਹਨ ਅਤੇ ਉਸ ਨਾਲੋਂ ਉਹ ਕਿਸੇ ਸਫਾਈ ਕਰਮਚਾਰੀ ਨੂੰ ਵੀ ਚੰਗਾ ਸਮਝਦੇ ਹਨ।'"[2] ਇਹ ਕੁਝ ਉਸ ਭੰਡੀ ਪ੍ਰਚਾਰ ਦੀ ਸਿਖਰ ਹੈ ਜਿਸ ਨੂੰ ਕੂਕਿਆਂ ਵਿਰੁੱਧ ਅਤੇ ਉਹਨਾਂ ਦੇ ਸਤਿਗੁਰੂ ਵਿਰੁੱਧ ਸਰਕਾਰ ਅੰਗਰੇਜ਼ੀ ਉਤਸ਼ਾਹਿਤ ਕਰਦੀ ਰਹੀ। ਇਹ ਕਰਤਾਰ ਸਿੰਘ ਬੇਦੀ ਗੁਰੂ ਨਾਨਕ ਦੇਵ ਜੀ ਦਾ ਵੰਸ਼ਿਜ ਸੀ ਪਰ ਸਰਕਾਰੀ ਕਰੋਪੀ ਦਾ ਸਾਹਮਣਾ ਕਰਨ ਵਾਲੀ, ਉਸ ਦਲੇਰੀ ਤੋਂ, ਜੋ ਕਦੇ ਬਾਬਾ ਨਾਨਕ ਹੋਰਾਂ ਬਾਬਰ ਪਾਤਸ਼ਾਹ ਨੂੰ ਵਿਖਾਈ ਸੀ, ਵੰਚਿਤ ਹੋ ਚੁੱਕਾ ਸੀ ਅਤੇ ਜਾਨ ਬਚਾਉਣ ਲਈ ਸ਼ੋਹਦਿਆਂ ਵਾਲੀਆਂ ਕਾਰਵਾਈਆਂ ਤੇ ਉਤਰ ਆਇਆ ਸੀ। ਪਰ ਕੀ ਸਾਰੇ ਕੂਕਿਆਂ ਨੇ ਬੇਦੀ ਕਰਤਾਰ ਸਿੰਘ ਜਾਂ ਜ਼ੈਲਦਾਰ ਹਰੀ ਸਿੰਘ ਵਾਲਾ ਰਾਹ ਚੁਣਿਆ ਸੀ ? ਨਹੀਂ ਬਿਲਕੁਲ ਨਹੀਂ। ਇਹ ਤਾਂ ਇਲਾਕਾ ਹੀ ਸਿੱਖ ਭਾਈਚਾਰੇ ਦਾ ਸੀ। ਅਤੇ ਇਹ ਲੋਕ ਵੀ ਸਾਹਿਬੇਂ ਹੈਸੀਅਤ ਕਥਿਤ ਵੱਡੇ ਬੰਦੇ ਸਨ। ਅਸੀਂ ਹੁਣ ਇਕ ਐਸੇ ਕੂਕਾ ਸਿੰਘ ਦੀ ਕੀਰਤੀ ਬਿਆਨ ਕਰਦੇ ਹਾਂ ਜੋ ਰਹਿੰਦਾ ਵੀ ਮੁਸਲਮਾਨੀ ਇਲਾਕੇ ਵਿਚ ਸੀ। ਉਸ ਦਾ ਉਪਜੀਵਿਕਾ ਕਮਾਉਣ ਦਾ ਸਾਧਨ ਵੀ ਅਤੀ ਨਿਮਨ ਸਤਰ ਦਾ ਸੀ। ਪਰ ਉਹ ਸਖ਼ਤੀਆਂ ਦੇ ਉਸ ਦੌਰ ਵਿਚ ਵੀ, ਜਿਸ ਸਿਦਕ ਦਿਲੀ ਨਾਲ ਸਾਬਤ ਕਦਮ ਖਲੋ ਕੇ ਆਪਣੇ ਕੂਕਪੁਣੇ ਤੇ ਪਹਿਰਾ ਦਿੰਦਾ ਰਿਹਾ, ਉਸ ਦੀ ਯਾਦ ਵਿਚ ਸਿਰ ਬਦੋ-ਬਦੀ ਝੁਕ ਜਾਂਦਾ ਹੈ।

ਇਹ ਸਿੰਘ ਮਿੰਟਗੁਮਰੀ ਜ਼ਿਲ੍ਹੇ ਦੇ ਥਾਣਾ ਹੁਜਰਾ (ਜਾਂ ਹੁਜਰਾ ਸ਼ਾਹ ਮੁਕੀਮ) ਦੇ ਪਿੰਡ ਜੇਠਪੁਰ ਦਾ ਵਸਨੀਕ ਸੀ। ਪਿਤਾ ਦਾ ਨਾਮ ਵੱਸਣ ਰਾਮ ਸੀ। ਇਹਨਾਂ ਦਾ ਕਿੱਤਾ ਹਲਵਾਈ ਤੇ ਉਹ ਵੀ ਸਿਰਫ ਪਕੌੜੇ ਤਲਣ ਵਾਲਾ ਸੀ। ਉਸ ਦਾ ਰੰਗ ਪੱਕਾ ਸੀ। ਨੱਕ ਤਿੱਖਾ ਸੀ। ਭਰਵੱਟੇ ਆਪਸ ਵਿਚ ਜੁੜੇ ਹੋਏ ਸਨ। ਸੱਜੀ ਗੱਲ੍ਹ ਤੇ ਤਿਲ ਸੀ। ਦਾਹੜਾ ਵਿਰਲਾ ਸੀ ਗੱਲ੍ਹਾਂ ਤੇ ਬਹੁਤ ਹੀ ਵਿਰਲਾ। ਪੰਜ ਫੁੱਟ ਸੱਤ ਇੰਚ ਦਾ ਮਜ਼ਬੂਤ ਜੁੱਸਾ ਅਤੇ ਉਮਰ (੧੮੮੦ ਈ. ਵਿਚ) ੩੪ ਸਾਲ ਸੀ। ੧੮੭੧-੭੨ ਈ. ਵਿਚ ਇਹ ਸੱਜਣ, ਭਰ ਜੁਆਨੀ ਦੀ ਉਮਰ ਵਿਚ ਲਾਹੌਰ ਦੇ ਪਾਸ ਮੀਆਂ ਮੀਰ ਛਾਉਣੀ ਵਿਚ, ਫੌਜ ਦੇ ਰਸਦ ਪਹੁੰਚਾਉਣ ਵਾਲੇ ਵਿਭਾਗ ਵਿਚ ਮੁਲਾਜ਼ਮ ਸੀ। ਲੁਸ਼ਈ ਮੁਹਿਮ ਵਿਚ ਇਹ ਸੈਨਾ ਦੇ ਨਾਲ ਸ਼ਾਮਲ ਹੋਇਆ ਸੀ। ਸ਼ਾਇਦ ਇਸ ਦੇ ਕੂਕਾ ਸਬੰਧਾਂ ਦੀ ਸੂਹ, ਸਰਕਾਰ ਨੂੰ ਲੱਗ ਗਈ ਅਤੇ ਮੁਹਿਮ ਤੋਂ ਬਾਅਦ ਇਸ ਨੂੰ ਵਾਪਸ ਫੌਜ ਵਿਚੋਂ ਛੁੱਟੀ ਦੇ ਕੇ ਘਰ ਭੇਜ ਦਿੱਤਾ ਗਿਆ। ਇੱਥੇ ਉਹਨੇ ਇਕ ਦੁਕਾਨ ਖੋਹਲ ਲਈ। ਪੰਜ ਕੁ ਵਰ੍ਹੇ ਪਹਿਲਾਂ (ਭਾਵ ੧੮੭੫ ਈ.) ਵਿਚ ਉਸਨੂੰ ਮਾਂਗਾ ਜ਼ਿਲ੍ਹਾ ਲਾਹੌਰ ਦੇ ਸੂਬਾ ਹਰਸਾ ਸਿੰਘ ਦੁਆਰਾ ਸੂਬਾ ਥਾਪ ਦਿੱਤਾ ਗਿਆ। ਸੰਨ ੧੮੭੭ ਈ. ਵਿਚ ਉਹ ਆਪਣੇ ਜ਼ਿਲ੍ਹੇ ਦੇ ਕਸਬੇ ਦੀਪਾਲਪੁਰ ਵਿਚ ਜਾ ਟਿਕਿਆ। ਜਿੱਥੇ ਉਹ ਹੁਣ (੧੮੮੦ ਈ.) ਤੱਕ ਰਹਿ ਰਿਹਾ ਹੈ। ਜਦੋਂ ਵੀ ਉਸ ਨੂੰ ਮੌਕਾ ਮਿਲਦਾ ਹੈ, ਉਹ ਹਰ ਨਵੇਂ ਅਭਿਲਾਖੀ ਨੂੰ ਭਜਨ ਦੇ ਕੇ ਨਾਮਧਾਰੀ ਪੰਥ ਵਿਚ ਸ਼ਾਮਿਲ ਕਰ ਲੈਂਦਾ ਹੈ, ਭਾਵੇਂ ਉਹ ਇਸ ਗੱਲ ਦਾ ਖੁੱਲ੍ਹਮ-ਖੁੱਲ੍ਹਾ ਇਕਬਾਲ ਨਹੀਂ ਕਰਦਾ।[3] ਭਾਈ ਮਹਿਲ ਸਿੰਘ ਅਰੋੜਾ ਸਿੰਘ ਸੀ ਅਤੇ ਇਸ ਜ਼ਿਲ੍ਹੇ ਦੇ ਕੁਝ ਹੋਰ ਪਿੰਡਾਂ ਦੇ ਅਰੋੜੇ ਵੀ ਨਾਮਧਾਰੀ ਬਣ ਚੁੱਕੇ ਸਨ।

ਇਸ ਸਮੇਂ ਜਿਹਨਾਂ ਲੋਕਾਂ ਦੀ, ਕੂਕਾ ਅੰਦੋਲਨ ਪ੍ਰਤੀ ਵਫਾਦਾਰੀ ਦੀ ਰਤਾ ਵੀ ਭਿਣਕ ਹਾਕਮਾਂ ਦੇ ਕੰਨਾਂ ਵਿਚ ਪੈ ਜਾਂਦੀ ਸੀ, ਉਹ ਸਰਕਾਰੀ ਨੌਕਰੀ ਵਿਚ ਨਹੀਂ ਰਹਿ ਸਕਦੇ ਸਨ। ਵੈਸੇ ਤਾਂ ਬਹੁਤ ਘੱਟ ਹੀ ਨਾਮਧਾਰੀ ਸਰਕਾਰੀ ਨੌਕਰੀ ਵਿਚ ਸਨ ਪ੍ਰੰਤੂ ਆਪਣੇ ਪੰਥ ਦੀਆਂ ਕੂਟਨੀਤਿਕ ਲੋੜਾਂ ਨੂੰ ਮੁੱਖ ਰੱਖਦਿਆਂ, ਜੇ ਇੱਕੇ ਦੁੱਕੇ ਸਨ ਵੀ ਤਾਂ ਕਦੇ "ਮੂੰਹ ਆਈ ਬਾਤ ਨਾ ਰਹਿੰਦੀ ਹੈ। ਜਚ ਜਚ ਕੇ ਜੀਭਾ ਕਹਿੰਦੀ ਹੈ। ਤਦੇ ਜ਼ੁਨ ਪਈ ਦੁਖ ਸਹਿੰਦੀ ਹੈ।" ਬੁੱਲ੍ਹੇ ਸ਼ਾਹ ਦੇ ਲਿਖਣ ਮੁਤਾਬਿਕ, ਉਹ ਆਪਣੇ ਕੂਕਪੁਣੇ ਦਾ, ਕਿਸੇ ਨਾ ਕਿਸੇ ਢੰਗ ਨਾਲ ਇਜ਼ਹਾਰ ਕਰ ਬਹਿੰਦੇ ਸਨ ਅਤੇ ਸਰਕਾਰੀ ਕਰੋਪੀ ਦਾ ਸ਼ਿਕਾਰ ਹੋ ਕੇ ਘਰ ਆ ਜਾਂਦੇ ਸਨ। ਇਸੇ ਜ਼ਿਲ੍ਹੇ ਦੀ ਮਹੱਤਵਪੂਰਨ



Namdhari Elibrary NamdhariElibrary@gmail.com

ਕੂਕਿਆਂ ਵਾਲੀ ਲਿਸਟ ਵਿਚ ਦਰਜ ਹੈ ਕਿ ਸੰਗਤ ਸਿੰਘ ਪੁੱਤਰ ਦੂੰਨਾ ਸਿੰਘ, ਸ਼ਹਿਰ ਮਿੰਟਗੁਮਰੀ ਵਿਚ ਰਹਿਣ ਵਾਲਾ ਇਕ ਹੋਰ ਖੜਕੇ ਦੜਕੇ ਵਾਲਾ ਕੂਕਾ ਸੀ। ਲਿਸਟ ਬਣਨ ਵਾਲੇ ਸਾਲ ਵਿਚ ਉਹ ੨੫ ਵਰ੍ਹਿਆਂ ਦਾ ਭਰ ਜੁਆਨ ਸੀ। ਇਹ ਸੱਜਣ ਜ਼ਿਲ੍ਹਾ ਲਾਹੌਰ ਦੇ ਥਾਣਾ ਭਾਈ ਫੇਰੂ ਦੇ ਪਿੰਡ ਨਨਥੋ ਦਾ ਮੂਲ ਨਿਵਾਸੀ ਸੀ, ੫ ਅਕਤੂਬਰ ੧੯੭੪ ਨੂੰ ਪੰਜਾਬ ਪੁਲੀਸ ਵਿਚ ਭਰਤੀ ਹੋਇਆ ਸੀ। ਕੁਝ ਵਰ੍ਹੇ ਇਹਦੇ ਠੀਠ-ਠਾਕ ਨੌਕਰੀ ਵਿਚ ਲੰਘੇ। ਪਰ ਜਦੋਂ ਕੂਕਾ ਕਾਰ ਨੇ ਜ਼ੋਰ ਮਾਰਿਆ ਤਾਂ ਇਸਨੇ ਆਪਣਾ ਰੰਗ ਵਿਖਾਉਣਾ ਸ਼ੁਰੂ ਕੀਤਾ। ਜਿਵੇਂ ਕਿ ਅਜਿਹੇ ਮੁਆਮਲਿਆਂ ਵਿਚ ਹੁੰਦਾ ਹੈ, ਉੱਚ ਅਧਿਕਾਰੀਆਂ ਨੇ ਦਿਮਾਗੀ ਤਵਾਜ਼ਨ ਵਿਗੜਨ ਦਾ ਬਹਾਨਾ ਘੜ ਕੇ, ਮੈਡੀਕਲ ਬੋਰਡ ਅੱਗੇ ਪੇਸ਼ੀ ਪਾ ਦਿੱਤੀ। ਪ੍ਰੰਤੂ ਸਿੰਘ ਸਾਹਿਬ ਨੇ, ਪਹਿਲਾਂ ਹੀ ਆਪਣਾ ਅਸਤੀਫਾ ਦੇ ਦਿੱਤਾ। ਪੁਲੀਸ ਲਾਈਨ ਛੱਡਣ ਤੋਂ ਪਹਿਲਾਂ ਉਹਨੇ ੧੯੭੨ ਦੇ ਕੂਕਿਆਂ ਦੇ ਸਾਕਿਆਂ ਦੀਆਂ ਵਾਰਾਂ, ਬੁਲੰਦ ਆਵਾਜ਼ ਵਿਚ ਗਾਉਣੀਆਂ ਸ਼ੁਰੂ ਕਰ ਦਿੱਤੀਆਂ। ਜਿਹਨਾਂ ਵਾਰਾਂ ਵਿਚ ਕੂਕਿਆਂ ਵਿਰੁੱਧ ਸਰਕਾਰੀ ਦਮਨਾਤਮਕ ਕਾਰਵਾਈਆਂ ਨੂੰ ਬੇਨਿਆਈਂ ਦੱਸਦਿਆਂ, ਇਹਨਾਂ ਦੀ ਪੁਰਜ਼ੋਰ ਸ਼ਬਦਾਂ ਵਿਚ ਨਿਖੇਧੀ ਕੀਤੀ ਗਈ ਸੀ। ਜਿਸ ਤੇ ਸਰਕਾਰ ਨੇ ਉਹਦੀ ਜ਼ਮਾਨਤ ਮੰਗ ਲਈ ਅਤੇ ਜ਼ਮਾਨਤ ਨਾ ਦੇ ਸਕਣ ਦੀ ਸੂਰਤ ਵਿਚ ੧੯੮੦ ਈ. ਵਿਚ ਇਕ ਸਾਲ ਕੈਦ ਦੀ ਸਜ਼ਾ ਦੇ ਕੇ ਮਿੰਟਗੁਮਰੀ ਜਿਹਲ ਵਿਚ ਡੱਕ ਦਿੱਤਾ।[4]

ਸੂਬਾ ਮਹਿਲ ਸਿੰਘ ਹੋਰਾਂ ਦੇ ਪਿੰਡ ਜੇਠਪੁਰ ਦੇ, ਦੋ ਹੋਰ ਕੂਕੇ ਸਿੰਘਾਂ ਦਾ ਮਹੱਤਵਪੂਰਨ ਕੂਕਿਆਂ ਵਾਲੀ ੧੮੮੧ ਈ. ਦੀ ਲਿਸਟ ਵਿਚ ਜ਼ਿਕਰ ਮਿਲਦਾ ਹੈ। ਇਹ ਦੋਵੇਂ ਚਾਚਾ ਭਤੀਜਾ ਸਨ। ਚਾਚਾ, ਬਦਨ ਸਿੰਘ ਪੁੱਤਰ ਮੁਸੱਦਾ ਸਿੰਘ, ਉਮਰ ੩੭ ਸਾਲ, ਜਿਹੜਾ ਮਿੰਟਗੁਮਰੀ ਪੁਲੀਸ ਵਿਚ ਸੈਕਿੰਡ ਗਰੇਡ ਦਾ ਸਾਰਜੈਂਟ ਸੀ ਅਤੇ ਜ਼ਿਲ੍ਹਾ ਪੁਲਿਸ ਕਪਤਾਨ ਮਿੰਟਗੁਮਰੀ ਦੇ ਦਫਤਰ ਵਿਚ ਰੀਕਾਰਡ ਕੀਪਰ ਵੀ ਸੀ। ਉਸ ਬਾਰੇ ਲਿਖਿਆ ਹੈ ਕਿ ਹੈ ਤਾਂ ਕੱਟੜ ਕੂਕਾ, ਪਰ ਆਪਣੀਆਂ ਸਰਕਾਰੀ ਜ਼ਿੰਮੇਵਾਰੀਆਂ ਬੜੇ ਇਹਤਿਆਤ ਨਾਲ ਨਿਭਾਅ ਰਿਹਾ ਹੈ। ਭਤੀਜਾ, ਉਸਦੇ ਭਰਾ ਰਤਨ ਸਿੰਘ ਦਾ ਪੁੱਤਰ, ਬੁੱਧ ਸਿੰਘ ਹੈ, ਜਿਹਦੀ ਉਮਰ ੨੫ ਸਾਲ ਹੈ। ਉਹ ਜੇਠਪੁਰ ਪਿੰਡ ਦਾ ਲੰਬੜਦਾਰ ਵੀ ਹੈ। ਇਹ ਦੋਵੇਂ ਚਾਚਾ ਭਤੀਜਾ ੧੮੭੨ ਵਿਚ (ਹੋ ਸਕਦਾ ਹੈ ਮਾਘੀ ਵਾਲੇ ਜੋੜ ਮੇਲੇ ਤੇ) ਭੈਣੀ ਸਾਹਿਬ ਗਏ ਸਨ ਜਿੱਥੇ ਸਤਿਗੁਰੂ ਰਾਮ ਸਿੰਘ ਜੀ ਨੇ ਉਹਨਾਂ ਨੂੰ ਨਾਮ ਦਾਨ ਦੇ ਕੇ ਨਾਮਧਾਰੀ ਪੰਥ ਵਿਚ ਸ਼ਾਮਲ ਕਰ ਲਿਆ ਸੀ।[5] ਇਹ ਦੋਵੇਂ ਸਿੰਘ ਆਪਣੇ ਗਿਰਾਈਂ ਸੂਬਾ ਮਹਿਲ ਸਿੰਘ ਹੋਰਾਂ ਦੇ ਪ੍ਰਭਾਵ ਹੇਠ ਹੀ ਨਾਮਧਾਰੀ ਸਿੰਘ ਸਜੇ। ਬੇਸ਼ਕ ਮਹਿਲ ਸਿੰਘ ਹੋਰਾਂ ਨੂੰ ਨਾਮ ਦੀ ਦਾਤ, ਸਤਿਗੁਰੂ ਰਾਮ ਸਿੰਘ ਜੀ ਪਾਸੋਂ ਮਿਲੀ, ਪਰ ਸੂਬਾ ਪਦਵੀ ਨਾਲ ਉਹ ਗੁਰੂ ਹਰੀ ਸਿੰਘ ਦੁਆਰਾ ਸੂਬਾ ਹਰਸਾ ਸਿੰਘ ਦੀ ਮਾਰਫਤ ਨਿਵਾਜੇ ਗਏ ਸਨ। ਕੀ ਇਹ ਸੂਬਾ ਹਰਸਾ ਸਿੰਘ ਉਹ ਸੱਜਣ ਹੀ ਸਨ ਜਿਹੜੇ ਸਤਿਗੁਰੂ ਰਾਮ ਸਿੰਘ ਜੀ ਦੇ ਸੈਨਿਕ ਜੀਵਨ ਦੇ ਸਾਥੀ ਰਹੇ ਸਨ ਅਤੇ ਗੁਰੂ ਬਾਲਕ ਸਿੰਘ ਜੀ ਤੋਂ ਦੀਖਿਆ ਲੈਣ ਸਮੇਂ ਵੀ ਹਾਜ਼ਰ ਸਿੰਘਾਂ ਵਿਚ ਸਨ। ਇਹ ਅਜੇ ਖੋਜ ਦਾ ਵਿਸ਼ਾ ਹੈ; ਕਿਉਂਕਿ ਇਹਨਾਂ ਦੀ ਉਮਰ ਮੁਤਾਬਿਕ ਤਾਂ ਜਨਮ ਵਰ੍ਹਾ ੧੮੩੫ ਬਣਦਾ ਹੈ ਜਾਂ ਉਮਰ ਗਲਤ ਲਿਖੀ ਗਈ ਹੋਵੇ। ਸਰਕਾਰੀ ਰੀਕਾਰਡ ਵਿਚ ਕੁਝ ਗਲਤੀਆਂ ਵੀ ਹਨ ਜਿਵੇਂ ਹਰਸਾ ਸਿੰਘ ਹੋਰਾਂ ਬਾਰੇ ਲਿਖਿਆ ਹੈ ਕਿ ਉਹ ਤਿੰਨ ਕੁ ਸਾਲ ਪਹਿਲਾਂ ਕੂਕਾ ਬਣੇ ਤੇ ਦੋ ਕੁ ਸਾਲ ਬਾਅਦ ਸੂਬਾ ਬਣਾਏ ਗਏ। ਉਹ ਵੀ ਕੱਟੜ ਕੂਕਾ ਹੈ ਅਤੇ ਸਿੱਖ ਰਾਜ ਦੀ ਪੁਨਰ ਸਥਾਪਨਾ ਦੀ ਭਵਿੱਖ ਬਾਣੀ  ਕਰਦਾ ਹੈ। ਉਸਦੀ ਜ਼ਮਾਨਤ ਮੰਗ ਲਈ ਗਈ ਸੀ। ੧੮੭੯ ਈ. ਵਿਚ।[6] ਪ੍ਰੰਤੂ ਮੰਗਲ ਸਿੰਘ ਵਾਲੀ ਲਿਸਟ ਵਿਚ ਉਸਦਾ ਪੰਜ ਵਰ੍ਹੇ ਪਹਿਲਾਂ ਸੂਬਾ ਬਣਾਇਆ ਜਾਣਾ ਲਿਖਿਆ ਹੈ ਸੂਬਾ ਹਰਸਾ ਸਿੰਘ ਦੁਆਰਾ। ਇਹ ਹਿੰਦਸਿਆਂ ਦੀ ਗਲਤੀਆਂ ਹੋ ਸਕਦੀਆਂ ਹਨ। ਪ੍ਰੰਤੂ ਸਰਕਾਰੀ ਰੀਕਾਰਡ ਵਿਚ ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਹਰਸਾ ਸਿੰਘ ਹੋਰਾਂ ਦਾ ਸੂਬਾ ਬਣਨ ਦਾ ਵੇਰਵਾ ਨਹੀਂ ਮਿਲਦਾ। ਇਸ ਲਈ ਇਹ ਮੰਨਿਆ ਜਾਵੇਗਾ ਕਿ ਹੋਰ ਬਹੁਤ ਸਾਰੇ ਸੂਬਿਆਂ ਜਿਉਂ, ਗੁਰੂ ਹਰੀ ਸਿੰਘ ਜੀ ਨੇ ਹੀ ਆਪ ਨੂੰ ਪਦਵੀ ਬਖਸ਼ੀ ਸੀ।

ਸੂਬਾ ਮਹਿਲ ਸਿੰਘ ਹੋਰਾਂ ਦੇ ਜੀਵਨ ਚਰਿੱਤਰ ਨੂੰ ਪੂਰੇ ਜਲੌਅ ਵਿਚ ਭਾਈ ਧਿਆਨ ਸਿੰਘ ਕਾਦਰਾਬਾਦੀ ਜੀ ਨੇ, ਆਪਣੇ ਸੰਖੇਪ ਗ੍ਰੰਥ 'ਸਤ੍ਰਿਗੁਰੂ ਬਿਲਾਸ ਪਾਤਸ਼ਾਹੀ ਬਾਰ੍ਹਵੀਂ" ਵਿਚ ਪ੍ਰਕਾਸ਼ਨ ਕੀਤਾ ਹੈ। ਭਾਵੇਂ ਇਹ ਸਾਖੀਆਂ ਦੀ ਸ਼ੈਲੀ ਵਿਚ ਬਰੱਜ ਭਾਸ਼ਾ ਵਿਚ ਲਿਖਿਆ ਗਿਆ ਹੈ। ਪ੍ਰੰਤੂ ਸੂਬਾ ਜੀ ਦੇ ਉਚ ਆਚਰਣ, ਖੜਕੇ ਦੜਕੇ ਵਾਲੇ, ਜਥੇ ਵਾਲੇ ਖਾਲਸਾਈ ਸੁਭਾਉ ਨੂੰ ਸਮਝਣ ਲਈ ਕਾਦਰਾਬਾਦੀ ਜੀ ਦੀ ਲਿਖਤ ਬਹੁਤ ਸਹਾਇਕ ਸਿੱਧ ਹੁੰਦੀ ਹੈ। ਇਕ ਤੇ ਕਾਦਰਬਾਦੀ ਜੀ, ਇਸ ਜ਼ਿਲ੍ਹੇ ਮਿੰਟਗੁਮਰੀ ਨਾਲ ਸਬੰਧਿਤ ਹਨ, ਜਿੱਥੇ ਸੂਬਾ ਜੀ ਦਾ ਪਿੰਡ ਜੇਠਪੁਰ ਜਾਂ ਉਹਨਾਂ ਦੇ ਕਾਰਜ ਖੇਤਰ



Namdhari Elibrary NamdhariElibrary@gmail.com

ਰਹੇ, ਨਗਰ ਦੀਪਾਲਪੁਰ, ਹੁਜਰਾ ਆਦਿ ਸਬੰਧਿਤ ਹਨ। ਭਾਈ ਕਾਦਰਬਾਦੀ ਜੀ ਆਪਣੇ ਕਾਵਿ ਪੁਸਤਕ ਦੇ ਪੰਦਰਵੇਂ ਅਧਿਆਇ ਵਿਚ, ਭਾਈ ਮਹਿਲ ਸਿੰਘ ਦੀ ਗਾਥਾ ਦਰਜ ਕਰਦਿਆਂ ਲਿਖਦੇ ਹਨ ਕਿ ਉਸ ਚੜ੍ਹਦੀ ਕਲਾ ਵਾਲੇ ਸਿੰਘ ਦੇ ਦਰਸ਼ਨ ਉਹਨਾਂ ਨੇ ਹੁਜਰੇ ਅਤੇ ਦੀਪਾਲਪੁਰ ਵਿਚ ਜਿਥੇ ਉਹ ਆਪਣੀ ਮੌਜ ਵਿਚ, ਵਿਚਰਦੇ ਰਹੇ ਹਨ, ਕਈ ਵੇਰ ਕੀਤੇ। ਇਸ ਹੁਜਰੇ ਦਾ ਪੂਰਾ ਨਾ ਹੁਜਰਾ ਸ਼ਾਹ ਮੁਕੀਮ ਹੈ। ਉਹੋ ਹੁਜਰਾ, ਜਿਸ ਦਾ ਜ਼ਿਕਰ ਸ਼ਾਇਦ ਪੀਲੂ ਕਿਰਤ ਕਿੱਸਾ ਮਿਰਜਾ ਸਾਹਿਬਾਂ ਵਿਚ ਇਉਂ ਦਰਜ ਹੈ—

"ਹੁਜਰੇ ਸ਼ਾਹ ਮੁਕੀਮ ਦੇ, ਇਕ ਜੱਟੀ ਅਰਜ ਕਰੇ।
ਮੈਂ ਬੱਕਰਾ ਦੇਨੀਆਂ ਪੀਰ ਦਾ, ਮੇਰੇ ਸਿਰ ਦਾ ਸਾਈਂ ਮਰੇ।
ਪੰਜ ਸੱਤ ਮਰਨ ਗੁਆਂਢਣਾ, ਰਹਿੰਦੀਆਂ ਨੂੰ ਤਾਪ ਚੜ੍ਹੇ।
ਕੁੱਤੀ ਮਰੇ ਫ਼ਕੀਰ ਦੀ, ਜਿਹੜੀ ਚਉਂ ਚਉਂ ਨਿਤ ਕਰੇ।
ਗਲੀਆਂ ਹੋਵਣ ਸੁੰਞੀਆਂ, ਵਿਚ ਮਿਰਜ਼ਾ ਯਾਰ ਫਿਰੇ।"

ਮਿਰਜ਼ੇ ਤੇ ਮਹਿਲ ਸਿੰਘ ਦਾ ਇਹੋ ਫ਼ਰਕ ਹੈ ਕਿ ਪਹਿਲੇ ਲਈ ਉਜਾੜ ਮੰਗੀ ਜਾਂਦੀ ਹੈ, ਜਿਥੇ ਦੂਜੇ ਭਾਈ ਸਾਹਿਬ, ਭਰੇ ਸ਼ਹਿਰ ਬਾਜ਼ਾਰ ਵਿਚ ਗੋਰਿਆਂ ਦੇ ਰਾਜ ਵਿਚ ਆਪਣੇ ਕੂਕਪੁਣੇ ਦਾ ਸਰਕਾਰੀ ਅਧਿਕਾਰੀਆਂ ਸਾਹਵੇਂ, ਖੁੱਲ੍ਹਮ ਖੁੱਲ੍ਹਾ ਐਲਾਨ ਕਰ ਰਹੇ ਹਨ। ਇਹ ਇਲਾਕਾ ਜਿਥੇ ਭਾਈ ਸਾਹਿਬ ਰਹਿੰਦੇ ਸਨ ਕਿਹੋ ਜਿਹਾ ਸੀ ਇਸ ਲਈ ਅਸੀਂ ਸਮਕਾਲੀ ਲੇਖਕ ਬੂਟੇ ਸ਼ਾਹ ਦੀ ਲਿਖਤ ਦੀ ਮਦਦ ਲਵਾਂਗੇ। ਇਹ ਦੋਵੇਂ ਪਿੰਡ ਬਾਗੀ ਦੁਆਬੇ ਦੇ ਪਿੰਡ ਹਨ—

**ਦੀਪਾਲਪੁਰ**

ਸਰਕਾਰ ਦੀਪਾਲਪੁਰ ਇਕ ਕਦੀਮੀ ਪੁਰਾਣਾ ਸ਼ਹਿਰ ਗੱਦੀ ਦੀ ਜਾਗਾ ਹੈ। ਅਗਲੇ ਜ਼ਮਾਨੇ ਵਿਚ ਇਹ ਵੱਡਾ ਸ਼ਹਿਰ ਹੋ ਚੁੱਕਿਆ ਹੈ ਹੁਣ ਸਾਰਾ ਉਜਾੜ ਪਿਆ ਹੈ, ਇਕ ਕਿਲੇ ਦੇ ਅੰਦਰਵਾਰ ਕੁਝ ਥਹੁੜੀ ਜਿਹੀ ਬਸੋਂ ਹੈ ਅਤੇ ਕਿਲ੍ਹਾ ਪੱਕੀਆਂ ਇੱਟਾਂ ਦਾ ਬਣਿਆ ਹੋਇਆ ਹੈ ਅਤੇ ਉਸ ਕਿਲੇ ਦੇ ਅੱਸੀ ਕੁ ਬੁਰਜ ਹਨ, ਅਤੇ ਛੇ ਪਰਗਣੇ ਉਸ ਨਾਲ ਲੱਗਦੇ ਹਨ ਪਰ ਆਪ ਪਰਗਣਿਆਂ ਸਣੇ ਮੁਲਤਾਨ ਨਾਲ ਲੱਗਦਾ ਹੈ, ਬਿਆਹ ਨਦੀ (ਸਤਿਲੁਜ ਅਤੇ ਬਿਆਸ ਦੋਵੇਂ ਜਿਹਨਾਂ ਨੂੰ ਇੱਥੇ ਨੀਲੀ ਆਖਦੇ ਹਨ) ਉਥੋਂ ਸੱਤ ਕੋਹ ਹੈ।

**ਹੁਜਰਾ ਸ਼ਾਹ ਮਕੀਮ ਦਾ**

"ਹੁਜਰਾ ਸਾਹ ਮੁਕੀਮ ਦਾ ਇਕ ਪੱਕਾ ਸਹਿਰ ਹੈ, ਉਸ ਵਿਚ ਪੰਦਰਾਂ ਕੁ ਸੌ ਘਰ ਬਸਦਾ ਹੈ, ਅਤੇ ਸ਼ਾਹ ਮੁਕੀਮ ਕਾਦਰੀ ਦਾ ਬਣਾਇਆ ਹੋਇਆ ਹੈ ਜੋ ਵੱਡਾ ਸੰਤ ਅਰ ਅੱਗਿਓਂ ਪਿੱਛਿਓਂ ਖਰਾ ਅਸੀਲ ਸੱਜਦ ਥਾ। ਉਹਦੀ ਉਲਾਦ ਸਿੱਖਾਂ ਦੇ ਰਾਜ ਤੇ ਅੱਗੇ ਫੌਜ ਅਤੇ ਮੁਲਖਵਾਲੀ ਸੀ, ਅਤੇ ਇਹ ਸਹਿਰ ਸਭ ਕਾਸੇ ਸਣੇ ਉਨ੍ਹਾਂ ਦੇ ਹੁਕਮ ਵਿਚ ਸੀ।"

"ਬਹੁਤ ਚਿਰ ਬੀਤ ਚੁੱਕਾ ਹੈ, ਜੋ ਸਾਹਬ ਸਿੰਘ ਬੇਦੀ ਨੇ ਇਸ ਸਹਿਰ ਨੂੰ ਲੁਟ ਕੇ, ਫੂਕ ਦਿੱਤਾ ਅਤੇ ਸੇਖ ਦੀ ਉਲਾਦ ਨੂੰ ਕੈਦ ਕਰਕੇ ਵੱਡੀ ਫਕੜੀ ਨਾਲ ਤਰਸਾ ਤਰਸਾ ਕੇ ਜਾਨੋ ਮਾਰ ਸਿਟਿਆ ਸੀ ਅਤੇ ਜੋ ਕੋਈ ਬਚ ਰਹੇ ਸੇ, ਸੋ ਹੁਣ ਹੋਰ ਰਈਯਤ ਵਾਂਙੂ ਸ਼ਹਿਰ ਵਿਚ ਵਸਦੇ ਹਨ ਅਤੇ ਸੇਉਕਾਂ (ਸੇਵਕਾਂ) ਦੇ ਘਰਾਂ ਪੁਰ ਗੁਜਾਰਾ ਕਰਦੇ ਹਨ।"[7]

ਭਾਈ ਧਿਆਨ ਸਿੰਘ ਕਾਦਰਾਬਾਦੀ (੧੮੫੨-੧੯੦੭) ਨੇ ਭਾਈ ਸੰਤੋਖ ਸਿੰਘ ਦੇ ਸ੍ਰੀ ਗੁਰੂ ਪ੍ਰਤਾਪ ਸੂਰਜ ਗਰੰਥ ਵਾਂਗ ਜਿਥੇ ਭਾਈ ਰਾਮ ਕੁਇਰ (ਦੂਜਾ ਨਾਂ ਗੁਰਬਖਸ਼ ਸਿੰਘ) ਦੀ ਮਾਰਫਤ, ਸਾਖੀ ਪਰਸੰਗ ਜਾਂ ਕਥਾ ਅੱਗੇ ਤੋਰੀ ਹੈ ਉਹਨਾਂ ਨੇ ਲਹਿੰਦੇ ਪੰਜਾਬ ਦੇ ਪਿੰਡ ਸਾਂਦੇਵਾਲਾ ਦਾ ਇਕ ਭਾਈ ਹਰਮੀਤ ਸਿੰਘ ਪਾਤਰ ਸਿਰਜਿਆ ਹੈ, ਜਿਸ ਦੀ ਮਾਰਫਤ ਉਹ ਗੱਲ ਅੱਗੇ ਤੋਰਦੇ ਹਨ। ਕੁਝ ਸੱਜਣਾਂ ਦਾ ਇਹ ਮਤ ਵੀ ਹੈ ਕਿ ਕਵੀ ਜੀ ਹਰਮੀਤ ਸਿੰਘ ਦੇ ਬਹਾਨੇ ਖੁਦ ਹਾਜ਼ਰ ਰਹਿੰਦੇ ਹਨ। ਖ਼ੈਰ ਕੁਝ ਵੀ ਹੋਵੇ ਅਸੀਂ ਆਪਣੇ ਮੂਲ ਵਿਸ਼ੇ ਦੇ ਨਿਰੂਪਣ ਲਈ ਉਹਨਾਂ ਦੀ ਮੱਦਦ ਲੈ ਕੇ ਕ੍ਰਿਤਾਰਥ ਹੋਵਾਂਗੇ। ਭਾਈ ਹਰਮੀਤ ਸਿੰਘ ਦੇ ਇਕ ਤੋਂ ਵਧ ਪਿੰਡਾਂ ਦੇ ਨਾਮ ਮਿਲਦੇ ਹਨ ਇਸ ਗਰੰਥ ਵਿਚ।

ਇਕ ਦਿਨ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸ੍ਰੀ ਭੈਣੀ ਸਾਹਿਬ ਵਿਖੇ ਦੁਪਹਿਰ ਦਾ ਵਿਸ਼ਰਾਮ ਕਰਨ ਬਾਅਦ, ਖੂਹ ਜੋ ਹੱਟੀ ਦੇ ਪਾਸ ਸੀ, ਉੱਥੇ ਖੜੇ ਸਨ ਕਿ ਭਾਈ ਹਰਮੀਤ ਸਿੰਘ ਨਾਲ ਆਪ ਦਾ ਵਾਰਤਾਲਾਪ ਹੁੰਦਾ ਹੈ। ਪਿੰਡ ਪਤਾ ਪੁੱਛਣ ਤੇ ਹਰਮੀਤ ਸਿੰਘ ਕਹਿੰਦਾ ਹੈ-

"ਉਤਰ ਭਾਈ ਕੀਆ ਬਖਾਨ॥
ਗ੍ਰਾਮ ਹੁਜਰਾ ਧਰਤੀ ਮੁਲਤਾਨ॥ ੧੧॥
ਤਹਾ ਅਨਾਥ ਦਾਸ ਕੋ ਧਾਮ॥
ਅਹਿ ਹਰਮੀਤ ਸਿੰਘ ਮੁਹਿ ਨਾਮ॥
ਤਾ ਦਿਨ ਭਾਈ ਹੁਜਰੇ ਮਾਹੀ॥
ਕੀਆ ਨਿਵਾਸ ਸਮਾ ਕਿਛ ਤਾਹੀ॥ ੧੨॥
ਪਾਸ ਖੜੇ ਸੁਣਤੇ ਗੁਰ ਆਪ॥
ਅਰਜ ਕਰੀ ਤਿਸ ਸਿੰਘ ਅਲਾਪ॥
ਪ੍ਰਭ ਜੀ ਸੂਬਾ ਇਸ ਕੇ ਦੇਸ॥
ਚਾਹੀਏ ਥਾਪਨ ਕੀਆ ਏਸ॥ ੧੩॥"[8]



Namdhari Elibrary NamdhariElibrary@gmail.com

ਜਦੋਂ ਪਾਸ ਖੜੇ ਸਿੰਘ ਨੇ ਹਰਮੀਤ ਸਿੰਘ ਨੂੰ ਉਸ ਦੇਸ਼ ਦਾ ਸੂਬਾ ਥਾਪਣ ਦੀ ਬੇਨਤੀ ਕੀਤੀ ਤਾਂ ਸਤਿਗੁਰੂ ਜੀ ਨੇ ਉਸਦੇ ਗੁਆਂਢ ਰਹਿਣ ਵਾਲੇ ਸਿੰਘ, ਭਾਈ ਮਹਿਲ ਸਿੰਘ ਦੀ, ਇਸ ਸੇਵਾ ਲਈ ਦੱਸ ਵੀ ਪਾਈ ਅਤੇ ਉਸ ਦੇ ਸੁੰਦਰ ਨਖ਼ਸ਼ਿਖ ਅਤੇ ਉੱਚ ਆਚਰਣ ਦਾ ਵਰਣਨ ਵੀ ਕੀਤਾ-

"ਸਿੰਘ ਪ੍ਰਤੀ ਗੁਰ ਕਹੀ ਪ੍ਰਕਾਸ॥
ਸੂਬਾ ਏਕ ਉਹਾਂ ਇਸ ਪਾਸ॥
ਚਾਰ ਕੋਸ ਹੈ ਗ੍ਰਾਮ ਉਰੇਰੇ॥
ਜੋ ਪ੍ਰਭ ਉਸ ਕੇ ਮਨ ਕੋ ਪ੍ਰੇਰੇ॥ ੧੪॥
ਆਵੇ ਗੋ ਇਤ ਦਰਸਨ ਹੇਤ॥
ਸਿੰਘ ਬਾਲੀ ਵਹ ਬੜੇ ਸੁਚੇਤ॥
ਸੁੰਦਰ ਨੈਣ ਰੰਗੀਲਾ ਜੁਆਨ॥
ਬਡ ਪ੍ਰਤਾਪੀ ਹੋਇ ਮਹਾਨ॥ ੧੫॥
ਸੋ ਅਬ ਨੌਕਰ ਹੈ ਵਿਚ ਫੌਜ॥
ਲੂਟ ਲਏ ਕੁਛ ਦਿਨ ਵਹ ਮੌਜ॥
ਹੋਵੇਗੋ ਨਿਰਭੈ ਬਲ ਸੂਰਾ॥
ਤੌਲ ਬੋਲ ਵਾਕਾ ਹੁਇ ਪੂਰਾ॥ ੧੬॥
ਇਸਕਾ ਉਸਕਾ ਭੀ ਹੈ ਮੇਲਾ॥
ਬਾਗ ਬਿਖੇ ਜਿਵ ਫਬ ਹੈ ਕੇਲਾ॥
ਪ੍ਰਖਤਾ ਮਹਿਲ ਅਡੋਲ ਨ ਡੋਲੈ॥
ਜੈ ਕਾਰਾ ਸਭ ਕੋ ਮੁਖ ਬੋਲੈ॥ ੧੭॥"[9]

ਫਿਰ ਸਿੱਖ ਨੇ ਸਤਿਗੁਰੂ ਜੀ ਨੂੰ ਪੁੱਛਿਆ ਕੀ ਉਸਨੇ ਨਾਮ ਦੀ ਦਾਤ, ਹਜ਼ੂਰ ਪਾਸੋਂ ਪਰਾਪਤ ਕਰ ਲਈ ਹੈ ਜਾਂ ਨਹੀਂ? ਤਾਂ ਆਪ ਦਾ ਕਹਿਣਾ ਸੀ ਕਿ ਉਹ ਪਹਿਲੋਂ ਦਾ ਹੀ ਗੁਰੂ ਕਾ ਸਿੱਖ ਤੁਰਿਆ ਆਉਂਦਾ ਹੈ ਅਤੇ ਜੰਗਲ ਵਿਚ ਸ਼ੇਰ ਦੇ ਸਮਾਨ ਗੱਜਣ ਹੀ ਵਾਲਾ ਹੈ :-

"ਸ੍ਰੀ ਗੁਰ ਸੇ ਫਿਰ ਪੂਛਾ ਸਿਖ॥
ਗਯਾਤਾ ਗੋਯ ਪ੍ਰਭੂ ਭੂਤ ਭਵਿਖ॥
ਓਸ ਭਜਨ ਪੂਛਾ ਕੇ ਨਾਹੀ॥
ਬੋਲੈ ਗੁਰ ਵਹ ਸਿੰਘ ਸਦਾ ਹੀ॥ ੧੮॥
ਪੂਛਾ ਉਹ ਹੈ ਭਜਨ ਪੁਰਾਤਨ॥
ਗਾਜੈ ਗੋ ਨਿਰਭੈ ਕੇਹਰ ਬਨ॥
ਇਤਨੀ ਕਹਿ ਗੁਰ ਤੂਸਨ* ਹੋਇ॥
ਭਾਈ ਸੇ ਪੂਛੇ ਸਿਖ ਸੋਇ॥ ੧੯॥
ਚਤ੍ਰ ਕੋਸ ਤੁਮ ਤੇ ਜੋ ਗ੍ਰਾਮ॥
ਕੌਣ ਅਹੇ ਕਿਆ ਵਾਕੋ ਨਾਮ॥
ਮਾਰਗ ਰੇਲ ਸ਼ੇਰਗੜ੍ਹ ਆਵੈ॥
ਦੂਜੇ ਰਾਹਿ ਜੇਠਪੁਰ ਨਾਵੈ॥ ੨੦॥
ਸੋ ਗੁਰ ਬਚ ਹਮ ਨੈਣ ਨਿਹਾਰਾ॥
ਮਹਿਲ ਸਿੰਘ ਪ੍ਰਗਟੇ ਬਲ ਭਾਰਾ॥
ਛਾਡ ਨੌਕਰੀ ਗੁਰ ਪਗ ਪਰੀ॥
ਸ੍ਰੀ ਗੁਰ ਐਸੇ ਨਿਰਭੈ ਕਰੇ॥ ੨੧॥
ਹਿਦੂ ਤੁਰਕ ਕੈ ਹੋਇ ਚੰਡਾਲ॥
ਬੋਲੈਂ ਸਭ ਸਤਿ ਸ੍ਰੀ ਅਕਾਲ॥
ਰਾਜਾ ਪਰਜਾ ਹਾਕਮ ਕੈਸਾ॥
ਬੋਲਾ ਉਨਕਾ ਸਦ ਹੀ ਐਸਾ॥ ੨੨॥
ਬੜੇ ਸੂਰਮੇ ਜਤ ਸਤ ਧਾਰੀ॥
ਸਾਚੇ ਨਿਰਭੈ ਸੁਭ ਆਚਾਰੀ॥
ਗ੍ਰਾਮ ਜੇਠ ਪੁਰ ਮੋਂ ਪ੍ਰਗਟਾਏ॥
ਦਿਖੈ ਕਵੀ ਤਿਨ ਖੇਲ ਸਬਾਏ॥ ੨੩॥"[10]

ਉਹਨਾਂ ਦਾ ਬੋਲਾ ਸਤਿ ਸ੍ਰੀ ਅਕਾਲ ਦਾ ਹੁੰਦਾ ਹੈ ਭਾਵੇਂ ਕਿਸੇ ਜਾਤ, ਸਮੁਦਾਇ ਜਾਂ ਵਰਣ ਦੇ ਵਿਅਕਤੀ ਨਾਲ, ਉਹਨਾਂ ਦਾ ਸਾਹਮਣਾ ਹੋਵੇ। ਹੁਣ ਕਵੀ ਜੀ ਅਰਥਾਤ ਭਾਈ ਧਿਆਨ ਸਿੰਘ ਜੀ ਕਾਦਰਾਬਾਦੀ, ਆਪਣੀ ਨਿੱਜੀ ਜਾਣਕਾਰੀ ਦੇ ਅਧਾਰ ਤੇ, ਅੰਗਰੇਜ਼ ਸਰਕਾਰ ਵਲੋਂ ਹੁਜਰੇ ਦੀ ਥਾਂ ਦੀਪਾਲਪੁਰ ਤਹਿਸੀਲ ਬਨਾਉਣ ਅਤੇ ਉੱਥੋਂ ਦੇ ਤਹਿਸੀਲਦਾਰ ਰਿਆਜ਼ ਹੁਸੈਨ ਦੇ ਭਾਈ ਜੀ ਤੋਂ ਮੁਤਾਸਰ ਹੋਣ ਦਾ ਪਰਸੰਗ, ਆਪਣੀ ਅਨੂਠੀ ਸ਼ੈਲੀ ਵਿਚ ਬਿਆਨ ਕਰਦੇ ਹਨ ਕਿ ਤਹਿਸੀਲਦਾਰ ਨੂੰ "ਸਤਿ ਸ੍ਰੀ ਅਕਾਲ" ਦਾ ਉਚਾਰਨ ਨਹੀਂ ਆਉਂਦਾ। ਭਾਈ ਸਾਹਿਬ ਕਹਿੰਦੇ ਹਨ ਕਿ ਸਾਡੀ ਸਲਾਮ ਨਾਲ ਕੋਈ ਵਾਕਫੀਅਤ ਨਹੀਂ। ਅਖੀਰ ਤਹਿਸੀਲਦਾਰ ਕਾਗਜ਼ ਕਲਮ ਮੰਗਵਾ ਕੇ ਭਾਈ ਜੀ ਤੋਂ "ਸਤਿ ਸ੍ਰੀ ਅਕਾਲ" ਲਿਖਵਾ ਲੈਂਦਾ ਹੈ। ਇਸ ਨੂੰ ਰੋਜ਼ ਪਕਾਉਂਦਾ ਰਹਿੰਦਾ ਹੈ ਤੇ ਜਦੋਂ ਭਾਈ ਸਾਹਿਬ ਸਾਂਹਵੇਂ ਦਿਸਣ "ਸਤਿ ਸ੍ਰੀ ਅਕਾਲ" ਬੁਲਾਉਂਦਾ ਹੈ। ਨਾ ਹੀ ਸਿੰਘ ਸਾਹਿਬ, ਜਿਵੇਂ ਦੂਜੇ ਲੋਕ ਤਹਿਸੀਲਦਾਰ ਦੇ ਆਉਣ ਤੇ ਆਪਣਾ ਕੰਮ ਛੱਡ ਕੇ ਖੜ੍ਹੇ ਹੁੰਦੇ ਹਨ, ਕੰਮ ਬੰਦ ਕਰਦੇ ਹਨ, ਭਾਈ ਜੀ ਆਪਣੇ ਵਿਹਾਰ, ਪਕੌੜੇ ਤਲਣ ਵਿਚ ਰੁੱਝੇ ਰਹਿੰਦੇ ਹਨ। ਕਿਉਂਕਿ ਉਹ ਆਪਣੇ ਸਤਿਗੁਰੂ ਤੋਂ ਬਿਨਾਂ ਕਿਸੇ ਦੀ ਕਾਨ ਨਹੀਂ ਮੰਨਦੇ। ਉਹ ਆਪਣੇ ਵਿਹਾਰ ਦੇ ਬੜੇ ਮਾਹਰ ਹਨ। ਵੱਡੇ ਛੋਟੇ ਨਾਲ ਇਕ ਰਸ ਵਰਤਦੇ ਹਨ ਅਤੇ ਜੋ ਵੀ ਉਹਨਾਂ

*ਖਾਮੋਸ਼



Namdhari Elibrary NamdhariElibrary@gmail.com

ਪਾਸੋਂ ਇਕ ਵੇਰ ਪਕੌੜੇ ਛਕ ਜਾਂਦਾ ਹੈ, ਬਾਰ ਬਾਰ ਆਉਣਾ ਲੋਚਦਾ ਹੈ। ਐਸਾ ਕਮਾਇਆ ਹੋਇਆ ਜੀਵਨ ਹੈ, ਦਸਾਂ ਨਹੁੰਆਂ ਦੀ ਕ੍ਰਿਤ ਕਮਾਈ ਕਰਨ ਵਾਲੇ ਸੂਬਾ ਮਹਿਲ ਸਿੰਘ ਹੋਰਾਂ ਦਾ। ਉਹ ਸਤਿਗੁਰੂ ਰਾਮ ਸਿੰਘ ਜੀ ਦੀ ਸਿਖਿਆ ਨੂੰ ਆਤਮ ਸਾਤ ਕਰਕੇ, ਜੀਵਨ ਮੁਕਤ ਹੋ ਗਏ ਹਨ, ਬੰਧਨ ਮੁਕਤ ਹੋ ਗਏ ਹਨ। ਉਹਨਾਂ ਲਈ ਸਤਿਗੁਰੂ ਰਾਮ ਸਿੰਘ ਜੀ ਦੇ ਲੜ ਲੱਗ ਕੇ ਜਾਗਦੀ ਜ਼ਮੀਰ ਵਾਲੇ ਸਿੰਘ ਸਜਣਾ ਹੀ, ਗੋਰਾਸ਼ਾਹੀ ਦੀਆਂ ਜ਼ੰਜੀਰਾਂ ਤੋੜਨ ਦਾ, ਉਸ ਸਮੇਂ ਇਕੋ ਇਕ ਸੁਵੱਲਾ ਮਾਰਗ ਹੈ। ਭਾਈ ਜੀ ਦੇ ਸ਼ਬਦਾਂ ਵਿਚ ਤਹਿਸੀਲਦਾਰ ਦੀ ਕਥਾ ਦੁਹਰਾਉਣਾ ਦਿਲਚਸਪ ਰਹੇਗਾ :-

"ਥੋੜਾ ਸਾ ਤਿਨ ਕਹੋ ਪ੍ਰਸੰਗ॥
ਐਸੇ ਥੇ ਵਹ ਸਿੰਘ ਨਿਹੰਗ॥
ਹੁਜਰੇ ਸੇ ਤਹਿਸੀਲ ਉਠਾਈ॥
ਗੋਰਿਆਂ ਜਾ ਦਿਪਾਲਪੁਰ ਪਾਈ॥ ੨੪॥
ਆਇਓ ਇਕ ਤਹਿਸੀਲਦਾਰ ਤਹਿ॥
ਨਾਮ ਰਿਆਜ਼ ਹੁਸੈਨ ਕਹਿਤ ਤਿਹ॥
ਮਹਿਲ ਸਿੰਘ ਜੀ ਭੀ ਕੁਛ ਰੋਜ॥
ਗਏ ਦਿਪਾਲਪੁਰ ਮੈ ਨਿਜ ਮੌਜ॥ ੨੫॥
ਕਾਮ ਹਾਥ ਨਿਜ ਤਲੋਂ ਪਕੌਰੇ॥
ਏਕ ਦਵਾ ਖਾਵੇ ਸੋ ਲੋਰੇ॥
ਸਮਸਰ ਵਜਨ ਸਭਨ ਕੋ ਦੇਤੇ॥
ਹਾਕਮ ਊਚ ਨੀਚ ਸਭ ਲੇਤੇ॥ ੨੬॥
ਤਸੀਲਦਾਰ ਜਬ ਆਇ ਬਜਾਰ॥
ਸਭ ਸਲਾਮ ਕਰਤੇ ਡਰ ਧਾਰ॥
ਇਹ ਨਹਿੰ ਉਠੇਂ ਨ ਕਰੇ ਸਲਾਮ॥
ਪੂਛਾ ਕੌਣ ਸੁ ਕਹਿਤ ਤਮਾਮ॥ ੨੭॥
ਕੂਕਾ ਸਿਖ ਇਹ ਅਹੇ ਹਜੂਰ॥
ਨਾਮ ਮਹਿਲ ਸਿੰਘ ਗੁਰ ਭਰਪੂਰ॥
ਰਹਿਤ ਨਿਹੰਗ ਨ ਕਿਸ ਕੀ ਕਾਨ॥
ਸਚਾ ਲੋਕ ਹੈ ਫਕਰ ਮਹਾਨ॥ ੨੮॥
ਹਾਕਮ ਤਬ਼ਤਿਸ ਦਿਸਾ ਨਿਹਾਰਾ॥
ਖੜਾ ਹੋਇ ਕਰ ਕੀਆ ਦੀਦਾਰਾ॥
ਮਹਿਲ ਸਿੰਘ ਜੀ ਭਾਖਾ ਤਾਹਿ॥
ਹਮ ਸਲਾਮ ਕੇ ਵਾਕਫ਼ ਨਾਹਿ॥ ੨੯॥
ਵਾਕਫ਼ ਸਤਿ ਸ੍ਰੀ ਅਕਾਲ॥
ਜੋ ਰਾਜਾਇ ਬੋਲੇਂ ਤਿਸ ਨਾਲ॥
ਕਹਾ ਹਾਕਮ ਸੋ ਮੁਝੇ ਨ ਆਵੇ॥
ਮਹਿਲ ਸਿੰਘ ਜੀ ਫੇਰ ਸੁਨਾਵੇ॥ ੩੦॥

.............................................

ਜੈਸਾ ਸੁਣਾ ਸੁ ਦੇਖਾ ਆਇ॥
ਕਹਾ ਸੰਤ ਜੀ ਦੇਹੁ ਲਿਖਾਇ॥ ੩੧॥
ਸਿਆਹੀ ਕਾਗਜ ਕਲਮ ਮੰਗਾਯੋ॥
ਲਿਖ ਸਤਿ ਸ੍ਰੀ ਅਕਾਲ ਪਕਾਯੋ॥
ਰੋਜ ਆਵੈ ਜਬ ਨਿਕਟ ਦੁਕਾਨ॥
ਜੇਬੋਂ ਕਾਗਜ ਲੇ ਨਿਜ ਪਾਨ॥ ੩੨॥
ਨਮੋ ਗਜਾਇ ਹੰਸ ਜੈਕਾਰਾ॥
ਐਸਾ ਥਾ ਤਿਨ ਤੇਜ ਉਦਾਰਾ॥
ਚੂਲੇ ਪਰ ਸੇ ਆਗ ਹੁਕਈ॥
ਲੇਤੇ ਨਹਿ ਡਰ ਤੇ ਧੂੰਮ ਪਾਈ॥ ੩੩॥
ਲੇਵੇ ਜੋ ਤਿਸ ਕਰਤੇ ਮਾਰ॥
ਬਹੁਤ ਸਿਖਾਏ ਕਿਰਪਾ ਧਾਰ॥
ਨੜੀ ਮਾਰ ਕੇ ਯੋਂ ਉਸਤਾਦ॥
ਆਜ ਤਕ ਕਰਤੇਂ ਹੈਂ ਯਾਦ॥ ੩੪॥"[11]

ਜਗਤ ਜੂਠ ਤਮਾਕੂ ਵਰਤਣ ਵਾਲੇ, ਆਪ ਦੀ ਭੱਠੀ ਵਿਚੋਂ ਅੱਗ ਲੈਣ ਦਾ ਸਾਹਸ ਨਹੀਂ ਸਨ ਕਰਦੇ ਕਿਉਂ ਜੁ ਜਿਹਨੂੰ ਇਕ ਵੇਰ ਆਪ ਦੇ ਹੱਥ ਲੱਗ ਜਾਂਦੇ, ਉਹ ਦੂਜਿਆਂ ਨੂੰ ਵੀ ਸਮਝਾ ਜਾਂਦਾ ਕਿ ਸਿੰਘ ਦੀ ਮਰਿਆਦਾ ਵਿਚ ਵਿਘਨ ਪਾਉਣਾ ਖਤਰਨਾਕ ਹੁੰਦਾ ਹੈ। 'ਸਤਿਗੁਰੂ ਬਿਲਾਸ' ਦੇ ਕਰਤਾ ਮੁਤਾਬਿਕ, ਸੂਬਾ ਮਹਿਲ ਸਿੰਘ ਜਿਵੇਂ ਫਰੰਗੀਆਂ ਦੇ ਰਾਜ ਵਿਚ ਨਿਰਭੈ ਹੋ ਕੇ ਵਿਚਰਦਾ ਸੀ ਇਵੇਂ ਹੀ ਭੈਅ ਮੁਕਤ ਹੋ ਕੇ, ਉਹ ਦੇਸੀ ਰਿਆਸਤਾਂ ਜੰਮੂ, ਨਾਭਾ ਆਦਿ ਦੇ ਚੱਕਰ ਵੀ ਲਾਇਆ ਕਰਦਾ ਸੀ। ਜੰਮੂ ਕਸ਼ਮੀਰ ਅਤੇ ਨਾਭਾ ਰਿਆਸਤਾਂ ਕੂਕਾ ਲਹਿਰ ਪ੍ਰਤੀ ਹਮਦਰਦੀ ਦੇ ਭਾਵ ਰੱਖਦੀਆਂ ਸਨ। ਜੰਮੂ ਕਸ਼ਮੀਰ ਵਾਲੇ ਤਾਂ "ਕੂਕਾ ਰੈਜੀਮੈਂਟ" ਕਾਇਮ ਕਰਨ ਤਕ ਚਲੇ ਗਏ ਸਨ ਅਤੇ ਸਤਿਗੁਰੂ ਜੀ ਦਾ ਪੱਤਰ ਲੈ ਕੇ ਜਾਣ ਵਾਲੇ, ਕਿਸੇ ਵੀ ਸਿੰਘ ਨੂੰ, ਉਸ ਫੌਜ ਵਿਚ ਰੱਖ ਲਿਆ ਜਾਂਦਾ ਸੀ। ਨਾਭੇ ਦਾ ਮਹਾਰਾਜਾ ਹੀਰਾ ਸਿੰਘ ਤਾਂ ਸਤਿਗੁਰੂ ਜੀ ਦਾ ਸੇਵਕ ਸੀ। ਬਹੁਤ ਸਾਰੇ ਨਾਮਧਾਰੀ ਸਿੰਘਾਂ ਨਾਲ ਉਸ ਦੇ ਬੜੇ ਚੰਗੇ ਸਬੰਧ ਸਨ। ਸੰਤ ਸਾਹਿਬ ਸਿੰਘ ਭੈਮਾਂ ਬੱਧੀ ਵਾਲੇ ਕੂਕੇ ਸਿੰਘ ਤੋਂ ਉਹਨੇ ਅੱਖਰ ਗੁਰਮੁਖੀ ਪੜ੍ਹੇ ਸਨ। ਇਸ ਲਈ ਸੂਬਾ ਮਹਿਲ ਸਿੰਘ ਹੋਰਾਂ ਦਾ ਇਹਨਾਂ ਰਿਆਸਤਾਂ



Namdhari Elibrary NamdhariElibrary@gmail.com

ਵਿਚ ਵਿਚਰਨਾ, ਛੋਟੀ ਗੱਲ ਨਹੀਂ ਸੀ। ਉਹ ਕੌਮਾਂਤਰੀ ਪੱਧਰ ਤੇ, ਏਸ਼ੀਅਨ ਤਾਕਤਾਂ ਦਾ ਜਿਹੜਾ ਮੁਹਾਜ਼ ਅੰਗਰੇਜ਼ਾਂ ਦੇ ਖਿਲਾਫ ਬਨਾਉਣ ਦੀ, ਕੂਕਾ ਆਗੂਆਂ ਦੀ ਵਿਉਂਤਬੰਦੀ ਚੱਲ ਰਹੀ ਸੀ, ਉਸ ਦਾ ਸਰਗਰਮ ਹਿੱਸੇਦਾਰ ਸੀ। ਜਦੋਂ ਮਹਾਰਾਜਾ ਦਲੀਪ ਸਿੰਘ ਅਤੇ ਰੂਸ ਸਰਕਾਰ ਦੀ ਵਾਇਆ ਅਫਗਾਨਿਸਤਾਨ ਭਾਰਤ ਨੂੰ ਸੈਨਿਕ ਹਮਲੇ ਦੁਆਰਾ, ਅੰਗਰੇਜ਼ਾਂ ਤੋਂ ਮੁਕਤ ਕਰਾਉਣ ਦੀ ਯੋਜਨਾ ਬਣਾਈ ਜਾ ਰਹੀ ਸੀ ਤਾਂ ਦੇਸੀ ਰਿਆਸਤਾਂ ਵਿਚੋਂ ਰਾਜਾ ਬਿਕਰਮ ਸਿੰਘ ਫਰੀਦਕੋਟ, ਮਹਾਰਾਜਾ ਹੀਰਾ ਸਿੰਘ ਨਾਭਾ ਅਤੇ ਜੰਮੂ ਕਸ਼ਮੀਰ ਦਾ ਮਹਾਰਾਜਾ ਵੀ ਇਸ ਪ੍ਰਤੀ ਹਾਂਦਰੂ ਰਵੱਈਆ ਰੱਖਦਾ ਸੀ। ਸੋ ਕਾਦਰਾਬਾਦੀ ਜੀ ਦੇ ਇਹ ਸੰਕੇਤਕ ਸ਼ਬਦ ਵੀ, ਆਪਣੇ ਵਿਚ ਵੱਡੇ ਅਰਥ ਲਕੋਈ ਬੈਠੇ ਹਨ। ਉਹਨਾਂ ਨੇ ਮਹਿਲ ਸਿੰਘ ਹੋਰਾਂ ਦੇ ਅਤੀ ਦਲੇਰ ਸੁਭਾਉ ਦੀ ਮੁਕਤ ਕੰਠ ਨਾਲ ਪਰਸੰਸਾ ਕੀਤੀ ਹੈ :-

"ਗੁਰ ਬਚ ਕੋ ਐਸਾ ਭਰਾਵਾਸਾ॥
ਸਦਾ ਨਿਡਰ ਤਿਨ ਖੌਫ ਨ ਮਾਸਾ॥
ਜੰਮੂ ਨਾਭੇ ਰਾਜ ਫਰੰਗੀ॥
ਸੌਦਾ ਸਭ ਸੇ ਰਖੇ ਨਿਹੰਗੀ॥ ੩੫॥
ਸੈਰ ਕੀਆ ਰਾਜੇ ਦਰਸਾਇ॥
ਸਭ ਪ੍ਰਤਿ ਸਾਚੋ ਸਚ ਅਲਾਇ॥
ਲਾ ਪ੍ਰਵਾਹ ਨ ਰਖਤੇ ਕਾਨ॥
ਐਸੇ ਮਹਿਲ ਸਿੰਘ ਭੇ ਜਾਨ॥ ੩੬॥
ਬੈਨ ਗੁਰੂ ਕੇ ਅਟਲ ਸਦਾਈ॥
ਇਹ ਹਮ ਨਿਜ ਨੈਨਨ ਦ੍ਰਿਸਟਾਈ॥"[12]

ਸੋ ਜਿੱਥੇ ਵੱਡੇ ਵੱਡੇ ਮਾਲਕੀਆਂ ਵਾਲੇ ਜਗੀਰਦਾਰ, ਜ਼ੈਲਦਾਰ, ਸ਼ਾਹੂਕਾਰ ਆਦਿ ਕੂਕਾ ਅੰਦੋਲਨ ਨੂੰ ਲੱਗੇ ਵੱਡੇ ਝਟਕੇ ਦਾ ਮੁਕਾਬਲਾ, ਤਨਦੇਹੀ ਨਾਲ ਕਰਨ ਦੀ ਥਾਂ ਬੇਹਿੰਸ ਹੋ ਕੇ ਬੈਠ ਗਏ, ਪਾਲਾ ਬਦਲ ਗਏ; ਉੱਥੇ ਮਿਹਨਤਕਸ਼ ਵਰਗ ਨਾਲ ਸਬੰਧਿਤ ਕਿਰਤੀ, ਕਾਮੇ, ਛੋਟੇ ਤੇ ਦਰਮਿਆਨੇ ਕਿਸਾਨ, ਛੋਟੇ ਵਿਹਾਰ ਕਾਰ ਕਰਨ ਵਾਲੇ, ਇਸ ਭਿਆਨਕ ਦੌਰ ਵਿਚ ਵੀ, ਚੰਗੇ ਸਮੇਂ ਦੀ ਆਸ ਤੇ ਮੋਰਚੇ ਤੇ ਡਟੇ ਰਹੇ। ਉਹਨਾਂ ਦਿਆਂ ਨੈਣਾਂ ਵਿਚ ਉਹੋ ਆਸ ਝਲਕਦੀ ਸੀ, ਜਿਹੜੀ ਹੀਰ ਤੋਂ ਵਿੱਛੜ ਕੇ ਬਕੌਲ ਵਾਰਿਸ ਸ਼ਾਹ ਰਾਂਝੇ ਦੇ ਨੈਣਾਂ ਵਿਚ ਝਲਕਦੀ ਸੀ :-

"ਭਾਬੀ ਖ਼ਿਜ਼ਾਂ ਦੀ ਰੁੱਤ ਜਾਂ ਆਣ ਪਹੁੰਚੀ,
ਭੌਰ ਆਸਰੇ ਤੇ ਪਏ ਜਾਲਦੇ ਨੀ।
ਸੇਵਣ ਬੁਲਬੁਲਾ ਬੂਟਿਆਂ ਸੁੱਕਿਆਂ ਨੂੰ,
ਰੱਬਾ ਫੁੱਲ ਲੱਗਣ ਨਾਲ ਭਾਲ ਦੇ ਨੀ।
ਅਸਾਂ ਜਦੋਂ ਕਦੇ ਉਹਨਾਂ ਪਾਸ ਜਾਣਾ,
ਜਿਹੜੇ ਮਹਿਰਮ ਅਸਾਡੜੇ ਹਾਲ ਦੇ ਨੀ।
ਜਿਹਨਾਂ ਸੂਲੀਆਂ ਤੇ ਜਾ ਕੇ ਲਈ ਝੂਟੇ,
ਉਹ ਮਨਸੂਰ ਹੋਰੀਂ ਸਾਡੇ ਨਾਲ ਦੇ ਨੀ।"

ਸੱਤ ਸਮੁੰਦਰੋਂ ਪਾਰੋਂ ਆ ਕੇ, ਪੰਜ ਦਰਿਆਵਾਂ ਦੇ ਸੂਰਮਿਆਂ ਨੂੰ, ਨੱਥਣ ਵਾਲੀ ਗੋਰਾਸ਼ਾਹੀ ਦੇ ਵਿਰੁੱਧ ਜੂਝਣ ਵਾਲੇ, ਕੂਕਾ ਸੰਗਰਾਮੀਆਂ ਦਾ ਇਕ ਪ੍ਰਤੀਨਿਧ ਪਾਤਰ ਬਣ ਕੇ, ਹਮੇਸ਼ਾਂ ਯਾਦ ਆਉਂਦੇ ਰਹਿਣ ਵਾਲਾ ਉਚਾ ਸੁੱਚਾ ਨਾਮ ਹੈ ਸੂਬਾ ਮਹਿਲ ਸਿੰਘ 'ਜੇਠਪੁਰਾ'। ਉਸ ਦੀ ਭੱਠੀ ਵਿਚੋਂ ਤਲੇ ਜਾਂਦੇ ਪਕੌੜਿਆਂ ਦੀ ਮਹਿਕ ਦੇ ਨਾਲ ਨਾਲ, ਦੇਸ਼-ਭਗਤੀ, ਲੋਕ-ਭਗਤੀ ਅਤੇ ਚੜ੍ਹਦੀ ਕਲਾ ਦੀਆਂ ਲਪਟਾਂ ਵੀ ਸਦਾ ਉੱਠਦੀਆਂ ਰਹਿਣਗੀਆਂ।

**ਫੁੱਟ ਨੋਟ :-**

1. ਸ੍ਰੀ ਸਤਿਗੁਰੂ ਬਿਲਾਸ ਪਾਤਸ਼ਾਹੀ ਬਾਰ੍ਹਵੀਂ-ਸੰਤ ਧਿਆਨ ਸਿੰਘ ਕਾਦਰਾਬਾਦੀ, ਛਾਪ ਤੀਜੀ, ਸਫਾ ੧੩੪
2. ਗੁਰੂ ਰਾਮ ਸਿੰਘ ਐਂਡ ਦਾ ਕੂਕਾ ਸਿਖਜ਼-ਬੁੱਕ ੩ - ਨਾਹਰ ਸਿੰਘ ਐਮ. ਏ. (ਸੰਪਾਦਕ) - ਸਫਾ ੧੫-੧੬
3. ਕੂਕਾਜ਼ ਆਫ ਨੋਟ ਇਨ ਦਾ ਪੰਜਾਬ - (ਸੰਪਾਦਕ ਜਸਵਿੰਦਰ ਸਿੰਘ)-ਸਫਾ ੧੦੪-੦੭
4. ਉਹੀ - ਸਫਾ ੧੦੬-੧੦੯
5. ਉਹੀ - ਸਫਾ ੧੦੬-੧੦੭
6. ਉਹੀ - ਸਫਾ ੧੦੨-੦੩
7. ਪੰਜਾਬ ਦੀ ਜੋਗਰਾਫਯਾਈ ਤਵਾਰੀਖ-ਬੂਟੇ ਸ਼ਾਹ-ਲੋਕ ਗੀਤ ਪ੍ਰਕਾਸ਼ਨ (ਪੁਨਰ ਛਾਪ)-ਸਫਾ ੪੩-੪੪
8. ਸ੍ਰੀ ਸਤਿਗੁਰੂ ਬਿਲਾਸ ਪਾ. ਬਾਰ੍ਹਵੀਂ - ਸਫਾ ੧੦੩
9. ਸ੍ਰੀ ਸਤਿਗੁਰੂ ਬਿਲਾਸ ਪਾ. ਬਾਰ੍ਹਵੀਂ - ਸਫਾ ੧੦੩
10. ਸ੍ਰੀ ਸਤਿਗੁਰੂ ਬਿਲਾਸ ਪਾ. ਬਾਰ੍ਹਵੀਂ - ਸਫਾ ੧੦੩
11. ਉਹੀ - ਸਫਾ ੧੦੩-੦੪
12. ਉਹੀ - ਸਫਾ ੧੦੪

*ਪਿੰਡ ਤੇ ਡਾਕ ਕਰੀਵਾਲਾ (ਸਿਰਸਾ)*
*ਘਰ-੦੧੬੯੮-੨੭੪੫੬੨*
*ਮੋ-੦੯੯੯੬੩-੭੧੭੧੬*



Namdhari Elibrary NamdhariElibrary@gmail.com

੧ਓ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਨਵੇਂ ਨਵੇਂ ਵੰਨ-ਸੁਵੰਨੇ ਡਿਜ਼ਾਇਨਾਂ ਵਿਚ ਤਿਆਰ ਕੀਤੇ ਹੋਏ

ਚਮਕਦਾਰ ਅਤੇ ਪੱਕੇ ਰੰਗਾਂ ਵਾਲੇ

# ਫ਼ਰਸ਼ੀ ਦਰੀਆਂ ਅਤੇ ਗ਼ਲੀਚੇ

ਨਿਰਮਾਤਾ :

# ਨਾਮਧਾਰੀ ਸੇਲਜ਼

੧੦੨੪੦/੫੪ ਲਾਇਬ੍ਰੇਰੀ ਰੋਡ, ਆਜ਼ਾਦ ਮਾਰਕੀਟ, ਦਿੱਲੀ—੧੧੦੦੦੬

**Furshi Durries & Carpets**

*in Bright & Fast Colours*

**Manufacturers :**

# Namdhari Sales

10240/54, Library Road, Azad Market, Delhi-110006

Phone Office : 011-23516589, 011-23614784

Mobile Phone : S. Charanjit Singh 98105-56398
S. Satvinder Singh 9811655210



Namdhari Elibrary NamdhariElibrary@gmail.com

# ਆਜ਼ਾਦੀ ਸੰਗਰਾਮ ਵਿਚ ਜੁਲਾਈ ਦਾ ਮਹੀਨਾ
# ਡਾਇਰੀ ਕੌਮੀ ਲਹਿਰ

*(ਪ੍ਰੋ: ਮਲਵਿੰਦਰ ਜੀਤ ਸਿੰਘ ਵੜੈਚ)*

### ਜੁਲਾਈ ੧੯੦੬ :

(ਸ਼ਹੀਦ) ਮਦਨ ਲਾਲ ਢੀਂਗਰਾ ਉਚੇਰੀ ਪੜ੍ਹਾਈ (ਇੰਜੀਨੀਰਿੰਗ) ਲਈ ਲੰਡਨ ਪਹੁੰਚੇ।

### ੧ ਜੁਲਾਈ ੧੯੦੯:

ਮਦਨ ਲਾਲ ਢੀਂਗਰਾ ਨੇ ਬਦਨਾਮ ਅੰਗਰੇਜ਼ ਉੱਚ ਅਧਿਕਾਰੀ ਸਰ ਕਰਜ਼ਨ ਵਾਇਲੀ ਨੂੰ ਮਾਰ ਮੁਕਾਇਆ ਤੇ ਮੌਕੇ ਤੇ ਗ੍ਰਿਫਤਾਰੀ ਦਿੱਤੀ।

### ੪ ਜੁਲਾਈ ੧੯੨੭:

(ਸ਼ਹੀਦ) ਭਗਤ ਸਿੰਘ ਨੂੰ 'ਦੁਸਹਿਰਾ ਬੰਬ ਕੇਸ' ਦੀ ਤਫਤੀਸ਼ ਦੇ ਬਹਾਨੇ ੨੯ ਮਈ ਨੂੰ ਗ੍ਰਿਫਤਾਰ ਕੀਤੇ ਜਾਣ ਪਿੱਛੋਂ ਉਹਨਾਂ ਦੇ ਪਿਤਾ ਜੀ ਵੱਲੋਂ ਭੱਜ-ਦੌੜ ਕਰਕੇ ਲਾਹੌਰ ਹਾਈ ਕੋਰਟ ਦੁਆਰਾ ੬੦,੦੦੦ ਰੁਪੈ ਦੀ ਜ਼ਮਾਨਤ ਤੇ ਰਿਹਾਈ ਹੋਈ। (ਜ਼ਾਮਨ: ੩੦,੦੦੦ ਰੁਪੈ ਲਈ ਲਾਲਾ ਦੁਨੀ ਚੰਦ, ਬੈਰਿਸਟਰ ਤੇ ਬਰਾਬਰ ਦੀ ਰਕਮ ਲਈ ਲਾਲਾ ਦੌਲਤ ਰਾਮ ਜੀ)

### ੬ ਜੁਲਾਈ ੧੯੦੯ — ਲਾਲਾ ਲਾਜਪਤ ਰਾਏ ਵੱਲੋਂ ਹਤਕ ਇੱਜ਼ਤ ਦਾ ਦਾਅਵਾ :

ਲਾਲਾ ਜੀ ਨੇ ਕਲਕੱਤਾ ਦੇ ਇੱਕ ਅੰਗ੍ਰੇਜ਼ੀ ਪਰਚੇ "ਦੀ ਇੰਗਲਿਸਮੈਨ" ਤੇ ਹਤਕ ਇੱਜ਼ਤ (Defamation) ਦਾ ਮੁਕਦਮਾ ਕੀਤਾ ਸੀ। ਕਿਉਂ ਜੋ ਅਖ਼ਬਾਰ ਨੇ ਲਾਲਾ ਜੀ ਤੇ ਇਹ ਦੋਸ਼ ਲਾਇਆ ਸੀ ਕਿ ਉਹ ਫੌਜ ਦੀ ਅੰਗ੍ਰੇਜ਼ਾਂ ਪ੍ਰਤੀ ਵਫਾਦਾਰੀ ਨਾਲ ਛੇੜਛਾੜ ਕਰਦੇ ਹਨ। ਹੇਠਲੀ ਅਦਾਲਤ ਦੇ ਫੈਸਲੇ ਵਿਰੁੱਧ ਅਪੀਲ ਕਲਕੱਤਾ ਹਾਈ ਕੋਰਟ ਵਿਚ ਕੀਤੀ ਗਈ। ਹਾਈ ਕੋਰਟ ਨੇ ਅਖ਼ਬਾਰ ਨੂੰ ਹੁਕਮ ਦਿੱਤਾ ਕਿ ਉਹ ਲਾਲਾ ਜੀ ਨੂੰ ੧੫੦੦੦ ਰੁਪੈ ਹਰਜਾਨਾ ਤੇ ਕੇਸ ਦਾ ਖਰਚਾ ਅਦਾ ਕਰੇ।

### ੬ ਜੁਲਾਈ ੧੯੧੭ — ਦੂਜੇ ਬਰਮਾ ਮਾਂਡਲੇ ਸਾਜ਼ਸ਼ ਕੇਸਦਾ ਫ਼ੈਸਲਾ:

ਮੁਜ਼ਤਬਾ ਹੁਸੈਨ (ਜੌਨਪੁਰ, ਯੂ.ਪੀ.) ਨੂੰ ਫਾਂਸੀ, ਅਮਰ ਸਿੰਘ (ਸ਼ੇਰਪੁਰ ਕਲਾਂ, ਲੁਧਿਆਣਾ) ਅਲੀ ਅਹਿਮਦ ਸਦੀਕੀ (ਸ਼ਾਹਜ਼ਾਦਪੁਰ, ਫੈਜ਼ਾਬਾਦ, ਯੂ.ਪੀ.) ਰਾਮ ਰੱਖਾ (ਸਸੋਲੀ, ਹੋਸ਼ਿਆਰਪੁਰ) ਨੂੰ ਉਮਰ ਕੈਦ - ਕਾਲਾ ਪਾਣੀ ਦੀ ਸਜ਼ਾ ਹੋਈ। ਪੰਡਤ ਰਾਮ ਰੱਖਾ, ਅੰਡੇਮਾਨ ਜੇਲ੍ਹ ਵਿਚ ਭੁਖ ਹੜਤਾਲ ਦੌਰਾਨ ਸ਼ਹੀਦ ਹੋਏ ਸਨ।

### ੬ ਜੁਲਾਈ ੧੯੩੦ — ਗਡੋਡੀਆ ਸਟੋਰ (ਦਿੱਲੀ) ਤੇ ਡਾਕਾ:

ਆਜ਼ਾਦ ਤੇ ਸਾਥੀਆਂ ਵੱਲੋਂ ਦਿੱਲੀ ਦੇ ਇੱਕ ਧਨਾਢ ਬਿਉਪਾਰੀ (ਮਾਲਕ) ਦੇ ਪੁਲਿਸ ਕੋਲੋਂ ਇਹ ਪਤਾ ਲੱਗਣ ਪਿੱਛੋਂ ਕਿ ਉਹਨਾਂ ਦੇ ਗਡੋਡੀਆ ਸਟੋਰ ਤੇ ਡਾਕਾ ਆਜ਼ਾਦ ਹੋਰਾਂ ਨੇ ਮਾਰਿਆ ਸੀ, ਉਸਨੇ ਕਿਸੇ ਦੇ ਹੱਥ ਇਨਕਲਾਬੀਆਂ ਨੂੰ ਸੁਨੇਹਾ ਭੇਜਿਆ ਕਿ ਅੱਗੇ ਤੋਂ ਜਿੰਨੇ ਪੈਸਿਆਂ ਦੀ ਲੋੜ ਹੋਵੇ, ਚਿੱਟ ਭੇਜ ਕੇ ਮੰਗਵਾ ਲੈਣੇ, ਡਾਕਾ ਮਾਰਨ ਦੀ ਲੋੜ ਨਹੀਂ। ਨਾਲ ਹੀ ਉਸਨੇ ਆਪਣੇ ਸੰਬੰਧਤ ਕਰਮਚਾਰੀਆਂ ਨੂੰ ਪੁਲਿਸ ਤਫ਼ਤੀਸ਼ ਦੌਰਾਨ ਟਾਲ-ਮਟੋਲ ਵਾਲਾ ਰਵਈਆ ਅਪਨਾਉਣ ਦੀ ਹਦਾਇਤ ਵੀ ਕੀਤੀ।

### ੭ ਜੁਲਾਈ ੧੯੧੬ — ਪਹਿਲੇ ਬਰਮਾ ਮਾਂਡਲੇ ਸਾਜ਼ਸ਼ ਕੇਸ ਦਾ ਫ਼ੈਸਲਾ:

(ਬਾਬੂ) ਹਰਨਾਮ ਸਿੰਘ (ਸਾਹਰੀ, ਹੋਸ਼ਿਆਰਪੁਰ), ਚਾਲੀਆ ਰਾਮ (ਸਾਹਨੇਵਾਲ, ਲੁਧਿਆਣਾ), ਵਸਾਵਾ ਸਿੰਘ 'ਗੁੰਥੀ' (ਵਾੜਾ, ਹੋਸ਼ਿਆਰਪੁਰ), ਨਰਾਇਣ ਸਿੰਘ (ਬਾਲੋ-ਬਠਿੰਡਾ, ਰਿਆਸਤ ਪਟਿਆਲਾ), ਨਰਿੰਜਨ ਸਿੰਘ (ਸੰਗਤ ਪੁਰਾ, ਲੁਧਿਆਣਾ), ਪਾਲਾ ਸਿੰਘ (ਸ਼ੇਰਪੁਰ, ਲੁਧਿਆਣਾ) ਨੂੰ ਫਾਂਸੀ, ਤੇ ਚੇਤ ਰਾਮ (ਵੈਰੋਵਾਲ, ਸਿਆਲਕੋਟ), ਜੀਵਨ ਸਿੰਘ (ਢਿਲੋਂਕੇ, ਗੁਜਰਾਂਵਾਲਾ), ਕਪੂਰ ਸਿੰਘ (ਮੋਹੀ, ਲੁਧਿਆਣਾ), ਹਰਦਿੱਤ ਸਿੰਘ (ਲੰਮੇ, ਲੁਧਿਆਣਾ), ਕਿਰਪਾ ਰਾਮ (ਮਾਂਗਟ, ਗੁਜਰਾਤ) ਤੇ ਬੁੱਢਾ ਸਿੰਘ (ਢਿਲੋਂਕੇ, ਗੁਜਰਾਂਵਾਲਾ) ਨੂੰ ਉਮਰ ਕੈਦ - ਕਾਲਾ ਪਾਣੀ ਦੀ ਸਜ਼ਾ ਸੁਨਾਈ ਗਈ। ਅਖੀਰਲੇ ਗਦਰੀ (ਬੁੱਢਾ ਸਿੰਘ) ਅੰਡੇਮਾਨ ਜੇਲ੍ਹ ਅੰਦਰ ਭੁਖ ਹੜਤਾਲ ਦੌਰਾਨ ਸ਼ਹੀਦੀ ਪ੍ਰਾਪਤ ਕਰ ਗਏ।

### ੧੦ ਜੁਲਾਈ ੧੯੦੫ — ਇੰਡੀਆ ਹਾਊਸ



Namdhari Elibrary NamdhariElibrary@gmail.com

(ਲੰਡਨ ਦੀ ਸਥਾਪਨਾ):

ਜਲਾਵਤਨ ਦੇਸ਼ ਭਗਤ ਸ਼ਿਆਮਜੀ ਕ੍ਰਿਸ਼ਨਵਰਮਾ ਦੇ ਉਦਮ ਨਾਲ ੬੫, ਕਰਾਮਵੈਲ ਐਵੀਨਿਊਹਾਈਗੇਟ ਵਿਖੇ ਹਿੰਦੀ ਦੇਸ਼ਭਗਤਾਂ ਦੀਆਂ ਸਰਗਰਮੀਆਂ ਦੇ ਕੇਂਦਰ ਵਜੋਂ ਕਾਇਮ ਕੀਤਾ ਗਿਆ ਸੀ।

### ੧੦ ਜੁਲਾਈ ੧੯੨੯ — ਲਾਹੌਰ ਸਾਜ਼ਸ਼ ਕੇਸ ਦੀ ਸ਼ੁਰੂਆਤ:

ਸ਼ਹੀਦ ਭਗਤ ਸਿੰਘ ਤੇ ਸਾਥੀਆਂ ਵਿਰੁੱਧ ਲਾਹੌਰ ਸੈਂਟਰਲ ਜੇਲ੍ਹ ਅੰਦਰ ਹੀ ਪੰਡਤ ਸ੍ਰੀ ਕ੍ਰਿਸ਼ਨ ਸਪੈਸ਼ਲ ਮੈਜਿਸਟ੍ਰੇਟ ਦੀ ਅਦਾਲਤ ਵਿਚ ਮੁਕਦਮਾ ਸ਼ੁਰੂਹੋਇਆ।

### ੧੦ ਜੁਲਾਈ ੧੯੩੦ — ਲਾਹੌਰ ਸਾਜ਼ਸ਼ ਕੇਸ: ਸਪੈਸ਼ਲ ਟ੍ਰਿਬਿਊਨਲ ਵਲੋਂ ਦੋਸ਼ ਆਇਦ ਹੋਣਾ:

ਪਹਿਲੀ ਮਈ ੧੯੩੦ ਦੇ ਸਪੈਸ਼ਲ ਔਰਡੀਨੈਂਨਸ ਤਹਿਤ ਗੱਠਤ ਸਪੈਸ਼ਲ ਟ੍ਰਿਬਿਊਨਲ ਵਲੋਂ ਇਨ੍ਹਾਂ ਪੰਦਰਾ ਨੌਜਵਾਲਾਂ ਵਿਰੁੱਧ ਦੋਸ਼ ਆਇਦ ਕੀਤੇ ਗਏ।

### ੧੪ ਜੁਲਾਈ ੧੯੧੪ — ਗੁਰਦੁਆਰਾ ਰਕਾਬ ਗੰਜ ਸਾਹਿਬ, ਦਿੱਲੀ:

ਗੁਰਦੁਆਰਾ ਰਕਾਬ ਗੰਜ ਸਾਹਿਬ ਦੀ ਚਾਰਦੀਵਾਰੀ ਸਰਕਾਰ ਵੱਲੋਂ ਢਾਹ ਦਿੱਤੇ ਜਾਣ ਦੀ ਸਕੀਮ ਵਿਰੁੱਧ ਰੋਸ ਵਜੋਂ ਪੰਜਾਬ ਭਰ ਵਿਚ ਸਿੱਖਾਂ ਵੱਲੋਂ ਦਿੱਲੀ ਵਿਚ ਪ੍ਰਚੰਡ ਮੁਜ਼ਾਹਰੇ ਕਰਨ ਬਾਰੇ ਸਰਕਾਰ ਨੂੰ ਲਾਇਲਪੁਰ ਜੁੜੀ ਸੰਗਤ ਵੱਲੋਂ ਚੇਤਾਵਨੀ ਦਿੱਤੀ ਗਈ। ਸਰਕਾਰ ਦੀ ਇਸ ਸਕੀਮ ਤਹਿਤ ਵਾਈਸਰਾਏ ਭਵਨ (ਹੁਣ ਰਾਸ਼ਟਰਪਤੀ ਭਵਨ) ਨੂੰ ਹੋਰ ਮੋਕਲਾ ਕਰਨ ਹਿਤ ਗੁਰਦੁਆਰੇ ਦੀ ਚਾਰਦੀਵਾਰੀ ਢਾਹੀ ਜਾਣੀ ਸੀ। ਪੰਜਾਬ ਦੇ ਸਿੱਖਾਂ ਅੰਦਰ ਇਸ ਮੁੱਦੇ ਤੇ ਵੀ ਧਨਾਢ, ਜਾਗੀਰਦਾਰ ਤੇ ਰਾਜ ਪੱਖੀ ਸਿੱਖਾਂ ਦੇ ਇਕ ਵਰਗ ਨੇ ਨਿਝੱਕ ਹੋਕੇ ਸਰਕਾਰ ਦਾ ਪੱਖ ਪੂਰਿਆ। ਦੂਜੇ ਪਾਸੇ ਨਿਰੋਲ ਧਾਰਮਿਕ ਬਿਰਤੀ ਵਾਲੀਆਂ, ਭਾਈ ਸਾਹਿਬ ਰਣਧੀਰ ਸਿੰਘ ਵਰਗੀਆਂ ਪ੍ਰਸਿੱਧ ਹਸਤੀਆਂ ਸਰਕਾਰ ਦੀਆਂ ਕੱਟੜ ਵਿਰੋਧੀ ਹੋ ਨਿਬੜੀਆਂ ਸਨ, ਜਿਸ ਭਾਵਨਾ ਨੇ ਅੱਗੇ ਜਾਕੇ ਪ੍ਰਚੰਡ ਗੁਰਦੁਆਰਾ ਸੁਧਾਰ ਲਹਿਰ ਦਾ ਰੂਪ ਧਾਰਿਆ।

### ੧੫ ਜੁਲਾਈ ੧੯੩੧— ਬੱਬਰ ਰਤਨ ਸਿੰਘ (ਪਿੰਡ ਰਕੜ, ਜਲੰਧਰ) ਦੀ ਜੁਝਾਰੂ ਸ਼ਹੀਦੀ:

ਬੱਬਰ ਰਤਨ ਸਿੰਘ ਇੱਕ ਵਾਰੀ ਦਸ ਹੋਰ ਬਬਰਾਂ ਸਮੇਤ ਗ੍ਰਿਫਤਾਰੀ ਦੌਰਾਨ ਰੇਲ ਗੱਡੀ ਵਿਚਲੀ ਪੁਲਿਸ ਟੁਕੜੀ ਤੇ ਬਠਿੰਡਾ ਨੇੜੇ ਹਮਲਾ ਕਰਕੇ ਫ਼ਰਾਰ ਹੋ ਗਏ ਸਨ। ਅਖੀਰ ਪੁਲਿਸ ਨੂੰ ਸੂਹ ਲਗਣ ਤੇ ਪਿੰਡ ਰੁੜਕੀ ਵਿਚ ਹਥਿਆਰਬੰਦ ਪੁਲਿਸ ਦੀ ਧਾੜ ਨੇ ਘੇਰਾ ਪਾ ਲਿਆ। ਦੁਪਾਸੀ ਚਲੀ ਲੰਮੀ ਝੜਪ ਵਿਚ ਤਿੰਨ ਪੁਲਿਸ ਵਾਲੇ ਮਾਰੇ ਗਏ ਤੇ ਇਹ ਸਿਰਲਥਾ ਯੋਧਾ ਵੀ ਸ਼ਹੀਦੀ ਜਾਮ ਪੀ ਗਿਆ।

### ੨੦ ਜੁਲਾਈ ੧੯੧੦ (ਸ਼ਤਾਬਦੀ ਵਰ੍ਹਾ) : ਸ਼ਹੀਦ ਭਗਤ ਸਿੰਘ ਦੇ ਚਾਚਾ ਜੀ, ਸ. ਸਵਰਨ ਸਿੰਘ ਦਾ ਸਦੀਵੀ ਵਿਛੋੜਾ:

੧੯੦੭ ਦੀ 'ਪਗੜੀ ਸੰਭਾਲ ਜੱਟਾ' ਦੀ ਸੰਚਾਲਕ ਭਾਰਤ ਮਾਤਾ ਸੋਸਾਇਟੀ ਲਗਾਤਾਰ ਪਰਚਿਆਂ, ਕਿਤਾਬਚਿਆਂ ਰਾਹੀਂ ਜੰਤਾ ਨੂੰ ਜਾਗਰੂਕ ਕਰਦੀ ਆ ਰਹੀ ਸੀ, ਜੋ ਸਰਕਾਰ ਦੀ ਨੀਂਦਰ ਹਰਾਮ ਕਰ ਰਹੀ ਸੀ। ਰੋਹ ਵਿਚ ਆਕੇ ਸਰਕਾਰ ਸ. ਅਜੀਤ ਸਿੰਘ, ਸ. ਕਿਸ਼ਨ ਸਿੰਘ, ਸੂਫ਼ੀ ਅੰਬਾ ਪ੍ਰਸ਼ਾਦ, ਲਾਲਾ ਲਾਲ ਚੰਦ 'ਫ਼ਲਿਕ', ਤੇ ਸ. ਸਵਰਨ ਸਿੰਘ ਨੂੰ ਕਈ ਕੇਸਾਂ ਵਿਚ ਲਗਾਤਾਰ ਜੇਲ੍ਹ ਯਾਤਰਾਵਾਂ ਕਰਾਉਂਦੀ ਆ ਰਹੀ ਸੀ। ਸ. ਸਵਰਨ ਸਿੰਘ ਦੀ ਅਜੇ ਸ਼ਾਦੀ ਹੋਈ ਹੀ ਸੀ ਕਿ ਗ੍ਰਿਫਤਾਰ ਕਰਕੇ ਜੇਲ੍ਹ ਵਿਚ ਐਸੀ ਦੁਰਦਸ਼ਾ ਵਿਚ ਰੱਖੇ ਗਏ ਕਿ ਤਪਦਿਕ (ਟੀ.ਬੀ.) ਹੋ ਗਈ ਤੇ ਜਦੋਂ ਇਹ ਮਾਰੂਰੋਗ ਦੂਜੀ ਸਟੇਜ ਤੇ ਪਹੁੰਚ ਗਿਆ ਤਾਂ ਸਰਕਾਰ ਨੂੰ ਲਗਾ ਕਿ ਇਹਨਾਂ ਦਾ ਬਚਨਾ ਅਸੰਭਵ ਹੈ, ਤਾਂ ਰਿਹਾ ਕਰ ਦਿੱਤਾ, ਤੇ ਇਹ ਕੁਛ ਹੀ ਹਫਤਿਆਂ ਵਿਚ ਸ਼ਹੀਦੀ ਪ੍ਰਾਪਤ ਕਰ ਗਏ।

### ੨੦ ਜੁਲਾਈ ੧੯੧੫ — ਅਮਰੀਕਾ ਤੋਂ ਹਥਿਆਰ ਲਿਆਉਂਦਾ ਜਹਾਜ਼ 'ਮੈਵਰਿਕ' (S.S. Maverick) :

ਅਮਰੀਕਾ ਤੋਂ ਹਥਿਆਰ ਲਿਆਉਂਦੇ ਇਸ 'ਮੈਵਰਿਕ' ਨਾਮੀ ਜਹਾਜ ਨੂੰ ਇੰਡੋਨੇਸ਼ੀਆ ਦੇ ਬਟਾਵੀਆ ਟਾਪੂਤੇ ਬਰਤਾਨਵੀ ਨੇਵੀ ਨੇ ਘੇਰ ਲਿਆ। ਇਸ ਮੁਹਿਮ ਦੇ ਆਗੂਸਨ ਬਾਬਾ ਹਰੀ ਸਿੰਘ 'ਉਸਮਾਨ' (ਬਦੋਵਾਲ, ਲੁਧਿਆਣਾ)। ਜਹਾਜ ਵਿਚ ਉਸ ਵੇਲੇ ਕੋਈ ਵੀ ਹਥਿਆਰ ਨਹੀਂ ਸੀ ਮਿਲਿਆ। (ਹਵਾਲਾ: ਡਾਇਰੀ ਬਾਬਾ ਹਰੀ ਸਿੰਘ 'ਉਸਮਾਨ', ਸੰਪਾਦਕ: ਮਲਵਿੰਦਰ ਜੀਤ ਸਿੰਘ ਵੜੈਚ, ਪਰਕਾਸ਼ਕ, ਤਰਕ ਭਾਰਤੀ, ਬਰਨਾਲਾ)।


Namdhari Elibrary NamdhariElibrary@gmail.com

## ੨੦ ਜੁਲਾਈ ੧੯੬੫ – ਬੀ.ਕੇ. ਦੱਤ ਦਾ ਸਦੀਵੀ ਵਿਛੋੜਾ:

ਅਸੈਂਬਲੀ ਬੰਬ ਦੇ ੮ ਅਪ੍ਰੈਲ ੧੯੨੯ ਵਾਲੇ ਸਾਕੇ ਦੇ ਭਗਤ ਸਿੰਘ ਦੇ ਸਹਿਯੋਗੀ, ਬੀ.ਕੇ. ਦੱਤ ਲੰਮੀ ਬੀਮਾਰੀ ਪਿੱਛੋਂ ਸਦੀਵੀ ਵਿਛੋੜਾ ਦੇ ਗਏ। ਉਹਨਾਂ ਦੀ ਇੱਛਾ ਅਨੁਸਾਰ ਉਹਨਾਂ ਦਾ ਅੰਤਿਮ ਸੰਸਕਾਰ ਹੁਸੈਨੀਵਾਲਾ (ਫ਼ੀਰੋਜ਼ਪੁਰ) ਉਹਨਾਂ ਦੇ ਸ਼ਹੀਦ ਸਾਥੀਆਂ ਦੀਆਂ ਸਮਾਧੀਆਂ ਵਿਚਾਲੇ ਕੀਤਾ ਗਿਆ ਸੀ।

## ੨੧ ਜੁਲਾਈ ੧੯੧੪ – ਗ਼ਦਰ ਪਾਰਟੀ ਪ੍ਰਧਾਨ ਸੋਹਣ ਸਿੰਘ ਭਕਨਾ, ਕੋਮਾਗਾਟਾ ਮਾਰੂਜਹਾਜ਼ ਨਾਲ ਸੰਪਰਕ ਲਈ ਅਮਰੀਕਾ ਤੋਂ ਰਵਾਨਾ:

ਉਹਨਾਂ ਪਾਸ ਇੱਕ ਪਿਸਤੌਲਾਂ ਦੀ ਭਰੀ ਪੇਟੀ, ਕਾਰਤੂਸ, ਤੇ ਗਦਰੀ ਸਾਹਿਤ ਵੀ ਸੀ ਜੋ ਕਰਤਾਰ ਸਿੰਘ ਸਰਾਭਾ ਉਹਨਾਂ ਦੇ ਜਹਾਜ਼ ਤੇ ਸਵਾਰ ਹੋਣੇ ਤੋਂ ਪਹਿਲਾਂ ਹੀ ਉਹਨਾਂ ਦੇ ਕੈਬਿਲ (Cabin) ਵਿਚ ਪੁਚਾ ਆਇਆ ਸੀ।

## ੨੩ ਜੁਲਾਈ ੧੯੧੪: ਕੌਮਾਗਾਟਾ ਮਾਰੂਜਹਾਜ ਦੀ ਵਾਪਸੀ

ਇਸ ਜਹਾਜ ਨੂੰ ਦੋ ਮਹੀਨੇ ਸਮੁੰਦਰ ਵਿੱਚ ਕੈਦ ਰੱਖਣ ਪਿਛੋਂ ਵੈਨਕੂਵਰ ਤੋਂ ਵਾਪਸ ਮੋੜ ਦਿੱਤਾ ਗਿਆ ਸੀ।

## ੨੩ ਜੁਲਾਈ ੧੯੦੬ – ਚੰਦਰ ਸ਼ੇਖਰ ਆਜ਼ਾਦ ਦਾ ਜਨਮ:

ਚੰਦਰ ਸ਼ੇਖਰ ਦਾ ਜਨਮ ਭਾਂਵਰਾ (ਜ਼ਿਲ੍ਹਾ ਝਬੂਆ, ਮੱਧ ਪ੍ਰਦੇਸ਼) ਵਿਚ ਪੰਡਤ ਸੀਤਾ ਰਾਮ ਤੇਵਾੜੀ ਤੇ ਮਾਤਾ ਜਗਰਾਣੀ ਦੇਵੀ ਦੀ ਸੁਲਖਣੀ ਕੁਖੋਂ ਹੋਇਆ।

## ੩੧ ਜੁਲਾਈ ੧੮੫੭ – ਅਜਨਾਲਾ (ਅੰਮ੍ਰਿਤਸਰ) ਦੇ ਕਲਿਆਂ ਵਾਲੇ ਖੂਹ ਦਾ ਖ਼ੂਨੀ ਸਾਕਾ:

ਲਾਹੌਰ ਛਾਉਣੀ ਦੇ ਤਿੰਨ ਕੁ ਸੌ ਵਿਦਰੋਹੀ ਸਿਪਾਹੀ ਦਿੱਲੀ ਵੱਲ ਜਾਂਦੇ ਹੋਏ ਰਾਵੀ ਪਾਰ ਕਰਕੇ ਅਜਨਾਲੇ ਵੱਲ ਨੂੰ ਆ ਰਹੇ ਸਨ, ਜਿੱਥੇ ਅੰਮ੍ਰਿਤਸਰ ਦੇ ਡੀ.ਸੀ. ਫਰੈਡਰਿਕ ਕੂਪਰ (ਜੀਹਦੇ ਨਾਂ ਦੀ ਅੱਜ ਵੀ ਅੰਮ੍ਰਿਤਸਰ ਸ਼ਹਿਰ ਵਿਚ ਸੜਕ ਮੌਜੂਦ ਹੈ) ਨੇ ਗੋਰੇ ਫ਼ੌਜੀਆਂ ਦੀ ਸਹਾਇਤਾ ਨਾਲ ਘਰ ਕੇ ੨੦੦ ਸਿਪਾਹੀਆਂ ਨੂੰ ਅਜਨਾਲੇ ਦੀ ਪੁਰਾਣੀ ਤਹਿਸੀਲ ਇਮਾਰਤ ਵਿਚ ਰਾਤੀ ਤੂੜ ਦਿੱਤਾ, ਜੋ ਰਾਤੋ-ਰਾਤ ਦਮ ਤੋੜ ਗਏ। ਬਾਕੀ ਦਿਆਂ ਨੂੰ ਗੋਲੀਆਂ ਨਾਲ ਭੁੰਨ ਕੇ ਉਹਨਾਂ ਦੀਆਂ ਮ੍ਰਿਤਕ ਦੇਹਾਂ ਖੂਹ ਵਿੱਚ ਸੁਟ ਕੇ ਉਪਰੋਂ ਮਿੱਟੀ ਪੁਆ ਦਿੱਤੀ।

## ੩੧ ਜੁਲਾਈ ੧੯੪੦ – ਊਧਮ ਸਿੰਘ ਸੁਨਾਮ ਦੀ ਸ਼ਹੀਦੀ:

੧੩ ਅਪ੍ਰੈਲ ੧੯੧੯ ਦੀ ਜਲਿਆਂਵਾਲੇ ਬਾਗ਼ ਅੰਦਰ ਕੀਤੇ ਗਏ ਕਤਲੇਆਮ ਦੇ ਦਿਮਾਗ਼, ਪੰਜਾਬ ਦੇ ਗਵਰਨਰ ਸਰ ਮਾਈਕਲ ਓਡਵਾਇਰ ਨੂੰ ਬਰਤਾਨਵੀ ਸਾਮਰਾਜ ਦੀ ਰਾਜਧਾਨੀ ਲੰਡਨ ਵਿੱਚ ੧੩ ਮਾਰਚ ੧੯੪੦ ਨੂੰ ਸਰੇਆਮ ਪਾਰ ਬੁਲਾਕੇ ਲੰਡਨ ਜੇਲ੍ਹ ਵਿਚ ਸ਼ਹੀਦ ਕੀਤੇ ਗਏ। ਜ਼ਿਕਰਯੋਗ ਹੈ ਕਿ ਬਦਨਾਮ ਫ਼ੌਜੀ ਜਰਨੈਲ ਡਾਇਰ ਬੀਮਾਰੀ ਨਾਲ ੨੩ ਜੁਲਾਈ ੧੯੨੭ ਨੂੰ ਚਲ ਵਸਿਆ ਸੀ। ਪਰ ਸਭ ਤੋਂ ਵੱਡੀ ਨਮੋਸ਼ੀ ਵਾਲੀ ਗੱਲ ਇਹ ਹੋਈ ਸੀ ਕਿ ਉਸੇ ਅੰਮ੍ਰਿਤਸਰ ਸ਼ਹਿਰ ਦੀ ਲਹੂਗੜ੍ਹਚੀ ਧਰਤੀ ਤੇ ਦਸੰਬਰ ੧੯੧੯ ਵਿਚ ਕਾਂਗਰੇਸ ਸੈਸ਼ਨ ਦੌਰਾਨ ਪਾਸ ਕੀਤੇ ਗਏ ਮੱਤਿਆਂ ਵਿਚੋਂ ਇੱਕ ਮੱਤਾ "ਅੰਗ੍ਰੇਜ਼ ਸ਼ਹਿਨਸ਼ਾਹ ਪ੍ਰਤੀ ਵਫ਼ਾਦਾਰੀ ਦੀ ਪਰੋੜਤਾ, ਅਤੇ ਬਰਤਾਨੀਆਂ ਦੀ ਵਿਸ਼ਵ ਯੁੱਧ ਵਿਚ ਕਾਮਯਾਬੀ ਤੇ ਸੰਤੁਸ਼ਟਾ" ਵੀ ਪਾਸ ਕੀਤਾ ਗਿਆ ਸੀ। (ਹਵਾਲਾ: "ਹਿਸਟਰੀ ਔਫ਼ ਫ਼੍ਰੀਡਮ ਮੂਵਮੈਂਟ ਇਨ ਇੰਡੀਆ", ਭਾਗ ਤੀਜਾ, ਪਬਲੀਕੇਸ਼ਨ ਡਿਵੀਜਨ, ਹਿੰਦ ਸਰਕਾਰ, ੧੯੭੨, ਪੰਨਾ ੪੬੮)

> ਉਹ ਲੋਕ ਗੁਲਾਮ ਹਨ ਜੋ ਕਮਜ਼ੋਰਾਂ ਅਤੇ ਗੁਲਾਮਾਂ ਦੇ ਪੱਖ ਵਿਚ ਬੋਲਣੋ ਡਰਦੇ ਹਨ। ਉਹ ਕਮਦਿਲ ਅਤੇ ਦਬੈਲ ਹਨ ਜੋ ਧੱਕੇ ਮੁੱਕੀ, ਧਮਕੀ ਜਾਂ ਘਿਰਣਾ ਤੋਂ ਡਰ ਕੇ ਸੱਚ ਕਹਿਣੋਂ ਅਤੇ ਸੋਚਣੋਂ ਕਤਰਾਂਦੇ ਹਨ। ਉਹ ਵੀ ਗੁਲਾਮ ਹਨ ਜੋ ਸਚਾਈ ਦੀ ਖਾਤਰ ਬਹੁ ਸੰਮਤੀ ਦੇ ਟਾਕਰੇ ਵਿਚ ਇਕੱਲੇ ਜਾਂ ਇਕ ਦੋ ਸਾਥੀਆਂ ਦੇ ਨਾਲ ਸੱਚ ਦੀ ਆਵਾਜ਼ ਨਹੀਂ ਉਠਾਉਂਦੇ।
>
> *—ਜੇ. ਆਰ. ਲਾਵੇਲ*
>
> ਮਨੁੱਖ ਦੇ ਅੱਧੇ ਗੁਣ ਤਾਂ ਉਸ ਸਮੇਂ ਹੀ ਖਤਮ ਹੋ ਜਾਂਦੇ ਹਨ ਜਦ ਉਹ ਦੂਸਰਿਆਂ ਦੀ ਗੁਲਾਮੀ ਸਵੀਕਾਰ ਕਰ ਲੈਂਦਾ ਹੈ।
>
> *—ਹੋਮਰ*
>
> ਸਭਿਅਤਾ ਦਾ ਮਹਿਲ ਹੁਣ ਤਕ ਹਮੇਸ਼ਾ ਗੁਲਾਮੀ ਦੀਆਂ ਨੀਹਾਂ ਤੇ ਉਸਰਿਆ ਗਿਆ ਹੈ ਚਾਹੇ ਉਹ ਗੁਲਾਮ ਇਨਸਾਨ ਹੋਣ ਜਾਂ ਮਸ਼ੀਨਾਂ।
>
> *—ਆਸਕਰ ਵਾਇਲਡ*



Namdhari Elibrary NamdhariElibrary@gmail.com






Namdhari Elibrary NamdhariElibrary@gmail.com

# ਈਮਾਨ

*—ਸਾਧੂ ਸਿੰਘ ਕਿਸਾਨ*

ਓਹਨਾਂ ਵੇਲਿਆਂ ਦੀ ਗੱਲ ਏ-ਜਦੋਂ ਬਹੁਤਾ ਸਫ਼ਰ ਪੈਦਲ ਜਾਂ ਵਿਰਲੇ ਟਾਂਵੇਂ ਘੋੜੀਆਂ ਤੇ ਕਰਦੇ ਸਨ।

ਇਕ ਗੱਭਰੂ, ਰਿਸ਼ਤੇਦਾਰੀ 'ਚ ਵਿਆਹ, ਕਿਸੇ ਦੂਰਾਡੇ ਪਿੰਡ ਜਾ ਰਿਹਾ ਸੀ। ਸ਼ੰਮਲੇ ਵਾਲੀ ਪੱਗ, ਬੋਸਕੀ ਦਾ ਕੁੜਤਾ, ਧੜ ਧੜ ਕਰਦਾ ਚਿੱਟੇ ਲੱਠੇ ਦਾ ਤਹਿਮਦ, ਪੈਰੀਂ ਚੂੰ ਚੂੰ ਕਰਦੀ ਤਿੱਲੇਦਾਰ ਜੁੱਤੀ। ਹੱਥ ਵਿਚ ਤੇਲ ਨਾਲ ਕਾਲੀ ਕੀਤੀ ਹੋਈ ਦੋਹਰੇ ਸੰਮਾਂ ਵਾਲੀ ਡਾਂਗ, ਸਿਆਲੀ ਦਿਨਾਂ 'ਚ, ਮੋਢੇ ਤੇ ਕਾਲੀ ਜਹੀ ਲੋਈ ਸੁੱਟ ਕੇ, ਘਰੋਂ ਤੁਰ ਪਿਆ।

ਢਲੇ ਦਿਨ, ਜੰਗਲ 'ਚੋਂ ਲੰਘਦੇ ਨੂੰ ਮੱਝਾਂ ਦਾ ਵੱਗ ਮਿਲਿਆ, ਜਿਨ੍ਹਾਂ 'ਚੋਂ ਇਕ ਵਿੱਟਿਆ ਝੋਟਾ ਫੂੰ ਫੂੰ ਕਰਦਾ, ਏਹਨੂੰ ਮਾਰਨ ਪੈ ਗਿਆ। ਮਾਲ ਚਾਰਨ ਵਾਲਾ ਜਵਾਨ, ਡਾਂਗ ਦੀ ਢੋਹ ਲਾ ਕੇ ਪਰ੍ਹਾਂ ਖਲੋਤਾ ਵੇਖ ਰਿਹਾ ਸੀ।

ਰਾਹੀ ਨੇ ਵਾਜ ਮਾਰੀ, "ਜਵਾਨਾਂ! ਏਹਨੂੰ ਡੱਕ ਲੈ।" ਪਰ ਓਹ ਚੁੱਪ ਕਰ ਕੇ ਖੜ੍ਹਾ ਵੇਂਹਦਾ ਰਿਹਾ।

ਪਹਿਲਾਂ ਤਾਂ ਰਾਹੀ ਨੇ ਲੋਈ ਨਾਲ ਡਰਾਣ ਦਾ ਚਾਰਾ ਕੀਤਾ, ਪਰ ਝੋਟਾ ਏਹਦੇ ਗਲ਼ ਆ ਪਿਆ ਤਾਂ ਏਹ ਵੀ ਡਾਂਗੀ ਡਹਿ ਪਿਆ। ਇਕ ਡਾਂਗ ਨਾਲ ਝੋਟੇ ਦਾ ਸਿੰਗ ਉੱਖੜ ਕੇ ਔਹ ਜਾ ਪਿਆ। ਝੋਟਾ ਅੱਗੇ ਭੱਜ ਵਗਿਆ, ਰਾਹੀ ਨੇ ਪਿਛੋਂ ਭੱਜ ਕੇ ਝੋਟੇ ਨੂੰ ਚੰਗਾ ਫੰਡਿਆ।

ਮਾਲ ਦਾ ਵਾਗੀ ਆਂਹਦਾ, "ਠਹਿਰ ਓਏ ਜਵਾਨਾਂ! ਝੋਟੇ ਦਾ ਸਿੰਘ ਤੋੜ ਕੇ ਹੁਣ ਜਾਈਂ ਨਾ।"

ਰਾਹੀ ਆਂਹਦਾ, "ਓਦੋਂ ਆਖਿਆ ਸੀ ਏਹਨੂੰ ਮੋੜ ਲੈ! ਹੁਣ ਤੈਨੂੰ ਵੀ ਪੀੜ ਹੋਈ ਏ। ਜੇ ਝੋਟਾ ਮੈਨੂੰ ਢਾਹ ਲੈਂਦਾ-ਫੇਰ?"

ਵਾਗੀ ਕਹਿੰਦਾ-"ਫੇਰ-ਫੂਰ ਦਾ ਮੈਨੂੰ ਪਤਾ ਨਹੀਂ। ਔਧਰ ਮੇਰੇ ਸਾਂਹਵੇਂ ਆ! ਤੈਨੂੰ ਸੁੱਕਿਆਂ ਨਹੀਂ ਜਾਣ ਦੇਂਦਾ।"

ਡਾਂਗਾਂ ਖੜਕਣ ਲੱਗ ਪਈਆਂ। ਰਾਹੀ ਦੀ ਇਕ ਡਾਂਗ, ਵਾਗੀ ਦੀ ਪੁੜਪੁੜੀ 'ਚ ਐਹੋ ਜਹੀ ਵੱਜੀ, ਵਾਗੀ ਚਿੱਤ ਹੋ ਗਿਆ।

ਰਾਹੀ ਨੇ ਵੇਖਿਆ, ਮਾਲ ਚਾਰਦੇ ਨਿੱਕੇ ਨਿੱਕੇ ਮੁੰਡੇ-ਰੌਲਾ ਪਾਂਦੇ ਹੋਰ ਬੰਦਿਆਂ ਨੂੰ ਸੱਦਣ ਭੱਜ ਗਏ ਨੇ। ਸੋਚਦੈ ਮੁਲਖੱਈਆ ਕੱਠਾ ਹੋ ਕੇ ਆ ਗਿਆ ਤਾਂ ਮੈਨੂੰ ਛੱਡਦੇ ਨਹੀਂ। ਓਹ ਦੂਰ ਜਹੇ ਦਿਸਦੇ ਪਿੰਡ ਵੱਲ ਭੱਜ ਵੱਗਾ। ਪਿੰਡ ਪੁੱਜ ਕੇ-ਪਹਿਲੀ ਹਵੇਲੀ ਸਾਂਹਵੇਂ ਬੈਠੇ ਬਜ਼ੁਰਗ ਦੇ ਪੈਰੀਂ ਪੈ ਕੇ ਆਂਹਦਾ, "ਬਾਬਾ ਜੀ! ਲੜਾਈ 'ਚ ਮੇਰੇ ਤੋਂ ਇਕ ਬੰਦਾ ਮਰ ਗਿਐ! ਹੁਣ ਮੁਲਖ ਮੇਰੇ ਪਿੱਛੇ ਭੱਜਾ ਔਂਦਾ ਏ, ਰੱਬ ਦੇ ਨਾਂ ਤੇ ਮੈਨੂੰ ਬਚਾ ਲਓ!" ਬਿਰਧ ਨੇ ਆਖਿਆ, ਮੇਰੇ ਪਿਛਲੇ ਕਮਰੇ 'ਚ ਵੜ ਕੇ ਚੁਪੀਤਾ ਬਹਿ ਜਾ, ਤੂੰ ਰੱਬ ਦੇ ਨਾਂ ਤੇ ਆਸਰਾ ਮੰਗਿਐ, ਮੈਂ ਤੇਰਾ ਵਾਲ ਵਿੰਗਾ ਨਹੀਂ ਹੋਣ ਦੇਂਦਾ।



ਥੋੜ੍ਹੇ ਚਿਰ ਬਾਦ ਪੰਦਰਾਂ ਵੀਹ ਬੰਦੇ ਲਾਸ਼ ਲੈ ਕੇ ਆ ਗਏ। ਕਹਿੰਦੇ, ਆਪਣੇ ਅਹਿਮਦ ਨੂੰ ਇਕ ਰਾਹੀ ਮਾਰ ਕੇ ਏਧਰ ਪਿੰਡ ਵੱਲ ਆਇਐ, ਅਸੀਂ ਓਹਨੂੰ ਭਾਲ ਕੇ ਏਹਦੇ ਨਾਲ ਈ-ਓਹਨੂੰ ਵੀ ਦਫ਼ਨਾ ਦੇਣੈ।

ਬਜ਼ੁਰਗ ਕਹਿੰਦਾ-"ਬੱਚਿਓ! ਮੈਥੋਂ ਤੇ ਹੁਣ ਅਹਿਮਦ ਮਰਿਆ ਸੁਣ ਕੇ ਉੱਠਣ ਦੀ ਵਾਹ ਨਹੀਂ ਰਹੀ। ਤੁਸੀਂ ਇਹਨੂੰ ਦਫ਼ਨਾ ਆਓ। ਫੇਰ ਆ ਕੇ ਓਹਨੂੰ ਲੱਭ ਲਿਆ ਜੇ। ਸ਼ਾਮਾਂ ਪੈ ਗਈਆਂ ਨੇ, ਓਹ ਕਿਤੇ ਨੱਠ ਨਹੀਂ ਚੱਲਿਆ।"

ਸਾਰਿਆਂ ਦੇ ਜਾਣ ਬਾਦ, ਹਨ੍ਹੇਰੇ ਪਏ, ਬਾਬਾ ਰਾਹੀ ਕੋਲ ਗਿਆ, "ਜਵਾਨਾਂ! ਮਰਨ ਵਾਲਾ ਮੇਰਾ ਇਕਲੌਤਾ ਬੇਟਾ ਸੀ, ਪਰ ਮੈਂ ਤੈਨੂੰ ਈਮਾਨ ਦੇ ਚੁੱਕਾ ਸਾਂ...ਹਨੇਰਾ ਹੋ ਗਿਐ, ਪਿੰਡ ਵਿਚ ਕੋਈ ਜੀ ਨਹੀਂ, ਤੂੰ ਹੁਣ ਉੱਦਮ ਨਾਲ ਨਿਕਲ ਜਾ।"

ਸਾਰੀ ਗੱਲ ਸੁਣ ਕੇ ਰਾਹੀ ਬਾਬੇ ਦੇ ਪੈਰੀਂ ਪੈ ਗਿਆ "ਬੱਸ ਬਾਬਾ ਜੀ! ਮੈਂ ਹੁਣ ਕਿਤੇ ਜਾਣ ਜੋਗਾ ਨਹੀਂ ਰਿਹਾ। ਤੁਸੀਂ ਆਪਣੀ ਹੱਥੀਂ ਭਾਵੇਂ ਮੇਰਾ ਸਿਰ ਲਾਹ ਦਿਓ! ਜਾਂ ਭੀੜ ਨੂੰ ਸੌਂਪ ਦਿਓ। ਮੇਰੇ ਤੋਂ ਹੁਣ ਨਸਿਆ ਨਹੀਂ ਜਾਣਾ।"

ਬਾਬਾ ਕਹਿੰਦਾ-"ਨਹੀਂ ਜਵਾਨਾਂ! ਏਹਨਾਂ ਗੱਲਾਂ ਦਾ ਕੋਈ ਵੇਲਾ ਨਹੀਂ! ਲੋਕ ਮੁੜਨ ਵਾਲੇ ਨੇ, ਤੂੰ ਏਥੋਂ ਜੀਂਦੇ ਜੀ ਨਿਕਲ ਜਾਏਂ। ਤੇ ਮੇਰਾ ਈਮਾਨ ਰਹਿ ਜਾਏ। ਮੈਂ ਖ਼ੁਦਾ ਦੀ ਦਰਗਾਹੇ ਸੁਰਖ਼ਰੂ ਹੋ ਕੇ ਜਾਵਾਂ।

ਰਾਹੀ ਫਿਰ ਵੀ ਨਹੀਂ ਮੰਨਿਆ ਤਾਂ ਬਾਬੇ ਨੇ ਧੱਕੇ ਮਾਰ ਕੇ



Namdhari Elibrary NamdhariElibrary@gmail.com

ਓਹਨੂੰ ਹਵੇਲੀਓਂ ਬਾਹਰ ਕੱਢ ਕੇ ਭਜਾ ਦਿੱਤਾ।

(੨)

ਪਤਾ ਨਹੀਂ ਕਿਓਂ? ਮਨ ਮੁੜ-ਮੁੜ ਬਚਪਨ ਵੱਲ ਤੁਰਿਆ ਰਹਿੰਦਾ ਏ। ਜਦੋਂ ਕਿ ਅੱਖੀਂ ਵੇਖ ਆਇਆਂ, ਬਾਗ਼ ਵਾਲੇ ਖੂਹ ਦਾ ਨਾਮੋ ਨਿਸ਼ਾਨ ਮਿਟ ਚੁੱਕਾ ਏ। ਆਪਣੇ ਜਿਓਂਦੇ ਇਕੋ ਇਕ ਹਾਣੀ ਨੂੰ ਪੁੱਛਿਆ, ਸਾਡਾ ਖੂਹ ਕਿੱਥੇ ਚਲਾ ਗਿਐ? ਕਹਿੰਦਾ-ਆਹ ਜਿੱਥੇ ਤੁਸੀਂ ਖਲੋਤੇ ਓ! ਲਾਗਲੇ ਕਿੱਲੇ ਤੇ ਬੱਧੀ ਹੋਈ ਕੱਟੀ, ਤੁਹਾਡੇ ਖੂਹ ਵਾਲੇ ਥਾਂ ਤੇ ਈ ਬੈਠੀ ਹੋਈ ਏ।

ਮੈਂ ਅੱਖਾਂ ਮੀਟ ਕੇ, ਓਥੇ ਖਲੋਤਾ ਈ-ਬਚਪਨ ਵਾਲੇ ਖੂਹ ਤੇ ਬੱਧੀ ਭੌਣੀ ਨਾਲ ਪਾਣੀ ਕੱਢਣ ਲੱਗ ਪਿਆ। ਅੱਠ ਹੱਥ ਚੌੜਾ, ਵੀਹ ਪੰਝੀ ਫੁਟ ਡੂੰਘਾ ਨਿਰਮਲ ਜਲ, ਕੰਢੇ ਤੋਂ ਕੌਡੀ ਸੁੱਟਣੀ, ਥੱਲੇ ਜਾ ਕੇ ਬੈਠੀ ਹੋਈ ਦਿੱਸ ਪੈਣੀ, ਪੁੱਠੀ ਏ ਜਾਂ ਸਿੱਧੀ।

ਸੰਨ ਦਾ ਚੇਤਾ ਨਹੀਂ, ਬਤਾਲੀ-ਪੰਤਾਲੀ ਜਾਂ ਸਾਲ ਅੱਗੇ ਪਿੱਛੇ, ਈਰਾਨ ਵਿਚ ਓਦੋਂ ਜਿਹੇ ਬੜਾ ਵੱਡਾ ਭੁਚਾਲ ਆਇਆ ਸੀ। ਵਰ੍ਹਾ ਹੁਣ ਤੁਸੀਂ ਆਪੇ ਲੱਭ ਈ ਲਓਗੇ।

ਏਸੇ ਭੌਣੀ ਤੇ ਬੱਧੀ ਡੋਰੀ ਨਾਲ ਗੜਵਾ ਬੰਨ੍ਹ ਕੇ, ਪਾਣੀ ਕੱਢਦਾ ਪਿਆ ਸਾਂ। ਦੋ ਪਰਦੇਸੀ ਜਾਪਦੇ ਨੌਜਵਾਨ, ਜ਼ਰਾ ਮਾੜੇ ਜਹੇ, ਪਾਣੀ ਪੀਣ ਦੀ ਝਾਕ ਨਾਲ, ਓਹਨਾਂ ਕੁਝ ਆਖਿਆ। ਜੋ ਮੇਰੀ ਸਮਝ ਨਾ ਆਇਆ। ਦੁਬਾਰਾ ਮੂੰਹ ਨੂੰ ਹੱਥ ਲਾ ਕੇ ਆਖਿਆ ਆਬ। ਸਮਝ ਗਿਆ ਪਾਣੀ ਪੀਣਾ ਨੇ।

ਦੁਹਾਂ ਦੇ ਸਿਰਾਂ ਤੇ ਲੰਮੀਆਂ ਟੋਪੀਆਂ, ਜਿਨਾਂ 'ਚੋਂ ਫੁੰਦਨੇ ਜਹੇ ਲਮਕਦੇ ਸਨ। ਇਕ ਲਾਲ, ਇਕ ਅਸਮਾਨੀ। ਪਾਣੀ ਪੀ ਕੇ ਦੱਸਣ ਲੱਗ ਪਏ, ਮਨ ਮੁਲਕ ਈਰਾਨ। ਅਗੋਂ ਇਸ਼ਾਰਿਆਂ ਨਾਲ ਹਿਲ ਜੁੱਲ ਕੇ, ਬਾਹੀਂ ਨਾਲ ਦੱਸਣ ਲੱਗੇ। ਮੈਨੂੰ ਸਮਝ ਆ ਗਈ, ਇਹ ਫ਼ਾਰਸੀ 'ਚ ਗੱਲਾਂ ਕਰਦੇ ਨੇ। ਈਰਾਨ 'ਚ ਭੂਚਾਲ ਦੀ ਤਬਾਹੀ ਸੁਣੀ ਹੋਈ ਸੀ। ਮੈਂ ਜਿੰਨਾਂ ਕੁ ਆਪਣੇ ਮੁਹਤਰਮ ਮੌਲਵੀ ਜੀ ਕੋਲੋਂ ਸਬਕ ਪੜ੍ਹਿਆ ਸੀ, ਅਜ਼ਮਾਣ ਦਾ ਮੌਕਾ ਹੱਥ ਆਇਆ ਜਾਣ ਕੇ ਆਖਿਆ।

ਮਨਬ ਜ਼ਬਾਨਿ ਸ਼ੁਮਾ ਫ਼ਾਰਸੀ ਨਮੇ ਦਾਨਮ! ਏਨੀ ਗੱਲ ਸੁਣ ਕੇ, ਓਹ ਤੇ ਜਿਵੇਂ ਫੁੱਲ ਵਾਂਗ ਖਿੜ ਗਏ। ਆਪੋ ਵਿਚ ਪੁਰਲ ਪੁਰਲ ਗੱਲਾਂ ਕਰਨ ਡਹਿ ਪਏ। ਮੈਨੂੰ ਕੋਈ ਸਮਝ ਆਵੇ ਕੋਈ ਨਾ ਪਤਾ ਲੱਗੇ।

ਕੋਲ ਖਲੋਤੇ ਰਹਿਮਤ ਨੂੰ ਆਖਿਆ-"ਦੌੜ ਕੇ ਜਾ! ਮੌਲਵੀ ਜੀ ਨੂੰ ਆਖੀਂ-ਦੋ ਪ੍ਰਦੇਸੀ ਆਏ ਨੇ-ਬੜੀਆਂ ਫ਼ਾਰਸੀਆਂ ਘੋਟਦੇ ਨੇ। ਆ ਕੇ ਗੱਲਾਂ ਸਮਝੋ!" ਮੁਹਤਰਮ ਮੌਲਵੀ ਜੀ ਨੇ ਸਲਾਮ ਦੁਆ ਕਰਕੇ ਆਖਿਆ-'ਮਨ ਬ ਜ਼ਬਾਨਿ ਸ਼ੁਮਾ ਫ਼ਾਰਸੀ ਬਖ਼ੂਬੀ ਫ਼ਹਮੀਦਮ। (ਮੈਂ ਤੁਹਾਡੀ ਬੋਲੀ ਚੰਗੀ ਤਰ੍ਹਾਂ ਸਮਝ ਲੈਂਦਾ ਹਾਂ) ਤਿੰਨਾਂ ਦੀਆਂ ਲਗਾਤਾਰ ਚਲਦੀਆਂ ਗੱਲਾਂ 'ਚੋਂ ਕੋਈ ਮੇਰੇ ਪੱਲੇ ਵੀ ਪੈ ਜਾਂਦੀ। ਰੋਟੀ ਖੁਆਈ, ਦੁੱਧ ਪਿਆਇਆ। ਏਨੇ ਚਿਰ ਨੂੰ ਬਾਪੂ ਜੀ ਸਮੇਤ ਕਈ ਹੋਰ ਵੀ ਆ ਗਏ। ਇਕ ਇਕ ਰੁਪਿਆ ਸਾਰਿਆਂ ਦਿੱਤਾ। ਬਾਪੂ ਜੀ ਨੇ ਦਸ ਰੁਪੈ ਮੇਰੇ ਹੱਥੀ ਦਿੱਤੇ। ਦੋ ਤਿੰਨ ਵਾਰ ਆਂਹਦੇ ਸਮਝ ਆਏ-ਬੇਚਾਰਾ ਰਹਿਮ ਦਿਲ ਹਸਤ, ਮਹਿਫਿਲ ਚੰਗੀ ਰੌਣਕੀਲੀ ਹੋ ਗਈ।

ਗੱਲਾਂ ਦੇ ਚਸਕੇਬਾਜ਼ ਬਾਬੇ ਵਧਾਵਾ ਸਿੰਘ ਨੇ ਗੱਲ ਛੇੜ ਦਿੱਤੀ। ਮੀਆਂ ਜੀ! ਫੇਰ ਤੁਸਾਂ ਸਾਧੂ ਸਿੰਘ ਨੂੰ ਫ਼ਾਰਸੀਆਂ ਪੜ੍ਹਾਣ ਲੱਗ ਪੈਣਾ ਏ, ਸਾਨੂੰ ਪਹਿਲਾਂ ਉਸ ਕਤਲ ਵਾਲੀ ਗੱਲ ਸੁਣਾ ਲਓ। ਸਾਰਿਆਂ ਦੇ ਮਿਲਵੇਂ ਹੁੰਗਾਰੇ ਤੋਂ ਮੌਲਵੀ ਜੀ ਗੱਲ ਸੁਨਾਣ ਵਾਸਤੇ ਰਜ਼ਾਮੰਦ ਹੋ ਗਏ।

ਜੰਨਤ ਨਸ਼ੀਂ ਮੇਰੇ ਦਾਦਾ ਜਾਨ ਫ਼ੁਰਮਾਂਦੇ ਹਨ-"ਮੈਂ ਚੌਧਰੀ ਅਬਦੁਲ ਦੇ ਪੜਦਾਦਾ ਸਾਹਿਬ ਕੋਲ ਬੈਠਾ ਸਾਂ। ਓਹਨਾਂ ਦਾ ਨੌਜਵਾਨ ਬੇਟਾ 'ਤਾਹਰ' ਇਕ ਹੱਥ ਡਾਂਗ-ਇਕ ਹੱਥ ਮਾਇਆ ਲੱਗੀ ਸਿੱਧੀ ਚਿੱਟੀ ਪੱਗ, ਲੱਤਾਂ ਗੋਡਿਆਂ ਤੱਕ ਧੂੜ ਨਾਲ ਅਟੀਆਂ ਹੋਈਆਂ, ਦੂਰੋਂ ਔਂਦਾ ਨਜ਼ਰ ਪਿਆ। ਜਾਪੇ ਜਿਵੇਂ ਰੋਇਆ ਕਿ ਰੋਇਆ। ਭੁੱਖ ਤ੍ਰੇਹ ਨਾਲ ਬੁਰੇ ਹਾਲ। ਦੁਪੈਹਰ ਤੋਂ ਪਹਿਲਾਂ ਈ ਮੂੰਹ ਸੁੱਕਿਆ ਪਿਆ। ਬੇਟੇ ਦੀ ਹਾਲਤ ਵੇਖ ਚੌਧਰੀ ਸਾਹਿਬ ਸਮਝ ਗਏ ਕੋਈ ਖਾਸ ਗੱਲ ਹੋ ਗਈ ਏ। ਉੱਠ ਕੇ ਅੱਗਲਵਾਂਢੀ ਹੋ ਗਏ। ਬਾਪ ਦੇ ਗੱਲ ਲੱਗਦਿਆਂ ਈ-'ਤਾਹਰ' ਉੱਚੀ ਉੱਚੀ ਰੋਣ ਲੱਗ ਪਿਆ। ਪੱਗ ਕਿਤੇ ਡਾਂਗ ਕਿਤੇ ਜਾ ਡਿੱਗੀ। ਜਦੋਂ ਰੋ ਕੇ ਹੌਲਾ ਹੋ ਗਿਆ, ਚੌਧਰੀ ਨੇ ਮੰਗਵਾ ਕੇ ਪਾਣੀ ਪਿਆਇਆ। ਅੱਠਾਂ ਪਹਿਰਾਂ ਦੇ ਭੁੱਖੇ ਨੂੰ ਰੋਟੀ ਨਹੀਂ ਗਰਮ ਦੁੱਧ ਤੇ ਗੁੜ ਦੀ ਭੇਲੀ ਖਵਾਈ। ਫਿਰ ਬੜੇ ਪਿਆਰ ਨਾਲ ਕੋਲ ਬਹਾ ਕੇ ਇੰਜ ਬਣੀ ਹਾਲਤ ਬਾਰੇ ਪੁੱਛਿਆ।

'ਤਾਹਰ', ਨੇ ਹਟਕੋਰੇ ਲੈਂਦਿਆਂ-'ਸੰਢੇ ਦਾ ਸਿੰਗ ਟੁੱਟਣ ਤੋਂ ਅਹਿਮਦ ਦਾ ਮਰਨਾ, ਓਹਦੇ ਪਿਓ ਦਾ ਬਚਾਣਾ, ਫਿਰ ਧੱਕੇ ਮਾਰ ਕੇ ਭਜਾਣ ਤੱਕ, ਸਾਰੀ ਗੱਲ ਜਿਓਂ ਦੀ ਤਿਓਂ ਬਿਆਨ ਕਰ ਦਿੱਤੀ।

ਏਨੇ ਚਿਰ ਨੂੰ ਚੋਖੀ ਬਰਾਦਰੀ ਜੁੜ ਗਈ। ਭਾਂਤ ਭਾਂਤ ਦੀਆਂ ਵਾਜਾਂ ਔਣ ਲੱਗ ਪਈਆਂ। ਕੋਈ ਆਖੇ, ਬਹਾਦਰੀ



Namdhari Elibrary NamdhariElibrary@gmail.com

ਕੀਤੀ ਸੂ, ਜੀਂਦਾ ਬਚ ਕੇ ਆ ਗਿਐ! ਕਈਆਂ ਆਖਿਆ ਬਹਾਦਰੀ ਓਸ ਬਜ਼ੁਰਗ ਦੀ ਏ ਜਿਨ੍ਹੇ ਪੁੱਤ ਦੀ ਲਾਸ਼ ਵੇਖ ਕੇ ਵੀ ਏਹਨੂੰ ਜਿੰਦਾ ਭਜਾ ਦਿੱਤਾ ਏ। ਕਈਆਂ ਦੀ ਰਾਇ ਸੀ ਅਸੀਂ ਓਸ ਪਿੰਡ ਨੂੰ ਜਾਣਨੇ ਆਂ। ਠੀਕ ਏ ਬੁੱਢੇ ਨੇ ਈਮਾਨ ਰੱਖਣ ਪਾਰੋਂ ਏਹਨੂੰ ਭਜਾ ਦਿੱਤਾ ਏ, ਪਰ ਜਦੋਂ ਮੌਕਾ ਲੱਗਾ-ਓਹਨਾਂ ਖ਼ੂਨ ਦਾ ਬਦਲਾ ਖ਼ੂਨ ਕੀਤੇ ਬਿਨਾਂ ਰਹਿਣਾ ਨਹੀਂ। ਸਾਨੂੰ ਚਾਹੀਦੈ, ਪੰਜ ਸੱਤ ਜਾਨਦਾਰ ਜਵਾਨ ਵਾਰੀ ਨਾਲ ਹਰ ਵੇਲੇ ਏਹਦੇ ਨਾਲ ਜੁੜੇ ਰਹਿਣ। ਬਹੁਤਿਆਂ ਦੀ ਸਲਾਹ ਏਸੇ ਤਰ੍ਹਾਂ ਈ ਸੀ। ਤਾਹਰ ਦਾ ਪਿਓ ਸਭਨਾਂ ਦੀਆਂ ਸੁਣਦਾ, ਗੁੰਮ ਸੁੰਮ ਬੈਠਾ ਰਿਹਾ।

ਅਖ਼ੀਰ ਮੌਲਵੀ ਜੋ ਨਾਲ ਨੀਵੇਂ ਮੂੰਹ ਥੋੜ੍ਹੀ ਕੁਣ ਮੁਣ ਕਰ ਕੇ ਉੱਠ ਖੜਾ ਹੋਇਆ। ਸਾਰੇ ਓਹਦੇ ਗੰਭੀਰ ਮੂੰਹ ਵੱਲ ਵੇਖਣ ਲੱਗ ਪਏ। ਖੰਘੂਰਾ ਮਾਰ ਕੇ ਗਲਾ ਸਾਫ਼ ਕਰਦਿਆਂ, ਬੜੀ ਡੂੰਘੀ ਵਾਜ, ਮਾਨੋਂ ਘੜੇ ਤੇ ਮੂੰਹ ਧਰ ਕੇ ਬੋਲਦਾ ਪਿਆ ਹੋਵੇ।

"ਭਰਾਓ! ਤੁਹਾਡਾ ਬੜਾ ਸ਼ੁਕ੍ਰੀਆ। ਤੁਸਾਂ ਆਪਣੇ ਬੱਚੇ-ਮੇਰੇ ਬੱਚੇ ਦੀ ਰਖਵਾਲੀ ਵਾਸਤੇ ਹਾਜ਼ਰ ਕੀਤੇ ਨੇ। ਤੁਸਾਂ ਏਹ ਵੀ ਦੱਸਿਐ, ਓਹਨਾਂ ਖ਼ੂਨ ਦਾ ਖ਼ੂਨ ਲਏ ਬਿਨਾਂ ਰਹਿਣਾ ਨਹੀਂ। ਪਰ ਬਦਲਾ ਤੇ ਓਦੋਂ ਈ ਲੈ ਲਿਆ ਜਦੋਂ ਆਖਿਆ, ਕਾਤਲ ਨੂੰ ਮਾਰ ਕੇ ਮਕਤੂਲ ਸਣੇ ਦੁਹਾਂ ਨੂੰ ਕੱਠਿਆਂ ਦਫ਼ਨਾਣਾ ਏ। ਤਾਹਰ ਦੀ ਜ਼ਿੰਦਗੀ ਤਾਂ ਹੁਣ ਉਸ ਇਮਾਨਪ੍ਰਸਤ ਰੱਬ ਦੇ ਬੰਦੇ ਦੀ ਅਮਾਨਤ ਏ, ਅਸੀਂ ਕੌਣ ਹੋਨੇ ਆਂ ਓਹਦੀ ਅਮਾਨਤ ਦੀ ਰਖਵਾਲੀ ਕਰਨ ਵਾਲੇ? ਮੇਰੀ ਹੱਥ ਬੰਨ੍ਹ ਕੇ ਸਾਰਿਆਂ ਅੱਗੇ ਦਰਖ਼ਾਸਤ ਏ। ਤੁਸੀਂ ਮੇਰੇ ਹਮਰਾਹ ਚੱਲੋ! ਅੱਜ ਤੇ ਸ਼ਾਮਾਂ ਪੈ ਗਈਆਂ ਨੇ, ਸਵੇਰੇ ਸਾਰੀ ਗੁਰਾਇਆ ਬਰਾਦਰੀ ਕੱਠੇ ਹੋ ਕੇ-'ਤਾਹਰ' ਨੂੰ ਉਸ ਰੱਬ ਤਰਸ ਬਜ਼ੁਰਗ ਦੇ ਪੇਸ਼ ਕਰ ਦੇਈਏ। ਅੱਗੋਂ ਜੋ ਖ਼ੁਦਾ ਕਰੇਗਾ, ਚੰਗਾ ਈ ਹੋਇਗਾ। ਕਤਲਾਂ ਦੇ ਬਦਲੇ ਕਤਲ ਕਰਦਿਆਂ ਤੇ ਖ਼ੂਹਣੀਆਂ ਖਪ ਗਈਆਂ ਨੇ, ਅਜੇ ਤੌੜੀ ਖਲ੍ਹੀਰ ਨਹੀਂ ਪਈ।

ਚੌਧਰੀ ਦੀ ਗੱਲ ਸੁਣ ਕੇ ਸਾਰੇ ਸੁੰਨ ਹੋ ਗਏ। ਜਦੋਂ ਕਿੰਨਾਂ ਚਿਰ ਕੋਈ ਨਾ ਕੁਸਕਿਆ-'ਤਾਹਰ' ਉੱਠ ਖੜ੍ਹਾ ਹੋਇਆ। ਸਾਰਿਆਂ ਦੀਆਂ ਅੱਖਾਂ ਤੇ ਮੂੰਹ ਅੱਡੇ ਗਏ। ਚਾਚਾ! (ਸਾਡੇ ਇਲਾਕੇ 'ਚ ਮੁਸਲਿਮ ਬਰਾਦਰੀ ਆਮ ਤੌਰ ਤੇ ਪਿਓ ਨੂੰ ਚਾਚਾ ਈ ਆਂਹਦੇ ਸਨ) ਤੂੰ ਮੈਨੂੰ ਜੰਮਿਆਂ ਤੇ ਪਾਲਿਆ, ਜਵਾਨ ਕੀਤਾ। ਪਰ ਓਹ ਜਵਾਨੀ ਮੇਰੀ ਕਲ੍ਹ ਖ਼ਤਮ ਹੋ ਗਈ। ਜੇ ਸੰਢੇ ਨੂੰ ਨਾ ਮਾਰਦਾ, ਸੰਢਾ ਮੈਨੂੰ ਮਾਰ ਲੈਂਦਾ। ਜੇ ਅਹਿਮਦ, ਅੱਗੋ ਹੱਥ ਨਾ ਚੁੱਕਦਾ, ਛੱਡਦਾ ਓਹ ਵੀ ਨਾ। ਤੇ ਜੇਹੜੀ ਧਾੜ ਮੈਨੂੰ ਅਹਿਮਦ, ਨਾਲ ਦਫ਼ਨਾਣਾ ਚਾਹੁੰਦੀ ਸੀ, ਓਹਦੇ ਅੱਗੇ ਉਸ ਮੋਏ ਪੁੱਤਰ ਦੇ ਪਿਓ ਦਾ ਈਮਾਨ, ਕੰਧ ਬਣ ਕੇ ਖੜੋ ਗਿਆ। ਜੇ ਮੈਂ ਤਿੰਨ ਮੌਤਾਂ ਤੋਂ ਬਚ ਗਿਆ। ਛੇਹਦੇ ਵਿਚ ਵੀ ਖ਼ੁਦਾ ਕੋਈ ਕੁਦਰਤ ਈ ਹੋਇਗੀ। ਜਦੋਂ ਚਾਹੋ-ਮੈਂ ਨਾਲ ਜਾਣ ਨੂੰ ਹਾਜ਼ਰ ਆਂ।

ਸਾਰਾ ਪਿੰਡ ਹੱਕਾ ਬੱਕਾ ਰਹਿ ਗਿਆ। ਸਵੇਰੇ ਜਾਣ ਦੀ ਪੱਕੀ ਹੋ ਗਈ। ਅਗਲੇ ਦਿਨ, ਜਾਣ ਵਾਸਤੇ ਚਾਲੀ ਪੰਜਾਹ ਬੰਦੇ ਤਿਆਰ ਹੋ ਗਏ। ਉਂਜ ਚੌਧਰੀ ਨੇ ਸਲਾਹ ਕਰ ਕੇ ਪੰਦਰਾਂ ਸੋਲਾਂ ਈ ਮਨਾਏ। ਚਾਰ ਪੰਜ ਘੋੜੀਆਂ ਤੇ ਬਾਕੀ ਪੈਦਲ। ਪਿਛਲੇ ਪਹਿਰ ਓਥੇ ਜਾ ਕੇ ਵੇਖਿਆ, ਜਿਵੇਂ ਕਈ ਪਿੰਡ ਕੱਠੇ ਹੋਏ ਪਏ ਹੋਣ। ਇਹਨਾਂ ਨੂੰ ਵੀ ਆਮ ਅਫ਼ਸੋਸ ਵਾਲਿਆਂ ਵਾਂਗ ਧਾਣੀ ਪਾਣੀ ਪੇਸ਼ ਕੀਤਾ ਗਿਆ।

ਜਦੋਂ ਸਾਰੇ ਬੈਹ ਗਏ, ਮੌਲਵੀ ਜੀ ਨੇ ਉੱਠ ਕੇ ਗੱਲ ਕਰਨੀ ਸ਼ੁਰੂ ਕੀਤੀ। ਸਾਡੇ ਦਾਦਾ ਜਾਨ ਬੜਿਆਂ ਦੇ ਜਾਣੂੰ ਸਨ। ਲੋਕਾਂ ਬੜਾ ਧਿਆਨ ਦਿੱਤਾ। ਸ਼ਾਇਦ ਇਸਲਾਮੀ ਨੁਕਤਾ ਨਿਗਾਹ ਦੀ ਕੋਈ ਗੱਲ ਹੋਈ ਸੀ।

ਸਾਡੇ ਭਰਾਓ! ਅਸੀਂ ਸਹਿਸਰਾ ਗੁਰਾਇਆ ਤੋਂ ਆਏ ਆਂ। ਚੌਧਰੀ ਰਹਿਮਤੁੱਲਾ ਸਾਹਿਬ ਦੇ ਇਕਲੌਤੇ ਅਹਿਮਦ ਵਲੋਂ ਇਸਤਰ੍ਹਾਂ ਚਲੇ ਜਾਣ ਦਾ ਸਾਨੂੰ ਸਾਰਿਆਂ ਨਾਲੋਂ ਵੱਖਰੀ ਕਿਸਮ ਦਾ ਅਫ਼ਸੋਸ ਏ। ਕਿਓਂ ਜੋ ਖ਼ੁਦਾ ਦੇ ਕੰਮਾਂ 'ਚ ਕੋਈ ਦਖ਼ਲ ਅੰਦਾਜ਼ੀ ਨਹੀਂ ਕਰ ਸਕਦਾ। ਸਾਡੇ ਇਕ ਬੱਚੇ ਹੱਥੋਂ 'ਅਹਿਮਦ' ਮਾਰਿਆ ਗਿਆ। ਉਸ ਬੱਚੇ ਦਾ ਬਾਪ, ਉਸ ਨੂੰ ਲੈ ਕੇ ਚੌਧਰੀ ਸਾਹਿਬ ਦੇ ਹਾਜ਼ਰ ਹੋ ਗਿਐ, ਜਿਵੇਂ ਚਾਹੁਣ-ਤਿਵੇਂ ਓਹਦੇ ਨਾਲ ਸਲੂਕ ਫ਼ੁਰਮੌਣ।

ਕਈ ਪਾਸਿਆਂ ਤੋਂ ਗੁਸੈਲੀਆਂ ਆਵਾਜ਼ਾਂ ਔਣੀਆਂ ਸ਼ੁਰੂ ਹੋ ਗਈਆਂ। ਸਾਡੇ ਪੇਸ਼ ਕਰੋ, ਹੁਣੇ ਇਹਦਾ ਫ਼ਸਤਾ ਵੱਢੀਏ। ਮੌਲਵੀ ਜੀ ਨੇ ਆਖਿਆ, ਜਦੋਂ ਅਸੀਂ ਲੈ ਈ ਆਏ ਆਂ, ਜੋ ਜੀ ਕਰੇ ਕਰਿਓ! ਪਰ ਗੱਲ ਹੌਸਲੇ ਨਾਲ ਕਰੋ ਸੁਣੋਂ ਭੱਜ ਕੇ ਨਹੀਂ ਜਾਂਦੇ।

ਤਾਹਰ ਦਾ ਪਿਓ ਹੁਸੈਨ, ਉੱਠ ਕੇ ਖੜੋ ਗਿਆ। ਮੇਰੇ ਵੀਰੋ! ਮੈਂ ਆਪਣੇ ਬੱਚੇ ਤੋਂ ਸਾਰੀ ਗੱਲ ਸੁਣ ਕੇ ਓਹਨੂੰ ਆਖਿਆ, ਚੱਲ ਕੇ ਆਪਣੇ ਜੁਰਮ ਦਾ ਇਕਬਾਲ ਕਰ। ਜੋ ਸਜ਼ਾ ਚੌਧਰੀ ਸਾਹਿਬ ਤਜਵੀਜ਼ ਕਰਨ, ਖਿੜੇ ਮੱਥੇ ਕਬੂਲ ਕਰਨੀ ਹੋਇਗੀ। ਬੱਚਾ ਹਾਜ਼ਰ ਏ, ਬਿਆਨ ਸੁਣ ਕੇ ਜੋ ਚਾਹੋ ਕਰੋ! ਕੋਈ ਉਜ਼ਰ ਮਾਜਰਾ ਨਹੀਂ ਕਰਾਂਗੇ।

'ਤਾਹਰ' ਨੇ ਉੱਠ ਕੇ ਸਾਰਿਆਂ ਨੂੰ ਸਲਾਮ ਕੀਤੀ। ਫਿਰ ਬੜੀ ਹਲੀਮੀ ਨਾਲ ਸੰਢੇ ਦੇ ਗਲ ਪੈਣ ਤੋਂ ਦੋਹਾਂ ਦੇ ਸਵਾਲ


Namdhari Elibrary NamdhariElibrary@gmail.com

ਜਵਾਬ, ਲੜਾਈ, ਮੌਤ, ਬਜ਼ੁਰਗ ਦੇ ਪੈਰੀਂ ਪੈਣ, ਫਿਰ ਧੱਕੇ ਮਾਰ ਕੇ ਭਜਾਣ ਤੱਕ ਦੀ ਸਾਰੀ ਕਹਾਣੀ ਜਿਉਂ ਦੀ ਤਿਉਂ ਆਖ ਦਿੱਤੀ। ਸੁਣ ਕੇ ਸਾਰੇ ਲੋਕ ਸਕਤੇ 'ਚ ਆ ਗਏ। ਕਈਆਂ ਚੋਧਰੀ ਸਾਹਿਬ ਨੂੰ ਕੁਬੋਲ ਵੀ ਬੋਲੇ। ਗੱਲ ਸਾਫ਼ ਹੋ ਗਈ ਕਿ ਕਾਤਲ ਨੂੰ ਚੋਧਰੀ ਸਾਹਿਬ ਨੇ ਆਪ ਈ ਤੇ ਭਜਾਇਆ ਸੀ। ਕਈਆਂ ਕੀਤੇ ਕੌਲ ਦੀ ਬੜੀ ਸਰਾਹਨਾ ਵੀ ਕੀਤੀ। ਮਖੀਰ ਵਾਂਗ ਸਾਰੇ ਈ ਬੋਲਣ ਲੱਗ ਪਏ। ਚੌਧਰੀ ਰਹਿਮਤੁੱਲਾ ਨੇ ਉੱਠ ਕੇ ਹੱਥ ਖੜ੍ਹਾ ਕੀਤਾ। ਸਾਰੇ ਚੁੱਪ 'ਚ ਹੋ ਗਈ। ਚੇਹਰੇ ਤੇ ਮਲਾਲ ਨਹੀਂ। ਦਰਗਾਹੀ ਨੂਰ ਚਮਕਦਾ ਵੇਖ, ਸਾਰੇ ਹੈਰਾਨ ਤੇ ਖ਼ਾਮੋਸ਼ ਹੋ ਗਏ। ਚੌਧਰੀ ਨੇ ਇਹਨਾਂ ਲਫ਼ਜ਼ਾਂ ਨਾਲ ਇਜਲਾਸਿ ਆਮ ਨੂੰ ਮੁਤਵੱਜਾ ਕੀਤਾ।

ਖ਼ੁਦਾ ਦਾ ਸ਼ੁਕਰ ਗੁਜ਼ਾਰ ਆਂ ਕਿ ਮੇਰਾ ਈਮਾਨ ਸਾਬਤ ਕਦਮ ਸਿਰੇ ਚੜ੍ਹਿਆ। ਮੈਂ ਇਸ ਜਵਾਨ ਦੀ ਤੇਹਰੀ ਚੋਹਰੀ ਬਹਾਦਰੀ ਦਾ ਕਾਇਲ ਹੋ ਗਿਆ। ਸੰਢੇ ਦਾ ਸਿੰਗ ਟੁੱਟ ਗਿਆ, ਕੋਈ ਗੱਲ ਨਹੀਂ, ਚੱਲਦੀਆਂ ਡਾਗਾਂ 'ਚ ਇਕ ਨੇ ਮਰਨਾ ਈ ਸੀ। ਜਦੋਂ ਮੈਂ ਇਹਨੂੰ ਦੱਸਿਆ, ਮਰਨ ਵਾਲਾ ਮੇਰਾ ਈ ਪੁੱਤਰ ਸੀ। ਇਸ ਆਖਿਆ ਬਾਬਾ ਜੀ! ਮੈਂ ਹੁਣ ਕਿਤੇ ਨੱਸ ਕੇ ਨਹੀਂ ਜਾਣਾ, ਮੈਨੂੰ ਭਾਵੇਂ ਕੀ ਸਜ਼ਾ ਦੇ ਦਿਓ! ਜਦੋਂ ਮੈਂ ਜਬਰੀ ਭਜਾ ਦਿੱਤਾ, ਕਿਸੇ ਨੂੰ ਕੋਈ ਪਤਾ ਨਹੀਂ, ਕਾਤਲ ਕੌਣ ਏ। ਹੁਣ ਇਸ ਬੜੇ ਈ ਬਹਾਦਰ ਬੱਚੇ ਨੇ, ਬਹਾਦਰ ਪਿਓ ਨਾਲ ਆ ਕੇ, ਬੜੀ ਦਲੇਰੀ ਨਾਲ ਇਕਬਾਲਿ ਜੁਰਮ ਕੀਤਾ ਏ, ਤਾਂ ਮੈਨੂੰ ਖ਼ੁਦਾ ਵੰਦ ਕਰੀਮ ਵਲੋਂ ਇਲਾਹੀ ਇਰਸ਼ਾਦ ਹੋਇਐ ਕਿ ਮੈਂ ਇਸ ਕਈ ਪਿੰਡਾਂ ਦੇ ਭਰੇ ਪੂਰੇ ਇਜਲਾਸ ਵਿਚ, ਅੰਤਾਂ ਦੇ ਦਲੇਰ ਤੇ ਈਮਾਨਦਾਰ ਬੱਚੇ ਨੂੰ ਆਪਣਾ ਪੁੱਤਰ ਤਸਲੀਮ ਕਰ ਲਵਾਂ। ਤਾਹਰ ਨੂੰ ਬੜੇ ਈ ਪਿਆਰ ਨਾਲ ਗਲਵਕੜੀ 'ਚ ਲੈਂਦਾ ਹੋਇਆ, ਆ ਪੁੱਤਰ! ਮੈਨੂੰ ਏਨਾ ਈ ਸੱਚਾ ਤੇ ਦਲੇਰ ਪੁੱਤਰ ਚਾਹੀਦਾ ਸੀ। ਮੇਰੀਆਂ ਰੋ ਰੋ ਫਾਵੀਆਂ ਹੋ ਰਹੀਆਂ ਦੋ ਨੌ ਉਮਰ ਬੇਟੀਆਂ ਨੂੰ ਅੰਦਰੋਂ ਬਾਹਰੋਂ ਏਡਾ ਈ ਦਲੇਰ ਵੀਰ ਚਾਹੀਦਾ ਸੀ, ਉਨ੍ਹਾਂ ਵੱਲ ਕੋਈ ਮੰਦਾ ਨਹੀਂ ਵੇਖ ਸੱਕੇਗਾ।

ਚੌਧਰੀ ਹੁਸੈਨ ਸਾਹਿਬ! ਤੁਸੀਂ ਬੜੇ ਇਤਿਮੀਨਾਨ ਨਾਲ ਰਾਤ ਏਥੇ ਗੁਜ਼ਾਰੋ! ਸੁਬਹ ਰੋਟੀ ਪਾਣੀ ਖਾ ਕੇ ਚਲੇ ਜਾਣਾ। ਏਹ ਬੇਟਾ ਮੈਨੂੰ ਬਖਸ਼ ਕੇ, ਤੁਸਾਂ ਮੇਰੇ ਤੇ ਬੜਾ ਕਰਮ ਕੀਤਾ ਏ। ਤੁਹਾਡਾ ਲੱਖ ਲੱਖ ਸ਼ੁਕਰੀਆ।

*ਮੰਡੀ ਏਲਨਾਬਾਦ-੧੨੫੧੦੨*
*ਸਿਰਸਾ (ਹਰਿਆਣਾ)*
*ਫੋਨ - ੦੧੬੬੮-੨੨੨੧੬੧*

### ਪ੍ਰੋ. ਜਸਵੰਤ ਸਿੰਘ ਕੈਲਵੀ ਦੀਆਂ ਰਚਨਾਵਾਂ

## ਕਿਵੇਂ ਗਿਣਾਂ ਉਪਕਾਰ ਮਾਵਾਂ ਦੇ?

ਗਿਣ ਸਕਦਾਂ ਬਿਰਛਾਂ ਦੇ ਪੱਤਰ ਨੀਲ ਅੰਬਰ ਦੇ ਤਾਰੇ
ਗਿਣ ਸਕਦਾਂ ਬਾਰਸ਼ ਦੀਆਂ ਬੂੰਦਾਂ ਬਿਜਲੀ ਦੇ ਲਿਸ਼ਕਾਰੇ
ਗਿਣ ਸਕਦਾਂ ਸਾਗਰ ਦੀਆਂ ਲਹਿਰਾਂ, ਨੱਚ ਨੱਚ ਲੈਣ ਹੁਲਾਰੇ।
ਗਿਣ ਸਕਦਾਂ ਮੈਂ ਕੀਟ ਪਤੰਗੇ ਫਿਰਦੇ ਜੀਵ ਵਿਚਾਰੇ।
ਗਿਣ ਸਕਦਾਂ, ਫੁੱਲਾਂ ਦੇ ਹਾਸੇ, ਕਲੀਆਂ ਦੇ ਚਟਖਾਰੇ
ਗਿਣ ਸਕਦਾਂ ਸੁਰੰਗਲੇ ਪੰਛੀ ਚਹਿਕਣ ਗਾਵਣ ਹਾਰੇ।
ਗਿਣ ਸਕਦਾਂ ਇਸ ਕੁਦਰਤ ਦੇ ਮੈਂ ਸਭ ਦਿਸਦੇ ਪਾਸਾਰੇ।
ਕਿਵੇਂ ਗਿਣਾਂ ਉਪਕਾਰ ਮਾਵਾਂ ਦੇ ਪਰ ਸਾਰੇ ਦੇ ਸਾਰੇ?
ਬੱਚੇ ਪਾਲਣ ਖ਼ਾਤਰ ਮਾਵਾਂ ਸਿਰਜੀਆਂ ਸਿਰਜਣਹਾਰੇ
ਰੱਬ ਮਾਵਾਂ ਦੇ ਰੂਪ 'ਚ ਆਪੇ, ਪਾਲੇ, ਜਗਤ ਸੁਆਰੇ
ਮੁੱਕ ਜਾਵਣਗੇ ਸ਼ਬਦ, ਵਾਕ ਸਭ, ਲੱਗਣਗੇ ਜੁੱਗ ਚਾਰੇ
ਫਿਰ ਵੀ 'ਕੈਲਵੀ' ਲਿਖ ਨਹੀਂ ਹੋਣੇ ਮਾਵਾਂ ਦੇ ਉਪਕਾਰੇ

## ਗ਼ਜ਼ਲ



ਸ਼ਕਤੀ ਦਾ ਸਮੁੰਦਰ ਹੈ, ਇਨਸਾਨ, ਤਿਰੇ ਅੰਦਰ
ਤੂੰ ਜਾਗ, ਜਗਾ ਬੁੱਧ ਬਲ, ਭਗਵਾਨ ਤਿਰੇ ਅੰਦਰ।

ਜਿਸ ਯਾਰ ਨੂੰ ਲੱਭਦਾ ਏਂ, ਦਿਲ ਸੇਜ ਤੇ ਸੁੱਤਾ ਉਹ,
ਉਹ ਦੂਰ ਨਹੀਂ ਵੱਸਦਾ, ਮਹਿਮਾਨ, ਤਿਰੇ ਅੰਦਰ।

ਨਾ ਬਾਦ ਸਮਝ ਇਸਨੂੰ, ਨਾ ਖ਼ਾਕ ਸਮਝ ਇਸਨੂੰ
ਇਹ ਨੂਰ ਖ਼ੁਦਾ ਦਾ ਏ, ਜੋ ਜਾਨ, ਤਿਰੇ ਅੰਦਰ।

ਅਗਨੀ, ਤੇ ਹਵਾ, ਪਾਣੀ ਇਕ ਰੂਪ ਰਲੇ ਹੋਏ
ਹੈ ਧਰਤ ਤਿਰੇ ਅੰਦਰ, ਅਸਮਾਨ, ਤਿਰੇ ਅੰਦਰ।

ਦੂਈ ਨੂੰ ਮਿਟਾ ਦਿਲ 'ਚੋਂ ਚੁਗ ਖ਼ਾਰ, ਹਟਾ ਦਿਲ 'ਚੋਂ
ਵਾਹ, ਬੀਜ, ਉਗਾ ਖੇਤੀ, ਮੈਦਾਨ, ਤਿਰੇ ਅੰਦਰ।

ਤੂੰ, ਤੋਰ ਜ਼ਮਾਨੇ ਦੀ ਚਾਹੇਂ ਤਾਂ ਬਦਲ ਸਕਦੈਂ
ਰੋਸ਼ਨ ਜੁ ਕਰੇ ਦੁਨੀਆ, ਉਹ ਗਿਆਨ, ਤਿਰੇ ਅੰਦਰ।

ਕੇਂਦਰ 'ਚ ਟਿਕਾ ਮਨ ਇਹ, ਇਹ ਦੌੜ ਰਿਹਾ ਅੱਥਰਾ,
ਤੂੰ, ਸ਼ਾਂਤ ਕਿਵੇਂ ਹੋਵੇ? ਘਮਸਾਨ, ਤਿਰੇ ਅੰਦਰ।

ਕੌਡਾਂ ਦਾ ਵਾਪਾਰੀ ਬਣ, ਕਿਉਂ ਰੋਲ਼ ਰਿਹੈਂ ਜੀਵਨ?
ਹੀਰੇ ਤੇ ਜਵਾਹਰ ਨੇ, ਨਾਦਾਨ! ਤਿਰੇ ਅੰਦਰ।

'ਜਸ' ਸੋਚ ਨੂੰ ਕਰ ਉੱਚਾ, ਇਖਲਾਕ ਬਣਾ ਨਿਰਮਲ
ਅੰਮ੍ਰਿਤ ਦੇ ਸਰੋਵਰ ਦਾ, ਇਸ਼ਨਾਨ ਤਿਰੇ ਅੰਦਰ।

*੧੧੮/੫ ਗੁਰੂ ਅਰਜਨ ਦੇਵ ਨਗਰ,*
*ਫਿਰੋਜ਼ਪੁਰ, ਮੋਬ-੯੮੭੮੩-੮੧੪੭੪*
*ਫੋਨ-੦੧੬੩੨-੨੨੦੧੩੨*



Namdhari Elibrary NamdhariElibrary@gmail.com

ਕਿਸ਼ਤ-੬

# ਬ੍ਰਹਮਗਿਆਨ, ਭਗਤੀ ਅਤੇ ਗੁਰਬਾਣੀ

*—ਸਵਾਮੀ ਬ੍ਰਹਮਦੇਵ 'ਉਦਾਸੀ'*

ਉੱਪਰ ਚੱਲ ਰਹੇ ਸ਼ਬਦ ਦੀ ਵਿਚਾਰ ਦੇ ਚੌਥੇ ਪਦ ਵਿਚ ਹਜ਼ੂਰ ਰਸਨਾ ਨਾਲ ਗੁਣ ਗਾਉਣ ਦਾ ਵਰਨਣ ਕਰ ਕੇ ਕੀਰਤਨ ਭਗਤੀ ਦੀ ਵਡਿਆਈ ਕਰਦੇ ਹਨ ਅਤੇ ਉਸਨੂੰ ਸਾਰੇ ਔਗੁਣਾਂ ਦਾ ਵਿਨਾਸ਼ ਕਰਤਾ ਦੱਸਦੇ ਹਨ। ਸਵਾਮੀ ਦੇ ਸਿਮਰਨ ਨੂੰ ਫਿਰ ਵਡਿਆਉਂਦਿਆਂ ਸਤਿਗੁਰੂ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਦਾ ਵਿਨਾਸ਼ਕਾਰੀ ਦੱਸਦੇ ਹਨ ਕਿ ਹਰੀ ਨਾਮ ਸਿਮਰਨ ਵਾਲਿਆਂ ਨੂੰ ਇਹ ਪੰਜ ਦੂਤ ਸਦਾ ਸਦਾ ਲਈ ਤਜ ਜਾਣਗੇ ਤੇ ਕਦੇ ਤੰਗ ਨਹੀਂ ਕਰਨਗੇ। ਚਰਨ ਕਮਲ ਦੇ ਜਾਪ ਨੂੰ ਫਿਰ ਆਪ ਸੰਸਾਰ ਦੇ ਤਰਨ ਵਾਸਤੇ ਬੇੜੇ ਜਾਂ ਜਹਾਜ਼ ਦੀ ਉਪਮਾ ਦਿੰਦੇ ਹਨ। ਇਹਨਾਂ ਸਾਰਿਆਂ ਸਤਿਗੁਣਾਂ ਦੇ ਪ੍ਰਾਪਤੀ ਸਰੋਤ ਸਤਸੰਗ ਦੇ ਮਿਲਾਪ ਨੂੰ ਵੀ ਹਜ਼ੂਰ ਨੇ ਭਵਸਾਗਰ ਤਰਨ ਦਾ ਕਾਰਨ ਦੱਸਿਆ ਹੈ। ਅਰਚਾ ਕਰਨੀ ਭਾਵ ਅਨੇਕ ਭਾਂਤ ਨਾਲ ਪਿਆਰੇ ਨੂੰ ਪੂਜਣਾ, ਬੰਦਨਾ ਕਰਨੀ ਜਾਂ ਨਮਸਕਾਰ ਕਰਨ ਨੂੰ ਵੀ ਹਜ਼ੂਰ ਆਵਾਗੌਣ ਦੇ ਚੱਕਰ ਨੂੰ ਕੱਟਣਹਾਰਾ ਦੱਸਦੇ ਹਨ। ਛੇਵੇਂ ਪਦ ਵਿਚ ਹਜ਼ੂਰ ਦਾਸ ਭਗਤੀ ਅਤੇ ਸਖਾ ਭਗਤੀ ਦੀ ਵਡਿਆਈ ਕਰਦਿਆਂ ਕਹਿੰਦੇ ਹਨ ਕਿ ਹੇ ਗੋਪਾਲ! ਦੀਨ ਦਿਆਲ! ਕ੍ਰਿਪਾ ਨਿਧਾਨ! ਪੂਰਨ ਪਰਮੇਸ਼ਵਰ! ਤੂੰ ਮੈਨੂੰ ਸਖਾ ਰੂਪ ਵਿਚ ਸਹਾਈ ਹੋ ਕੇ ਵੀ ਕਦੇ ਨਾ ਭੰਗ ਹੋਣ ਵਾਲਾ ਮਿਲਾਪ ਬਖ਼ਸ਼। ਆਤਮ ਸਮਰਪਣ ਰੂਪੀ ਭਗਤੀ ਦਾ ਜ਼ਿਕਰ ਕਰਦਿਆਂ ਆਪ ਫੁਰਮਾਉਂਦੇ ਹਨ ਕਿ ਹਰੀ ਦਿਆਂ ਚਰਨਾਂ ਵਿਚ ਮਨ ਤਨ ਅਰਪਣ ਕਰਨ ਵਾਲਿਆਂ ਦੇ ਜਨਮਾਂ ਜਨਮਾਂਤਰਾਂ ਦੇ ਸੰਤ ਸੰਸਕਾਰ ਜਾਗ ਪੈਂਦੇ ਹਨ ਅਤੇ ਉਹਨਾਂ ਦੀ ਹਉਮੈ ਦਾ ਨਾਸ਼ ਹੋ ਜਾਂਦਾ ਹੈ। ਵੇਖੋ ਏਥੇ ਪਹਿਲਾਂ ਪੰਜਵੇਂ ਗੁਰੂ ਨਾਨਕ ਸਿਮਰਨ ਦੀ ਮਹਿਮਾ ਕਰਦੇ ਹਨ, ਫਿਰ ਭਗਤਾਂ ਦੀ ਚਰਨ ਧੂੜ ਦੀ, ਕੰਨਾਂ ਨਾਲ ਹਰੀ ਜਸ ਸ਼੍ਰਵਣ ਕਰਨ ਦੀ, ਨਮਸਕਾਰ ਭਗਤੀ ਦੀ, ਫਿਰ ਦਾਸ ਤੇ ਸਖਾ ਭਾਵ ਭਗਤੀ ਦੀ ਵਡਿਆਈ ਦੀ, ਉਪਰੰਤ ਅਰਚਾ, ਪੂਜਾ ਤੇ ਨਮਸਕਾਰ ਭਗਤੀ ਦੀ, ਫਿਰ ਦਾਸ ਤੇ ਸਖਾ ਭਾਵ ਭਗਤੀ ਦੀ ਵਡਿਆਈ ਕਰਦੇ ਹਨ ਤੇ ਸੱਤਵੇਂ ਪਦ ਵਿਚ ਸਰਵੱਸਵ ਅਰਪਣ ਕਰਨ ਦੀ ਗੱਲ ਕਰ ਕੇ ਨਵਧਾ ਭਗਤੀ ਦਾ ਹੀ ਪ੍ਰਤੀਪਾਦਨ ਕਰ ਰਹੇ ਹਨ।

ਏਥੇ ਕੁਝ ਸੱਜਣ ਅਰਚਾ ਪੂਜਾ ਦੇ ਕਥਨ ਨੂੰ ਲੈ ਕੇ ਇਹ ਸਿੱਧ ਕਰਨ ਦੀ ਕੋਸ਼ਿਸ਼ ਕਰਦੇ ਹਨ ਕਿ ਸਤਿਗੁਰੂ ਏਥੇ ਮੂਰਤੀ ਪੂਜਾ ਵੱਲ ਇਸ਼ਾਰਾ ਕਰਦੇ ਹਨ। ਤੇ ਇਸ ਗੱਲ ਨੂੰ ਲੈ ਕੇ ਉਹ



ਵਰਤਮਾਨ ਸਮੇਂ ਦੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਕੀਤੇ ਜਾ ਰਹੇ ਸਤਿਕਾਰ ਨੂੰ ਮੂਰਤੀ ਪੂਜਾ ਆਖਦੇ ਹਨ। ਮੋਟੇ ਤੌਰ ਉੱਪਰ ਉਹਨਾਂ ਦੀਆਂ ਉਟੰਕਣਾਂ ਇਹ ਹਨ ਕਿ ਪ੍ਰਸ਼ਾਦੇ ਅਤੇ ਦੁੱਧ ਆਦਿ ਦਾ ਭੋਗ ਕਿਉਂ? ਸਰਦੀ ਵਿਚ ਹੀਟਰ, ਕੰਬਲ ਅਤੇ ਗਰਮੀਆਂ ਵਿਚ ਏ. ਸੀ., ਪੱਖਾ ਕਿਸ ਲਈ ਆਦਿ।

ਉਹਨਾਂ ਦੀਆਂ ਸ਼ੰਕਾਵਾਂ ਦਾ ਉੱਤਰ ਦੇਣ ਦਾ ਆਰੰਭ ਅਸੀਂ ਧਰਮ ਸ਼ਾਸਤਰ ਦੇ ਇਕ ਪ੍ਰਸਿੱਧ ਸ਼ਲੋਕ ਤੋਂ ਕਰਦੇ ਹਾਂ।

"ਸ਼ੈਲੀ ਦਾਰੂਮਈ ਲੌਹੀ ਲੇਪਯਾ ਲੇਖਯਾ ਚ ਸੈਕਤੀ।
ਮਣੀਮਈ ਮਨੋਮਈ ਪ੍ਰਤਿਮਾ ਅਸ਼ਟ ਵਿਧਾ ਸਮ੍ਰਿਤਾ॥"

ਭਾਵ ਪ੍ਰਮਾਤਮਾ ਦੀ ਪੂਜਾ, ਅਰਚਨਾ, ਜਪ, ਭਜਨ, ਸਿਮਰਨ ਆਦਿ ਦੀ ਵਿਧੀ ਨਾਲ ਉਪਾਸਨਾ ਕਰਨ ਵਾਸਤੇ ਆਦਿ ਕਾਲ ਤੋਂ ਭਗਤਾਂ ਨੇ ਅੱਠ ਪ੍ਰਕਾਰ ਦੀਆਂ ਮੂਰਤੀਆਂ ਦੀ ਕਲਪਨਾ ਕੀਤੀ ਹੈ।

੧. ਪੱਥਰ ਦੀ ਮੂਰਤ।
੨. ਲੱਕੜ ਦੀ।
੩. ਲੋਹੇ ਦੀ।
੪. ਲਿੱਪ ਕੇ ਬਣਾਈ।
੫. ਬੁਰਸ਼ ਨਾਲ ਪੇਂਟ ਕੀਤੀ।
੬. ਰੇਤੇ ਉੱਪਰ ਵਾਹੀ ਹੋਈ।
੭. ਮਣੀਆਂ ਦੀ।
੮. ਤੇ ਮਨ ਦੀ।

ਗੁਰਮਤਿ ਦਾ ਪੂਜਾ ਸਿਧਾਂਤ ਮਾਨਸਿਕ ਮੂਰਤੀ ਨਾਲ ਸੰਬੰਧ ਰੱਖਦਾ ਹੈ ਜਿਸਦਾ ਇਤਿਹਾਸ ਇਸ ਪ੍ਰਕਾਰ ਹੈ। ਸਤਿਯੁਗ ਦੇ ਭਗਤਾਂ ਵਿਚੋਂ ਸਰਵ ਸ਼ਿਰੋਮਣੀ, ਸਰਵ ਉੱਚ, ਸਭ ਤੋਂ ਵੱਧ ਪ੍ਰਤਿਸ਼ਠਾ, ਮਾਨ ਸਤਿਕਾਰ ਤੇ ਪ੍ਰਚਾਰ ਪ੍ਰਾਪਤ ਦੋ ਗੁਰਮੁਖ ਮਹਾਂਪੁਰਖ ਹੋਏ ਹਨ। ਪਹਿਲਾ ਸਨਾਤਨੀ ਰਾਜਕੁਲ ਵਿਚ ਜਨਮਿਆ ਭਗਤ ਧਰੂ ਤੇ ਦੂਜਾ ਵੇਦ ਵਿਧੀ ਵਿਹੀਨ, ਧਰਮ ਵਿਰੋਧੀ ਨਾਸਤਿਕ ਵੰਸ਼ ਦੈਂਤ ਕੁਲ ਦਾ ਰਤਨ ਭਗਤ ਪ੍ਰਹਿਲਾਦ। ਇਹਨਾਂ ਦੋਹਾਂ ਨੂੰ ਪ੍ਰਭੂ ਪੂਜਾ ਤੇ ਪਿਆਰ ਦੇ ਆਦਰਸ਼ ਮੰਨਿਆ ਜਾਂਦਾ ਹੈ। ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ ੩੩੭ ਉੱਪਰ ਭਗਤ ਕਬੀਰ ਜੀ ਦਾ ਸ਼ਬਦ ਸੁਸ਼ੋਭਿਤ


Namdhari Elibrary NamdhariElibrary@gmail.com

ਹੈ "ਰਾਮ ਜਪਉ ਜੀ ਐਸੇ ਐਸੇ ਧਰੂ ਪ੍ਰਹਿਲਾਦ ਜਪਿਓ ਹਰਿ ਜੈਸੇ।" ਸੋ ਪਹਿਲੇ ਭਗਤ ਧਰੂਵ ਜੀ ਦੀ ਸੰਖੇਪ ਕਥਾ ਅਰਜ਼ ਹੈ ਕਿ ਉਹ ਰਾਜਾ ਉੱਤਾਨ ਪਾਦ ਸੂਰਜ ਵੰਸ਼ੀ ਦੇ ਵੱਡੇ ਸਪੁੱਤਰ ਹਨ। ਉਹਨਾਂ ਦੀ ਮਤਰੇਈ ਮਾਤਾ ਸਰੁਚੀ ਪਿਤਾ ਜੀ ਦੀ ਗੋਦ ਵਿਚ ਬੈਠਣ ਤੇ ਉਹਨਾਂ ਨੂੰ ਬਾਹੋਂ ਫੜ੍ਹਕੇ ਖਿੱਚ ਕੇ, ਅਪਮਾਨਿਤ ਕਰ ਕੇ ਰਾਜ ਦਰਬਾਰ 'ਚੋਂ ਬਾਹਰ ਕੱਢ ਦਿੰਦੀ ਹੈ ਤੇ ਮਤਰੇਈ ਮਾਤਾ ਤੋਂ ਅਪਮਾਨਿਤ ਧਰੂਵ ਦੇ ਅੰਦਰ ਕਸ਼ੱਤਰੀਆਂ ਵਾਲਾ ਖੂਨ ਖੋਲ ਉੱਠਿਆ ਤੇ ਉਹਨਾਂ ਨੇ ਇਸ ਮਾਮਲੇ ਦੀ ਜੜ ਨੂੰ ਜਾਨਣ ਵਾਸਤੇ ਪਹਿਲਾਂ ਆਪਣੀ ਮਾਤਾ ਸੁਨੀਤੀ ਤੋਂ ਹੀ ਆਪਣੇ ਖੋਜ ਕਾਰਜ ਨੂੰ ਅਰੰਭ ਕਰਦਿਆਂ ਇਉਂ ਪੁੱਛਿਆ :

ਸੋ ਆਪਣੀ ਧਰਮਾਤਮਾ ਮਾਤਾ ਸੁਨੀਤੀ ਦੇ ਮਾਰਗ ਦਰਸ਼ਨ ਕਰਨ ਉੱਪਰ ਉਹ ਪਰਮੇਸ਼ਵਰ ਦੀ ਪ੍ਰਾਪਤੀ ਲਈ ਅਖੰਡ, ਅਤੁੱਲ, ਅਵਿਨਾਸ਼ੀ, ਅਮਰ ਰਾਜ ਪਦ ਪ੍ਰਾਪਤ ਕਰਨ ਲਈ ਜੰਗਲ ਨੂੰ ਤੁਰ ਪੈਂਦੇ ਹਨ। ਰਸਤੇ ਵਿਚ ਨਾਰਦ ਜੀ ਉਹਨਾਂ ਨੂੰ ਪਹਿਲਾਂ ਪਿੱਛੇ ਮੁੜਨ ਲਈ ਪ੍ਰੇਰਨਾ ਕਰਦੇ ਹਨ ਤੇ ਫਿਰ ਉਹਨਾਂ ਦੀ ਲਗਨ ਨੂੰ ਸੱਚੀ ਜਾਣ ਕੇ ਭਗਤ ਜੀ ਨੂੰ ਭਜਨ ਦਾ ਉਪਦੇਸ਼ ਕਰ ਦਿੰਦੇ ਹਨ। ਉਹ ਉਪਦੇਸ਼ ਸ਼੍ਰੀ ਮਦ ਭਾਗਵਤ ਮਹਾਂਪੁਰਾਣ ਦੇ ਚੌਥੇ ਸਕੰਧ ਦੇ ਅਧਿਆਏ ੮ ਵਿਚੋਂ, ਭਗਤਮਾਲ ਨਾਭਾ ਆਦਿ ਗ੍ਰੰਥਾਂ ਨੂੰ ਪੜ੍ਹਕੇ ਜਾਣਿਆ ਜਾ ਸਕਦਾ ਹੈ ਕਿ ਨਾਰਦ ਜੀ ਨੇ ਉਹਨਾਂ ਨੂੰ ਕੋਈ ਬੁੱਤ ਬਣਾਉਣ ਲਈ ਨਹੀਂ ਆਖਿਆ, ਇਸ਼ਨਾਨ ਕਰਾਉਣ, ਭੋਗ ਲਗਵਾਉਣ ਤੇ ਬਸਤਰ ਆਦਿ ਬਦਲਣ ਦਾ ਤਰੀਕਾ ਵੀ ਕੋਈ ਨਹੀਂ ਦੱਸਿਆ। ਕੇਵਲ ਭਗਵਾਨ ਸ਼੍ਰੀ ਵਿਸ਼ਨੂੰ ਦੇ ਸਾਂਵਲ ਸਲੋਨੇ ਚਤੁਰਭੁਜ ਰੂਪ ਦਾ ਵਰਨਣ ਕਰ ਕੇ ਤੇ 'ਓਮ ਨਮੋ ਭਗਵਤੇ ਵਾਸੁਦੇਵਾਯ' ਬਾਰ੍ਹਾਂ ਅੱਖਰਾਂ ਦੇ ਮੰਤਰ ਦਾ ਉਪਦੇਸ਼ ਕਰਕੇ ਰਿਸ਼ੀ ਜੀ ਚਲੇ ਜਾਂਦੇ ਹਨ ਅਤੇ ਧਰੂਵ ਜੀ ਗੁਰੂ ਦੇ ਦੱਸੇ ਮੰਤਰ ਦਾ ਜਾਪ ਸ਼ੁਰੂ ਕਰ ਦਿੰਦੇ ਹਨ। ਪਰ ਜਦੋਂ ਉਹਨਾਂ ਦੀ ਭਗਤੀ ਸੰਪੂਰਨ ਹੁੰਦੀ ਹੈ ਤਾਂ ਉਹਨਾਂ ਨੂੰ ਉਸੇ ਰੂਪ ਵਿਚ ਹੀ ਪ੍ਰਮਾਤਮਾ ਦੇ ਦਰਸ਼ਨ ਹੁੰਦੇ ਹਨ ਜੋ ਉਹਨਾਂ ਨੂੰ ਉਹਨਾਂ ਦੇ ਗੁਰੂਦੇਵ, ਦੇਵ ਰਿਸ਼ੀ ਨਾਰਦ ਜੀ ਨੇ ਦੱਸਿਆ ਸੀ ਅਤੇ ਓਥੇ ਇਕ ਹੋਰ ਵਿਲੱਖਣ ਘਟਨਾ ਘਟਦੀ ਹੈ ਕਿ ਭਗਵਾਨ, ਭਗਤ ਧਰੂ ਜੀ ਦੇ ਸਨਮੁੱਖ ਪ੍ਰਗਟ ਹੋ ਜਾਂਦੇ ਹਨ ਪਰ ਭਗਤ ਜੀ ਉਹਨਾਂ ਦੇ ਦਰਸ਼ਨ ਨਹੀਂ ਕਰਦੇ ਕਿਉਂਕਿ ਉਹ ਓਸੇ ਠਾਕੁਰ ਦੇ ਨਜ਼ਾਰੇ ਝਲਕਾਰੇ ਆਪਣੇ ਹਿਰਦੇ ਦੇਸ਼ ਵਿਚ ਮਾਣ ਰਹੇ ਹਨ। ਪਰ ਜਦੋਂ ਰੱਬ ਜੀ ਆਪਣਾ ਸਰੂਪ ਉਸਦੇ ਹਿਰਦੇ ਵਿਚੋਂ ਗੈਰ ਹਾਜ਼ਰ ਕਰ ਦਿੰਦੇ ਹਨ ਤਾਂ ਧਰੂ ਜੀ ਲਟਬੌਰੇ, ਮਸਤ, ਪਾਗਲ ਪ੍ਰੇਮੀ ਵਾਂਗੂੰ ਤੱਤਕਾਲ ਬਿਹਬਲ ਹੋ ਉੱਠਦੇ ਹਨ ਤੇ ਸਾਹਮਣੇ ਵੇਖਦੇ ਹਨ ਕਿ ਓਹੀ ਸ਼ਾਮ ਸੁੰਦਰ, ਸ਼ੰਖ, ਗਦਾ, ਪਦਮ, ਚੱਕਰ ਲਈ ਉਹਨਾਂ ਦੇ ਨੇਤਰਾਂ ਦੇ ਸਾਹਮਣੇ ਖੜ੍ਹੇ ਮੁਸਕਰਾ ਰਹੇ ਹਨ। ਭਗਤ ਜੀ ਭਗਵਾਨ ਦੀ ਉਸਤਤਿ ਜਾਂ ਪ੍ਰਸੰਸਾ ਕਰਨੀ ਚਾਹੁੰਦੇ ਹਨ ਲੇਕਿਨ ਉਹਨਾਂ ਨੂੰ ਕੋਈ ਸ਼ਬਦ ਸ਼ਲੋਕ ਨਹੀਂ ਸੁੱਝ ਰਿਹਾ। ਪਰ ਉਹਨਾਂ ਦੀ ਇਸ ਬਿਹਬਲਤਾ ਨੂੰ ਵੇਖ ਕੇ ਜਦੋਂ ਮਹਾਰਾਜ ਉਹਨਾਂ ਦੇ ਕੰਠ ਨੂੰ ਆਪਣਾ ਸ਼ੰਖ ਛੁਹਾ ਦਿੰਦੇ ਹਨ ਤਾਂ ਫਿਰ ਉਹਨਾਂ ਦੇ ਸਾਹਮਣੇ ਵੇਦ, ਪੁਰਾਣ, ਸ਼ਰੁਤੀਆਂ, ਸਿਮਰਤੀਆਂ, ਸਤੋਤਰ ਆ ਖੜ੍ਹੇ ਹੁੰਦੇ ਹਨ। ਜਿਸ ਤੋਂ ਸਿੱਟਾ ਇਹ ਨਿਕਲਦਾ ਹੈ ਕਿ ਬਾਹਰੀ ਪੂਜਾ ਦੇ ਨਾਲ-ਨਾਲ ਅੰਤਰੀਵ ਪੂਜਾ ਦਾ ਵਿਧਾਨ ਵੀ ਆਦਿ ਕਾਲ ਤੋਂ ਚੱਲਦਾ ਆਇਆ ਹੈ। ਇਸ ਪ੍ਰਸੰਗ ਨੂੰ ਧੰਨ ਸਤਿਗੁਰੂ ਤੇਗ ਬਹਾਦਰ ਸਾਹਿਬ ਪੰਨਾ ੬੩੨ ਉੱਪਰ ਇਉਂ ਵਰਨਣ ਕਰਦੇ ਹਨ :-

"ਸੋਰਠਿ ਮਹਲਾ ੯ ॥
ਮਨ ਰੇ ਪ੍ਰਭ ਕੀ ਸਰਨਿ ਬਿਚਾਰੋ ॥
ਜਿਹ ਸਿਮਰਤ ਗਨਕਾ ਸੀ ਉਧਰੀ
ਤਾ ਕੋ ਜਸੁ ਉਰ ਧਾਰੋ ॥ ੧ ॥ ਰਹਾਉ ॥
ਅਟਲ ਭਇਓ ਧ੍ਰੂਅ ਜਾ ਕੈ ਸਿਮਰਨਿ
ਅਰੁ ਨਿਰਭੈ ਪਦੁ ਪਾਇਆ ॥
ਦੁਖ ਹਰਤਾ ਇਹ ਬਿਧਿ ਕੋ ਸੁਆਮੀ
ਤੈ ਕਾਹੇ ਬਿਸਰਾਇਆ ॥ ੧ ॥
ਜਬ ਹੀ ਸਰਨਿ ਗਹੀ ਕਿਰਪਾ ਨਿਧਿ
ਗਜ ਗਰਾਹ ਤੇ ਛੂਟਾ ॥
ਮਹਮਾ ਨਾਮ ਕਹਾ ਲਉ ਬਰਨਉ
ਰਾਮ ਕਹਤ ਬੰਧਨ ਤਿਹ ਤੂਟਾ ॥ ੨ ॥
ਅਜਾਮਲੁ ਪਾਪੀ ਜਗੁ ਜਾਨੇ ਨਿਮਖ ਮਾਹਿ ਨਿਸਤਾਰਾ ॥
ਨਾਨਕ ਕਹਤ ਚੇਤ ਚਿੰਤਾਮਨਿ
ਤੈ ਭੀ ਉਤਰਹਿ ਪਾਰਾ ॥ ੩ ॥ ੪ ॥"

(ਪੰਨਾ ੬੩੨)

ਭਾਈ ਗੁਰਦਾਸ ਜੀ ਦੀਆਂ ਸ਼ਬਦਾਂ ਵਿਚ ਇਹ ਕਥਾ ਇਸ ਪ੍ਰਕਾਰ ਹੈ :-

ਧ੍ਰੂ ਹਸਦਾ ਘਰਿ ਆਇਆ ਕਰਿ ਪਿਆਰੁ ਪਿਉ ਕੁਛੜਿ ਲੀਤਾ ॥
ਬਾਹਹੁ ਪਕੜਿ ਉਠਾਲਿਆ, ਮਨ ਵਿਚਿ ਰੋਸੁ ਮਤ੍ਰੇਈ ਕੀਤਾ ॥
ਡੁਡਹੁਲਿਕਾ ਮਾਂ ਪੁਛੈ ਤੂੰ ਸਾਵਾਣੀ ਹੈ ਕਿ ਸੁਰੀਤਾ।
ਸਾਵਾਣੀ ਹਾਂ ਜਨਮ ਦੀ ਨਾਮੁ ਨ ਭਗਤੀ ਕਰਮਿ ਦ੍ਰਿੜੀਤਾ।
ਕਿਸੁ ਉਦਮ ਤੇ ਰਾਜੁ ਮਿਲੈ ਸਤ੍ਰੂ ਤੇ ਸਭ ਹੋਵਨਿ ਮੀਤਾ।
ਪਰਮੇਸਰੁ ਆਰਾਧੀਐ ਜਿਦੂ ਹੋਈਐ ਪਤਿਤ ਪੁਨੀਤਾ।
ਬਾਹਰਿ ਚਲਿਆ ਕਰਣਿ ਤਪੁ ਮਨ ਬੈਰਾਗੀ ਹੋਇ ਅਤੀਤਾ।


Namdhari Elibrary NamdhariElibrary@gmail.com

ਨਾਰਦ ਮੁਨਿ ਉਪਦੇਸਿਆ, ਨਾਮ ਨਿਧਾਨੁ ਅਮਿਓ ਰਸੁ ਪੀਤਾ।
ਪਿਛਹੁੰ ਰਾਜੇ ਸਦਿਆ, ਅਬਿਚਲ ਰਾਜ ਕਰਹੁ ਨਿਤ ਨੀਤਾ।
ਹਾਰਿ ਚਲੇ ਗੁਰਮੁਖਿ ਜਗ ਜੀਤਾ॥ ੧॥ ੧੦॥

ਠੀਕ ਓਸੇ ਤਰ੍ਹਾਂ ਜਿਵੇਂ ਦਿਸਦੇ ਤੀਰਥਾਂ ਉੱਪਰ ਇਸ਼ਨਾਨ ਧਿਆਨ ਕਰਨ ਦੇ ਨਾਲ ਨਾਲ "ਅੰਤਰਿ ਗਤਿ ਤੀਰਥ ਮਲਿ ਨਾਉ" ਦਾ ਹੁਕਮ ਵੀ ਪਵਿੱਤਰ ਗੁਰਬਾਣੀ ਵਿਚ ਦਰਜ ਹੈ। ਤ੍ਰੇਤੇ ਯੁੱਗ ਦੇ ਭਗਤ ਵਿਭੀਸ਼ਣ ਦੈਂਤ ਕੁਲ ਵਿਚੋਂ, ਜਟਾਯੂ ਗਿਰਝ ਨਾਮਕ ਪੰਛੀ ਜੋਨੀ ਤੇ ਭਗਤਣੀ ਭੀਲਣੀ ਜੰਗਲੀ ਜਾਤੀ ਵਿਚ ਜਨਮੀ। ਇਹਨਾਂ ਦੇ ਪਾਸ ਵੀ ਸ਼ਾਸਤਰ ਉਕਤ ਰੀਤੀ ਦੇ ਪੂਜਾ ਪਾਠ ਦੀ ਵਿਧੀ ਵਿਧਾਨ ਦਾ ਕੋਈ ਸਾਧਨ ਨਹੀਂ ਸੀ। ਦੁਆਪਰ ਦੇ ਭਗਤ ਸੁਦਾਮਾ, ਦਰੋਪਦੀ, ਬਿਦੁਰ ਆਦਿਕ ਵੀ ਏਸੇ ਕੋਟੀ ਦੇ ਪ੍ਰਭੂ ਪ੍ਰੇਮੀ ਸਨ। ਬਿਦੁਰ ਅਤੇ ਦਰੋਪਦੀ ਬਾਰੇ ਗੁਰਬਾਣੀ ਅਤੇ ਭਾਈ ਗੁਰਦਾਸ ਜੀ ਦੇ ਪ੍ਰਮਾਣ ਇਸ ਪ੍ਰਕਾਰ ਅੰਕਿਤ ਹੋਏ ਹਨ :

ਹਰਿ ਕੋ ਨਾਮੁ ਸਦਾ ਸੁਖਦਾਈ॥
ਜਾ ਕਉ ਸਿਮਰਿ ਅਜਾਮਲੁ ਉਧਰਿਓ
ਗਨਿਕਾ ਹੂ ਗਤਿ ਪਾਈ॥ ੧॥ ਰਹਾਉ॥
ਪੰਚਾਲੀ ਕਉ ਰਾਜ ਸਭਾ ਮਹਿ ਰਾਮ ਨਾਮ ਸੁਧਿ ਆਈ॥
ਤਾ ਕੋ ਦੂਖੁ ਹਰਿਓ ਕਰੁਣਾ ਮੈ ਅਪਨੀ ਪੈਜ ਬਢਾਈ॥ ੧॥
ਜਿਹ ਨਰ ਜਸੁ ਕਿਰਪਾ ਨਿਧਿ ਗਾਇਓ
ਤਾ ਕਉ ਭਇਓ ਸਹਾਈ॥
ਕਹੁ ਨਾਨਕ ਮੈ ਇਹੀ ਭਰੋਸੈ ਗਹੀ ਆਨਿ ਸਰਨਾਈ॥ ੨॥
(ਪੰਨਾ ੧੦੦੮)

"ਰਾਜਨ ਕਉਨੁ ਤੁਮਾਰੈ ਆਵੈ॥
ਐਸੋ ਭਾਉ ਬਿਦਰ ਕੋ ਦੇਖਿਓ
ਓਹੁ ਗਰੀਬੁ ਮੋਹਿ ਭਾਵੈ॥ ੧॥ ਰਹਾਉ॥
ਹਸਤੀ ਦੇਖਿ ਭਰਮ ਤੇ ਭੂਲਾ ਸ੍ਰੀ ਭਗਵਾਨੁ ਨ ਜਾਨਿਆ॥
ਤੁਮਰੋ ਦੂਧੁ ਬਿਦਰ ਕੋ ਪਾਨੋ ਅੰਮ੍ਰਿਤੁ ਕਰੁ ਮੈ ਮਾਨਿਆ॥੧॥
ਖੀਰ ਸਮਾਨਿ ਸਾਗੁ ਮੈ ਪਾਇਆ
ਗੁਨ ਗਾਵਤ ਰੈਨਿ ਬਿਹਾਨੀ॥
ਕਬੀਰ ਕੋ ਠਾਕੁਰੁ ਅਨਦ ਬਿਨੋਦੀ
ਜਾਤਿ ਨ ਕਾਹੂ ਕੀ ਮਾਨੀ॥ ੨॥ ੯॥"
(ਪੰਨਾ ੧੧੦੫)

ਅਤੇ ਭਾਈ ਗੁਰਦਾਸ ਜੀ ਦੀ ਗਵਾਹੀ ਵੇਖੋ-

"ਅੰਦਰਿ ਸਭਾ ਦੁਸਾਸਣੈ ਮਥੈ ਵਾਲ ਦ੍ਰੋਪਤੀ ਆਂਦੀ॥
ਦੂਤਾ ਨੋ ਫੁਰਮਾਇਆ ਨੰਗੀ ਕਰਹੁ ਪੰਚਾਲੀ ਬਾਂਦੀ॥
ਪੰਜ ਪਾਂਡੋ ਵੇਖਦੇ ਅਉਘਟਿ ਰੁਧੀ ਨਾਰਿ ਜਿਨ੍ਹਾਂ ਦੀ॥
ਅਖੀਂ ਮੀਟਿ ਧਿਆਨੁ ਧਰਿ ਹਾਹਾ ਕ੍ਰਿਸ਼ਨ ਕਰੇ ਵਿਲਲਾਂਦੀ॥
ਕਪੜ ਕੋਟ ਉਸਾਰਿਓਨ ਥਕੇ ਦੂਤ ਨ ਪਾਰ ਵਸਾਂਦੀ॥
ਹਥ ਮਰੋੜਨਿ ਸਿਰੁ ਧੁਣਨਿ ਪਛੋਤਾਨਿ ਕਰਨਿ ਜਾਹ ਜਾਂਦੀ॥
ਘਰਿ ਆਈ ਠਾਕੁਰ ਮਿਲੇ ਪੈਜ ਰਹੀ ਬੋਲੇ ਸ਼ਰਮਾਂਦੀ॥
ਨਾਥ ਅਨਾਥਾਂ ਬਾਣ ਧੁਰਾਂਦੀ॥ ੮॥ ੧੦॥"

ਅਤੇ ਚੌਥੇ ਯੁੱਗ ਕਲਿਯੁਗ ਵਿਚ ਇਸ ਮਾਨਸਿਕ ਪੂਜਾ ਪੱਧਤੀ ਦਾ ਇਕ ਪ੍ਰਕਾਰ ਦਾ ਹੜ੍ਹ ਹੀ ਆ ਗਿਆ ਕਿਉਂਕਿ ਭਗਤ ਕਬੀਰ, ਰਵਿਦਾਸ, ਧੰਨਾ, ਸੈਣ, ਨਾਮਦੇਵ, ਤੁਲਸੀ, ਸੂਰਦਾਸ, ਮੀਰਾ ਆਦਿ ਅਨੇਕਾਂ ਹੀ ਪ੍ਰਭੂ ਪਿਆਰੇ ਹੋਏ ਜਿਨ੍ਹਾਂ ਨੂੰ ਨਾ ਤਾਂ ਸੋਲ੍ਹਾਂ ਪ੍ਰਕਾਰ ਦੇ ਪੂਜਨ, ਅਰਚਨ, ਸ਼ਨਾਨ, ਨਿਵੇਦਨ ਆਦਿ ਦੇ ਢੰਗਾਂ ਦਾ ਗਿਆਨ ਸੀ ਅਤੇ ਨਾ ਹੀ ਉਹਨਾਂ ਪਾਸ ਸਾਧਨ ਸਮੱਗਰੀ ਮੌਜੂਦ ਸੀ ਅਤੇ ਸਭ ਤੋਂ ਵੱਡੀ ਗੱਲ ਇਹ ਕਿ ਉਸ ਵੇਲੇ ਦੇ ਕੱਟੜਪੰਥੀ ਸਨਾਤਨ ਧਰਮੀ ਨਾ ਹੀ ਉਹਨਾਂ ਨੂੰ ਇਸਦੀ ਆਗਿਆ ਦਿੰਦੇ ਸਨ। ਪਰ ਫਿਰ ਵੀ ਉਹਨਾਂ ਨੂੰ ਉਹ ਪ੍ਰਭੂ ਪਿਆਰ ਪ੍ਰਾਪਤ ਹੋਇਆ ਜਿਸਦੀਆਂ ਕਥਾ ਕਹਾਣੀਆਂ ਤੇ ਮਿਸਾਲਾਂ ਅੱਜ ਧਾਰਮਿਕ ਗਗਨ ਵਿਚ ਸਿਤਾਰਿਆਂ ਵਾਂਗ ਚਮਕਦੀਆਂ ਹਨ। ਏਸੇ ਯੁੱਗ ਵਿਚ ਹੀ ਆਦਿ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਨਿਰਮਲ ਤੇ ਪਾਵਨ ਪੰਥ ਆਰੰਭ ਹੋਇਆ। ਸਿੱਖ ਇਤਿਹਾਸ ਦੇ ਭਗਤਾਂ ਵੱਲ ਝਾਤੀ ਮਾਰੀਏ ਤਾਂ ਉਹ ਬਿਨਾਂ ਕਿਸੇ ਠਾਕੁਰ ਪੂਜਾ ਦੇ ਧਾਰਨ ਤੋਂ ਹੀ ਮਹਾਨ ਗੁਰਮੁਖ ਪਦ ਦੇ ਅਧਿਕਾਰੀ ਹੋਏ। ਜਿਸ ਵਿਚ ਸਤਿਗੁਰਾਂ ਦੀ ਭੈਣ ਬੇਬੇ ਨਾਨਕੀ, ਨਵਾਬ ਰਾਏ ਬੁਲਾਰ, ਬਾਲਾ, ਮਰਦਾਨਾ, ਪੈੜਾ ਮੋਖਾ ਅਤੇ ਲਾਲੋ ਆਦਿ ਪ੍ਰਸਿੱਧ ਪ੍ਰਭੂ ਪ੍ਰੇਮੀ ਗੁਰੂ ਭਗਤ ਹੋਏ। ਸਿੰਘਲ ਦੀਪ ਦੇ ਰਾਜੇ ਸ਼ਿਵਨਾਭ ਨੇ ਗੁਰੂ ਨਾਨਕ ਨੂੰ ਦੇਹ ਕਰਕੇ ਨਹੀਂ ਵੇਖਿਆ ਸੀ ਫੇਰ ਵੀ ਉਸਦੀ ਦਰਸ਼ਨ ਖਿੱਚ, ਰੂਹਾਨੀ ਪਿਆਰ, ਅੰਦਰੂਨੀ ਕੋਮਲ ਤੰਦਾਂ ਤੇ ਪ੍ਰੇਮ ਦੀਆਂ ਡੋਰਾਂ ਦੇ ਖਿੱਚੇ ਨਿਰੰਕਾਰੀ ਬਾਬਾ ਨਾਨਕ ਉਹਨਾਂ ਦੇ ਪਾਸ ਪੁੱਜੇ। ਚੌਥੇ ਪਾਤਸ਼ਾਹ ਗੁਰਗੱਦੀ ਉੱਪਰ ਬਿਰਾਜਨ ਤੋਂ ਪਹਿਲਾਂ ਜਦੋਂ ਭਾਈ ਜੇਠਾ ਜੀ ਦੇ ਰੂਪ ਵਿਚ ਸਨ ਤਾਂ ਲਾਹੌਰ ਦੇ ਬਜ਼ਾਰ ਵਿਚ ਘੁੰਮਦਿਆਂ ਨੇ ਇਕ ਕਪੜੇ ਦੀ ਦੁਕਾਨ ਉੱਪਰ ਮਹਿੰਗੇ ਭਾਅ ਦਾ ਪਿਆ ਬਸਤਰ ਵੇਖਿਆ। ਪਰ ਆਪਣੀ ਜੇਬ ਨੂੰ ਤੰਗ ਵੇਖ ਕੇ ਖਰੀਦਣ ਦਾ ਹੀਆ ਨਾ ਕਰ ਸਕੇ ਲੇਕਿਨ ਖਿਆਲਾਂ ਖਿਆਲਾਂ ਵਿਚ ਮਾਨਸਿਕ ਵਿਧੀ ਨਾਲ ਚੋਗਾ ਬਣ ਗਿਆ ਤੇ ਭੱਲੇ ਪਾਤਸ਼ਾਹ ਸਤਿਗੁਰੂ ਅਮਰਦਾਸ ਜੀ ਨੂੰ ਪਹਿਨਾਇਆ ਵੀ ਗਿਆ। ਓਧਰ ਗੋਇੰਦਵਾਲ ਸਾਹਿਬ ਤਖ਼ਤ ਉੱਪਰ ਬੈਠੇ ਹੀ ਗੁਰੂ ਚੋਗਾ ਪਾਉਣ ਦਾ ਅਭਿਨੈ ਵੀ ਕਰ ਰਹੇ ਸਨ।

*(ਚਲਦਾ...)*



Namdhari Elibrary NamdhariElibrary@gmail.com

# ਰਾਮ ਰਾਮ

*—ਬਚਿੰਤ ਕੌਰ*



ਅੱਜਕੱਲ ਜਿਸ ਕਮਰੇ ਵਿਚ ਮੈਂ ਰਹਿ ਰਹੀ ਹਾਂ ਉਹ ਮੇਰੇ ਲਈ ਕਿਸੇ ਜੰਨਤ ਤੋਂ ਘੱਟ ਨਹੀਂ ਹੈ। ਦਸ ਫੁੱਟ ਦੇ ਏਸ ਕਮਰੇ ਵਿਚ ਮੇਰੇ ਕੋਲ ਇਕ ਬੈੱਡ (ਮੰਜਾ) ਇਕ ਕੁਰਸੀ, ਇਕ ਛੋਟਾ ਜਿਹਾ ਟੂ ਇਨ ਵੰਨ, ਟੀ. ਵੀ ਮੈਂ ਹੁਣੇ ਹੁਣੇ ਲਿਆਂਦਾ ਹੈ ਨਹੀਂ ਤਾਂ ਪਿਛਲੇ ਚਾਰ ਵਰ੍ਹਿਆਂ ਤੋਂ ਮੈਂ ਟੀ. ਵੀ. ਦੇਖਿਆ ਨਹੀਂ ਸੀ ਤੇ ਨਾ ਹੀ ਕਦੇ, ਮੈਨੂੰ ਏਸ ਦੀ ਜ਼ਰੂਰਤ ਮਹਿਸੂਸ ਹੋਈ।

ਏਨ੍ਹਾਂ ਦੋ ਚਾਰ ਚੀਜ਼ਾਂ ਤੋਂ ਇਲਾਵਾ ਦੋ ਚਾਰ ਬਰਤਨ, ਰਸੋਈ ਵਿਚ ਛੋਟਾ ਜਿਹਾ ਫਰਿਜ ਜੋ ਮੈਨੂੰ ਮਿਸਿਜ਼ ਸਿੰਘ ਭਾਵ ਮੇਰੀ ਪਿਆਰੀ ਸਖੀ ਨੇ ਤਿੰਨ ਕੁ ਵਰ੍ਹੇ ਪਹਿਲਾਂ ਦਿੱਤਾ ਸੀ ਤੇ ਇਕ ਮਾਈਕਰੋ ਜੋ ਮੈਂ ਪਿਛਲੇ ਵਰ੍ਹੇ, ਯੂ. ਐਸ. ਏ ਤੋਂ ਲੈ ਕੇ ਆਈ ਸੀ, ਬਾਕੀ ਮੇਰੀਆਂ ਕਿਤਾਬਾਂ, ਕਲਮਾਂ ਅਤੇ ਕੋਰੇ ਕਾਗਜ਼ ਜੋ ਅਕਸਰ ਮੇਰੇ ਮੰਜੇ ਦੇ ਉੱਤੇ ਜਾਂ ਆਸ ਪਾਸ ਖਿਲਰੇ ਰਹਿੰਦੇ ਹਨ। ਏਨਾ ਦਾ ਛੋਪਾ ਜੇ ਮੈਂ ਨਾ ਕੱਤਾ ਤਾਂ ਮੇਰਾ ਓਹੀ ਹਾਲ ਹੁੰਦਾ ਜੋ ਇਕ ਨਸ਼ਈ ਦਾ।

ਬਹੁਤ ਵਾਰੀ ਸੋਚਦੀ ਹਾਂ ਕੀ ਲੈਣਾ ਹੈ ਐਵੇਂ ਕਾਗਜ਼ ਕਾਲੇ ਕਰ ਕੇ। ਪਹਿਲਾਂ ਜੋ ਚਾਲੀ ਪੰਜਤਾਲੀ ਕਿਤਾਬਾਂ ਲਿਖੀਆਂ ਹਨ ਓਨ੍ਹਾਂ ਨੂੰ ਲਿਖ ਕੇ ਕੀ ਹਾਸਲ ਹੋਇਆ ਜਾਂ ਫੇਰ ਓਹ ਕਿਤਾਬਾਂ ਪਾਠਕਾਂ ਦੇ ਕਿੰਨੀਆਂ ਕੁ ਕੰਮ ਆ ਸਕੀਆਂ। ਕੀ ਉਨ੍ਹਾਂ ਕਿਤਾਬਾਂ ਨੇ ਪਾਠਕਾਂ ਦੀ ਜ਼ਿੰਦਗੀ ਵਿਚ ਕੋਈ ਬਦਲਾਓ ਲਿਆਂਦਾ ਹੈ? ਖੈਰ ਇਹ ਤਾਂ ਪੜ੍ਹਣ ਵਾਲੇ ਹੀ ਜਾਣਦੇ ਹਨ।

ਮੈਨੂੰ ਤਾਂ ਹਰ ਸਮੇਂ ਇਹ ਡਰ ਲੱਗਿਆ ਰਹਿੰਦਾ ਹੈ ਕਿ ਜੰਨਤ ਮੇਰੇ ਕੋਲੋਂ ਜੀਉਂਦੇ ਜੀਅ ਕਿਧਰੇ ਖੁੱਸ ਨਾ ਜਾਵੇ...ਕਈ ਕਾਰਨ ਹੋ ਸਕਦੇ ਹਨ। ਮੈਡੀਕਲੀ ਅਨਫਿਟ ਹੋ ਜਾਣਾ ਜਾਂ ਫੇਰ ਕਿਸੇ ਕਿਸਮ ਦੀ ਕੋਈ ਗਲਤੀ ਮੈਨੂੰ ਏਸ ਜੰਨਤ ਤੋਂ ਮਿੰਟਾਂ ਵਿਚ ਅਲੱਗ ਕਰ ਸਕਦੀ ਹੈ, ਜਿਵੇਂ ਪੈਸੇ ਲਈ ਲਿਖਣਾ ਪਰ ਪੰਜਾਬੀ ਦਾ ਤਾਂ ਇਕ ਵੀ ਲੇਖਕ ਐਸਾ ਮੈਨੂੰ ਕਿਧਰੇ ਨਜ਼ਰ ਨਹੀਂ ਆਇਆ ਜੋ ਕਮਾਈ ਲਈ ਲਿਖਦਾ ਹੋਵੇ। ਪੰਜਾਬੀ ਪੜ੍ਹਦਾ ਹੀ ਕੌਣ ਹੈ? ਪੰਜਾਬੀ ਦੇ ਤਾਂ ਪਾਠਕ, ਲੇਖਕ, ਸਮੀਖਿਆਕਾਰ ਸਾਰੇ ਆਪਣੇ ਆਪ ਹੀ ਤਾਂ ਹਨ। ਅੰਗਰੇਜ਼ੀ ਵਾਲੇ ਲੇਖਕਾਂ ਦੀ ਕਮਾਈ ਕਲਮ ਤੋਂ ਜ਼ਰੂਰ ਹੁੰਦੀ ਹੈ। ਓਹਨਾਂ ਦੀ ਰੋਟੀ ਰੋਜ਼ੀ ਵੀ ਓਹਨਾਂ ਦੀਆਂ ਲਿਖਤਾਂ ਨਾਲ ਹੀ ਚਲਦੀ ਹੈ। ਉਹ ਵੀ ਇੰਗਲੈਂਡ, ਅਮਰੀਕਾ ਕਨੇਡਾ ਆਦਿ ਵਿਚ ਵਸਦੇ ਲੇਖਕਾਂ ਦੀ। ਪੰਜਾਬੀ ਦਾ ਲੇਖਕ ਤਾਂ ਬਸ ਆਪਣੇ ਮਨ ਦਾ ਬੋਝ ਹਲਕਾ ਕਰਨ ਲਈ ਲਿਖਦਾ ਹੈ। ਇਹ ਗੱਲ ਮੈਂ ਆਪਣੇ ਅਨੁਭਵ ਤੋਂ ਲਿਖ ਰਹੀ ਹਾਂ। ਜੇਕਰ ਇਹ ਨਾ ਲਿਖੇ ਤਾਂ ਮਨ ਉਸਦੀਆਂ ਰਾਤਾਂ ਦੀ ਨੀਂਦ ਹਰਾਮ ਕਰ ਦਿੰਦਾ ਹੈ।

ਏਸ ਮਨ ਦੇ ਬਾਰੇ ਵੀ ਕੀ ਕਹੀਏ? ਅੱਧੀ ਰਾਤੀਂ ਉੱਠ ਕੇ ਕਲਮ ਤਾਂ ਫੜ ਲਈ ਹੈ ਪਰ ਸਿਮਰਨ ਜਾਂ ਭਗਤੀ ਵਲ ਇਹ ਮੂੰਹ ਹੀ ਨਹੀਂ ਕਰਦਾ ਜਿਵੇਂ ਬਹੁਤ ਔਖਾ ਕੰਮ ਕਰਨਾ ਹੋਵੇ। ਅਜੀਬ ਗੱਲ ਹੈ। ਏਥੇ ਮੈਨੂੰ ਭਗਤ ਕਬੀਰ ਜੀ ਦੀ ਇਕ ਸਾਖੀ ਯਾਦ ਆ ਰਹੀ ਹੈ।

ਇਕ ਵਾਰੀ ਕਬੀਰ ਜੀ ਦੇ ਘਰ ਦੇ ਸਾਹਮਣੇ ਇਕ ਪੱਕੀ ਹਵੇਲੀ ਉਸਾਰੀ ਜਾ ਰਹੀ ਸੀ। ਕਈ ਰਾਜ-ਮਜ਼ਦੂਰ ਦਿਹਾੜੀ ਉਤੇ ਲੱਗੇ ਹੋਏ ਸਨ। ਅਚਾਨਕ ਜ਼ੋਰਾਂ ਦਾ ਮੀਂਹ ਵਰਸਨ ਲੱਗ ਪਿਆ। ਮਜ਼ਦੂਰਾਂ ਦਾ ਕੰਮ ਬੰਦ ਹੋ ਗਿਆ। ਹੁਣ ਵਰ੍ਹਦੇ ਮੀਂਹ ਵਿਚ ਤਾਂ ਚਣਾਈ ਨਹੀਂ ਸੀ ਹੋ ਸਕਦੀ। ਰਾਜ ਅਤੇ ਮਜ਼ਦੂਰ ਦੋਵੇਂ ਵਹਿਲੇ ਹੋ ਕੇ ਬੈਠ ਗਏ।

ਰਾਜ ਤਾਂ ਆਪਣੇ ਆਪਣੇ ਘਰਾਂ ਨੂੰ ਚਲੇ ਗਏ ਪਰ ਦੋ ਮਜ਼ਦੂਰ ਅਜੇ ਵੀ ਉਡੀਕ 'ਚ ਸਨ ਕਿ ਜੇਕਰ ਮੀਂਹ ਬੰਦ ਹੋ ਜਾਵੇ ਤਾਂ ਉਹ ਕੰਮ ਸ਼ੁਰੂ ਕਰ ਲੈਣ ਨਹੀਂ ਤਾਂ ਆਥਣ ਨੂੰ ਘਰ ਵਿਚ ਰੋਟੀ ਨਹੀਂ ਪਕਣੀ। ਬਾਲ ਬੱਚਿਆਂ ਨੂੰ ਭੁਖਿਆ ਸੌਣਾ ਪਵੇਗਾ ਕਿਉਂਕਿ ਦਿਨੇ ਦੋ ਆਨੇ ਦਿਹਾੜੀ ਜਿਹੜੀ ਓਹਨਾਂ ਨੂੰ ਮਜ਼ਦੂਰੀ ਮਿਲਦੀ ਸੀ, ਉਸ ਨਾਲ ਉਹ ਸ਼ਾਮ ਦੀ ਰੋਟੀ ਟੁੱਕ ਦਾ ਗੁਜ਼ਾਰਾ ਚਲਾਉਂਦੇ ਸਨ। ਦੋਵੇਂ ਮਜ਼ਦੂਰ ਸ਼ਸ਼ੋਪੰਜ ਵਿਚ ਪਏ ਵਰ੍ਹਦੇ ਮੀਂਹ ਵਿਚ ਖੜ੍ਹੇ ਰੱਬ ਅੱਗੇ ਪ੍ਰਾਰਥਨਾ ਕਰ ਰਹੇ ਸਨ ਕਿ ਮੀਂਹ ਜਲਦੀ ਰੁੱਕ ਜਾਵੇ ਪਰ ਬਾਰਸ਼ ਤਾਂ ਜਿਵੇਂ ਰੁਕਣ ਦਾ ਨਾਓਂ ਹੀ ਨਹੀਂ ਸੀ ਲੈ ਰਹੀ।

ਇਹ ਸਭ ਨਜ਼ਾਰਾ ਆਪਣੇ ਚੁਬਾਰੇ ਵਿਚ ਬੈਠੇ ਕਬੀਰ ਸਾਹਿਬ ਅੱਖੀ ਦੇਖ ਰਹੇ ਸਨ। ਉਨ੍ਹਾਂ ਨੂੰ ਦੋਹਾਂ ਮਜ਼ਦੂਰਾਂ ਦੀ ਦਸ਼ਾ ਉੱਤੇ ਤਰਸ ਆਇਆ ਤਾਂ ਉਨ੍ਹਾਂ ਨੇ ਦੋਹਾਂ ਨੂੰ ਇਸ਼ਾਰੇ ਨਾਲ ਆਪਣੇ ਚੁਬਾਰੇ ਵਿਚ ਬੁਲਾ ਲਿਆ ਤੇ ਪੁੱਛਿਆ ਕਿ "ਭਾਈ ਤੁਸੀਂ ਐਨੇ ਉਦਾਸ ਕਿਉਂ ਹੋ? ਵਰ੍ਹਦੇ ਮੀਂਹ ਵਿਚ ਬਾਹਰ ਕਿਉਂ ਖੜ੍ਹੇ ਹੋ, ਘਰ ਕਿਉਂ ਨਹੀਂ ਚੱਲੇ ਜਾਂਦੇ? ਅੱਜ ਹੁਣ ਕੰਮ ਤਾਂ ਬੰਦ ਹੋ ਚੁਕਿਆ ਹੈ।


Namdhari Elibrary NamdhariElibrary@gmail.com

ਦੋਹਾਂ ਮਜ਼ਦੂਰਾਂ ਨੇ ਆਪਣੀ ਮਜਬੂਰੀ ਦੱਸੀ ਤੇ ਕਿਹਾ, "ਮਹਾਰਾਜ ਜੇਕਰ ਸਾਡੀ ਦਿਹਾੜੀ ਅੱਜ ਨਾ ਲੱਗੀ ਤਾਂ ਸਾਡੇ ਘਰਾਂ ਦੇ ਚੁੱਲ੍ਹਿਆਂ ਵਿਚ ਅੱਜ ਅੱਗ ਵੀ ਨਹੀਂ ਬਲਣੀ। ਅਸੀਂ ਤਾਂ ਰੋਜ਼ ਜੋ ਕਮਾਉਂਦੇ ਹਾਂ, ਓਹੀ ਆਥਣੇ ਖਾ ਲੈਂਦੇ ਹਾਂ।

"ਕਿੰਨੀ ਮਜ਼ਦੂਰੀ ਮਿਲਦੀ ਹੈ?" ਕਬੀਰ ਸਾਹਿਬ ਨੇ ਦੋਹਾਂ ਨੂੰ ਪੁੱਛਿਆ।

"ਦੋ ਦੋ ਆਨੇ!"

"ਅੱਛਾ ਫੇਰ ਤੁਸੀਂ ਮੇਰਾ ਇਕ ਕੰਮ ਕਰੋ, ਅੱਜ ਮੈਂ ਤੁਹਾਨੂੰ ਦੁਗਣੀ ਮਜ਼ਦੂਰੀ ਦਿਆਂਗਾ।"

ਦੋਵੇਂ ਕਬੀਰ ਸਾਹਿਬ ਦੀ ਗੱਲ ਸੁਣ ਕੇ ਬਹੁਤ ਖੁਸ਼ ਹੋਏ ਤੇ ਬੋਲੇ, "ਛੇਤੀ ਦੱਸੋ ਕੀ ਕਰਨਾ ਹੈ?"

ਕਬੀਰ ਸਾਹਿਬ ਨੇ ਕਿਹਾ, "ਕੋਈ ਮੁਸ਼ਕਿਲ ਕੰਮ ਨਹੀਂ, ਮੇਰੇ ਚੁਬਾਰੇ ਦੇ ਅੰਦਰ ਆ ਜਾਓ। ਇਕ ਇਕ ਕੋਨੇ ਵਿਚ ਬੈਠ ਕੇ ਦੋਵੇਂ ਜਦ ਤੱਕ ਸੂਰਜ ਨਹੀਂ ਢਲਦਾ, ਰਾਮ ਰਾਮ ਕਰੀ ਜਾਓ। ਇਕ ਕੋਨੇ ਵਿਚ ਮੈਂ ਬੈਠਾਂਗਾ।" ਦੋਵੇਂ ਬੜੇ ਖੁਸ਼ ਹੋਏ।

ਇਹ ਤਾਂ ਬਹੁਤ ਆਸਾਨ ਕੰਮ ਹੈ। ਪਰ ਕਬੀਰ ਸਾਹਿਬ ਨੇ ਕਿਹਾ, "ਸੂਰਜ ਢੱਲਣ ਤੱਕ ਤੁਸੀਂ ਰਾਮ ਰਾਮ ਕਹੀ ਜਾਣਾ ਹੈ। ਜੇ ਪਹਿਲਾਂ ਉਠ ਗਏ ਤਾਂ ਮਜ਼ਦੂਰੀ ਨਹੀਂ ਮਿਲਣੀ ਤੇ ਭੁੱਖੇ ਰਹਿਣਾ ਪਵੇਗਾ।"

ਦੋਵੇਂ ਬੈਠ ਗਏ ਕੰਧ ਵਲ ਮੂੰਹ ਕਰ ਕੇ ਅਤੇ ਲੱਗੇ ਰਾਮ ਰਾਮ ਦਾ ਜਾਪ ਕਰਨ। ਅਜੇ ਇਕ ਘੜੀ ਵੀ ਨਹੀਂ ਸੀ ਬੀਤੀ, ਪਹਿਲਾ ਦੂਜੇ ਵੱਲ ਤੇ ਦੂਜਾ ਪਹਿਲੇ ਵਲ ਚੋਰੀ ਚੋਰੀ ਝਾਕਣ ਲੱਗ ਪਿਆ।

ਕਬੀਰ ਸਾਹਿਬ ਨੇ ਕਿਹਾ, "ਭਾਈ ਆਪਣਾ ਆਪਣਾ ਕੰਮ ਚਿੱਤ ਲਾ ਕੇ ਕਰੋ। ਇਕ ਦੂਜੇ ਵਲ ਮੱਤ ਦੇਖੋ।" ਪਰ ਪੰਜਾਂ ਮਿੰਟਾਂ ਬਾਅਦ ਫੇਰ ਓਹੀ ਗੱਲ। ਕਬੀਰ ਸਾਹਿਬ ਨੇ ਕਿਹਾ, "ਭਾਈ ਆਪੋ ਆਪਣੇ ਕੰਮ ਵਲ ਧਿਆਨ ਲਗਾਓ।" ਪਰ ਕਿੱਥੇ ਦੋਹਾਂ ਨੇ ਹੱਥ ਖੜ੍ਹੇ ਕਰ ਦਿੱਤੇ।

"ਸਾਥੋਂ ਨਹੀਂ ਹੁੰਦਾ ਇਹ 'ਰਾਮ ਰਾਮ' ਦਾ ਰਟਨ। ਸਾਨੂੰ ਤਾਂ ਸਿਰ ਉਤੇ ਧਰ ਕੇ ਇੱਟਾਂ ਢੋਣੀਆਂ ਹੀ ਠੀਕ ਹਨ।"

ਸੋ ਭਾਈ ਰਾਮ ਰਾਮ ਜਪਣਾ ਕੋਈ ਸੌਖਾ ਕੰਮ ਨਹੀਂ। ਮੈਂ ਉੱਠ ਬੈਠੀ ਅੱਧੀ ਰਾਤ ਤੇ ਫੜ ਲਈ ਹੱਥ ਵਿਚ ਘੁੱਟ ਕੇ ਇਹ ਕਲਮ।

*ਮਹਾਰਾਜ ਸਾਵਣ ਸਿੰਘ*
*ਚੈਰੀਟੇਬਲ ਹਸਪਤਾਲ, ਬਿਆਸ*

# ਵਾਹ ਓਏ ਬੁਢੇਪਿਆ

*—ਮਾ. ਅਮਰੀਕ ਸਿੰਘ*



ਵਾਹ ਓਏ ਬੁਢੇਪਿਆ ਤੇਰਾ ਕੀ ਜਵਾਬ ਏ।
ਤੇਰੇ ਸਦ ਗੁਣਾਂ ਦਾ ਨ ਕੋਈ ਵੀ ਹਿਸਾਬ ਏ।

ਬਚਪਣਾ ਜਵਾਨੀ ਅੱਜ ਹੋਏ ਬੇਵਫ਼ਾ ਨੇ
ਧੁੰਦ ਦਿਆਂ ਬੱਦਲਾਂ ਜਿਓਂ ਹੋ ਗਏ ਹਵਾ ਨੇ
ਬਣ ਬੈਠਾ ਅੱਜ ਤਾਂ ਬੁਢੇਪਾ ਹੀ ਨਵਾਬ ਏ।

ਆਇਆ ਏ ਬੁਢੇਪਾ ਯਾਰੀ ਪੱਕੀ ਜੋ ਨਿਭਾਏਗਾ।
ਮਤਲਬੀ ਯਾਰਾਂ ਵਾਂਗ ਛੱਡ ਨਹੀਂ ਜਾਏਗਾ।
ਏਸ ਨੇ ਵਜਾਣੀ ਸਾਹਾਂ ਨਾਲ ਹੀ ਰਬਾਬ ਏ।

ਕਾਲੇ ਦਗਾਂ ਦੇਣ ਬੱਗੇ ਸਦਾ ਰਹਿੰਦੇ ਸਾਥ ਨੇ,
ਕਾਲੀ ਰਾਤ ਵਿਚ ਕਰ ਦਿੰਦੇ ਪਰਭਾਤ ਨੇ
ਚੋਧਵੀਂ ਦੀ ਰਾਤੇ ਜਿਵੇਂ ਚੜ੍ਹਦਾ ਮਹਿਤਾਬ ਏ।

ਬੁੱਢਾ ਹੇ ਸਰੀਰੋਂ ਪਰ ਮਨ ਤਾਂ ਜਵਾਨ ਏ
ਬਣਿਆ ਸ਼ਰੀਫ਼ ਕਦੀ ਹੁੰਦਾ ਜੋ ਸ਼ੈਤਾਨ ਏ
ਟੁੱਟ ਜਾਂਦਾ ਪਹੀਆ ਬਚੀ ਰਹਿੰਦੀ ਪਰ ਨਾਭ ਏ

ਮਿੱਠੜੀਆਂ ਯਾਦਾਂ ਦਾ ਖਜ਼ਾਨਾ ਜਿਦ੍ਹੇ ਕੋਲ ਏ,
ਬੰਦਾ ਉਹ ਬੁਢੇਪੇ ਨੂੰ ਹੰਢਾਂਵਦਾ ਅਡੋਲ ਏ,
ਓਸ ਨੂੰ ਬੁਢਾਪੇ ਨੇ ਕੀਹ ਕਰਨਾ ਖਰਾਬ ਏ

ਉਮਰ ਵਧੀ ਨਾਲ ਜਿਹੜਾ ਬਦਲੇ ਸੁਭਾ ਨੂੰ
ਮਿੱਠਾ ਬੋਲੇ ਨਰਮ ਰਹੇ ਛੱਡ ਕੇ ਦਬਾ ਨੂੰ
ਉਹਦੇ ਲਈ ਬੁਢੇਪਾ ਹੁੰਦਾ ਨਿਰਾ ਹੀ ਸੁਆਬ ਹੈ

ਆਪਣੀ ਔਲਾਦੋਂ ਸਾਇਆ ਆਪਣਾ ਉਤਾਰ ਦੇ,
ਬਦਲੇ ਹਾਲਾਤ ਨਾਲ ਆਪੇ ਨੂੰ ਸੁਧਾਰ ਦੇ
ਗੁੱਸੇ ਵਿਚ ਆ ਕੇ ਨਹੀਂ ਬਣਦਾ ਕਬਾਬ ਏ

ਜਿਹੜਾ ਅਮਰੀਕ ਬੁੱਡ ਸੁਖੀ ਰਹਿਣਾ ਚਾਹੁੰਦਾ ਏ
ਮਿੱਠਾ ਮਿੱਠਾ ਬੋਲਣ ਤੋਂ ਕਾਹਨੂੰ ਕਤਰਾਉਂਦਾ ਏ
ਕੌੜਾ ਬੋਲ ਜੀਆਂ ਲਈ ਕਿਉਂ ਬਣਦਾ ਅਜ਼ਾਬ ਏ।



Namdhari Elibrary NamdhariElibrary@gmail.com

# ਉਸਤਾਦ ਫਤਹਿ ਅਲੀ-ਮੁਬਾਰਕ ਅਲੀ ਅਤੇ ਬੜੇ ਗੁਲਾਮ ਅਲੀ ਖਾਂ ਦੀਆਂ
# ਅਭੁੱਲ ਯਾਦਾਂ

*—ਗੁਰਬਖਸ਼ ਸਿੰਘ ਮਠਾੜੂ ਯੂ. ਕੇ*



ਨੁਸਰਤ ਫਤਹਿ ਅਲੀ ਨੂੰ ਤਾਂ ਸਭ ਜਾਣਦੇ ਹਨ ਜਿਸ ਨੇ ਆਪਣੀ ਗਾਇਕੀ ਨਾਲ ਸਾਰੀ ਦੁਨੀਆ ਵਿਚ ਬੜਾ ਨਾਮ ਪੈਦਾ ਕੀਤਾ ਪਰ ਬਹੁਤ ਘੱਟ ਹਨ ਜੋ ਉਸਦੇ ਬਜ਼ੁਰਗਾਂ ਨੂੰ ਜਾਣਦੇ ਹਨ। ਇਹ ਸਨ ਜਲੰਧਰ ਦੇ ਮਸ਼ਹੂਰ ਕੱਵਾਲ ਫਤਹਿ ਅਲੀ ਮੁਬਾਰਕ ਅਲੀ ਜੋ ਬਸਤੀ ਸ਼ੇਖ ਰਹਿੰਦੇ ਸੀ। ਇਹ ਕਹਿਣ ਨੂੰ ਤਾਂ ਕਵਾਲ ਸਨ ਪਰ ਬੜੇ ਸੁਲਝੇ ਹੋਏ ਸੰਗੀਤਕਾਰ ਸਨ। ਤਾਨਾਂ ਦੀ ਐਸੀ ਤਿਆਰੀ ਸੀ ਕਿ ਸੁਨਣ ਵਾਲਾ ਅੱਸ਼ ਅੱਸ਼ ਕਰ ਉਠਦਾ ਸੀ। ਇਹਨਾਂ ਦਾ ਬੜਾ ਨਵਾਬੀ ਠਾਠ ਬਾਠ ਹੁੰਦਾ ਸੀ ਅਤੇ ਪ੍ਰੋਗਰਾਮ ਵੀ ਜ਼ਿਆਦਾ ਕਰਕੇ ਨਵਾਬਾਂ ਦੇ ਹੀ ਕਰਦੇ ਹੁੰਦੇ ਸੀ। ਕਦੀ ਰਾਮਪੁਰ (ਯੂ. ਪੀ.), ਭੁਪਾਲ ਜਾਂ ਨਿਜ਼ਾਮ ਹੈਦਰਾਬਾਦ ਰਿਆਸਤਾਂ ਵਿਚ ਜਾਣਾ ਜਾਂ ਫਿਰ ਬੜੀਆਂ ਮਹਿਫਲਾਂ ਵਿਚ ਜਾਣਾ। ਛੋਟੇ ਮੋਟੇ ਪ੍ਰੋਗਰਾਮ ਕਦੀ ਨਹੀਂ ਸੀ ਕਰਦੇ। ਇਹਨਾਂ ਦੇ ਜਦ ਵੀ ਕਿਸੇ ਪ੍ਰੋਗਰਾਮ ਤੇ ਜਾਣਾ ਤਾਂ ਪਹਿਲਾਂ ਸਾਡੀ ਦੁਕਾਨ ਤੇ ਆਣਾ ਤੇ ਕਹਿਣਾ ਭਾਈਆ ਜੀ ਇਕ ਵਾਰੀ ਬਾਜਿਆਂ ਤੇ ਹੱਥ ਫੇਰ ਦਿਓ। ਸਾਡੇ ਚਾਚਾ ਜੀ ਸ. ਅੱਛਰ ਸਿੰਘ ਹੁਰਾਂ ਨੂੰ ਇਹ ਸਾਰੇ ਪਿਆਰ ਨਾਲ ਭਾਈਆ ਜੀ ਹੀ ਕਹਿੰਦੇ ਸਨ। ਹਾਲਾਂਕਿ ਉਹਨਾਂ ਦਿਨਾਂ ਵਿਚ ਜਰਮਨ ਅਤੇ ਪੈਰਿਸ ਤੋਂ ਹੀ ਬਾਜੇ ਦੀਆਂ ਸੁਰਾਂ (ਹਾਰਮੋਨੀਅਮ ਰੀਡਜ਼) ਆਂਦੀਆਂ ਸੀ ਜੋ ਇਕੋ ਵਾਰੀ ਸੁਰ ਹੋਣ ਤੇ ਕਦੀ ਬੇਸੁਰੇ ਨਹੀਂ ਹੁੰਦੇ ਪਰ ਜਦ ਜਦ ਤੱਕ ਚਾਚਾ ਜੀ ਬਾਜੇ ਚੈਕ ਨਾ ਕਰ ਲੈਣ, ਇਹਨਾਂ ਦੀ ਤਸੱਲੀ ਨਹੀਂ ਸੀ ਹੁੰਦੀ। ਚਾਚਾ ਜੀ ਬਾਜਾ ਸੁਰ ਕਰਣ ਦੇ ਬੜੇ ਮਾਹਿਰ ਸਨ ਅਤੇ ਸ਼ਰੁਤੀਆਂ ਤੱਕ ਫਰਕ ਕੱਢ ਦਿੰਦੇ ਸਨ ਕਿਉਂਕਿ ਉਹਨਾਂ ਨੇ ਆਪ ਕਈ ਸਾਲ ਚੰਗੇ ਉਸਤਾਦਾਂ ਕੋਲੋਂ ਕਲਾਸੀਕਲ ਸੰਗੀਤ ਸਿਖਿਆ ਸੀ ਇਸ ਲਈ ਸੁਰ ਦੀ ਬੜੀ ਸਮਝ ਸੀ। ਪਾਰਟੀਸ਼ਨ ਤੋਂ ਬਾਅਦ ਇਹ ਕਲਾਕਾਰ, ਫਤਹਿ ਅਲੀ-ਮੁਬਾਰਕ ਅਲੀ ਪਾਕਿਸਤਾਨ ਚਲੇ ਗਏ। ਜਦ ਕੁਝ ਟਿਕ ਟਿਕਾਅ ਹੋਇਆ ਤਾਂ ਦੋਹਾਂ ਪਾਸਿਆਂ ਤੇ ਜਾਣ ਲੱਗੇ। ਜਲੰਧਰ ਵਿਚ ਵੀ ਮੁਸਲਮਾਨਾਂ ਦੀ ਇਕ ਬੜੀ ਮੁਕੱਦਸ ਮਸਜਿਦ ਇਮਾਮ ਨਾਸਰ ਉਲਦੀਨ ਹੁਰਾਂ ਦੀ ਹੈ। ਇਸਦੀ ਜ਼ਿਆਰਤ ਲਈ ਵੀ ੧੯੫੦ ਵਿਚ ਪਹਿਲਾ ਜੱਥਾ ਆਇਆ ਜਿਸ ਵਿਚ ਉਸਤਾਦ ਫਤਹਿ ਅਲੀ ਮੁਬਾਰਕ ਅਲੀ ਹੁਰੀਂ ਵੀ ਆਏ। ਆਉਂਦੇ ਹੀ ਦੁਕਾਨ ਤੇ ਆ ਗਏ। ਕਹਿੰਦੇ ਸੋਚਿਆ ਤਬਲੇ ਦੇ ਪੂੜੇ ਲੈ ਆਈਏ ਕਿਉਂਕਿ ਪਾਕਿਸਤਾਨ ਵਿਚ ਚੰਗੇ ਨਹੀਂ ਮਿਲਦੇ। ਚਾਚਾ ਜੀ ਉਦੋਂ ਦਿੱਲੀ ਸਨ ਇਸ ਲਈ ਮੇਲ ਨਾ ਹੋਇਆ ਪਰ ਸਾਨੂੰ ਕਹਿ ਗਏ ਕਿ ਚਾਰ ਪੰਜ ਦਿਨ ਰੁਕਣਾ ਹੈ ਅਤੇ ਹਰ ਰੋਜ਼ ਸ਼ਾਮ ਨੂੰ ਪ੍ਰੋਗਰਾਮ ਹੋਵੇਗਾ, ਜ਼ਰੂਰ ਰੋਜ਼ ਆਇਓ। ਅਸੀਂ ਤਿੰਨ ਚਾਰ ਦੋਸਤਾਂ ਨੇ ਰੋਜ਼ ਸ਼ਾਮ ਨੂੰ ਸੁਨਣ ਜਾਣਾ। ਰਾਤ ਨੂੰ ਬੜੀ ਦੇਰ ਤਕ ਮਹਿਫਿਲ ਲੱਗਣੀ। ਇਹ ਬੜੇ ਗੁਣੀ ਸਨ। ਇਹਨਾਂ ਨੂੰ ਜ਼ਬਾਨੀ ਬਹੁਤ ਸੂਫੀਆਨਾ ਤੇ ਮਾਰਫ਼ਤ ਦਾ ਕਲਾਮ ਯਾਦ ਸੀ। ਹਰ ਰੋਜ਼ ਨਵਾਂ ਹੀ ਕਲਾਮ ਹੁੰਦਾ ਸੀ। ਜਿਦਾਂ ਜਿਦਾਂ ਲੋਕਾਂ ਨੂੰ ਪਤਾ ਲੱਗਾ ਮਹਿਫਿਲ ਭਰਨ ਲੱਗੀ। ਇਮਾਮ ਨਾਸਰ ਮਸਜਿਦ ਦਾ ਕਾਫੀ ਖੁਲ੍ਹਾ ਵਿਹੜਾ ਹੈ ਫਿਰ ਵੀ ਲੋਕਾਂ ਨੇ ਕਈ ਕਈ ਘੰਟੇ ਖੜੇ ਹੋ ਕੇ ਵੀ ਉਹਨਾਂ ਦੀ ਗਾਇਕੀ ਦਾ ਅਨੰਦ ਲੈਣਾ। ਆਖਰੀ ਦਿਨ ਜਦੋਂ ਤਿੰਨ ਕੁ ਘੰਟੇ ਮਹਿਫਲ ਨੂੰ ਹੋ ਗਏ ਤਾਂ ਉਹਨਾਂ ਨੇ ਇਕ ਮਾਰਫਤ ਦੀ ਚੀਜ਼ ਗਾਣੀ ਸ਼ੁਰੂ ਕੀਤੀ ਜਿਸ ਦੇ ਬੋਲ ਸਨ "ਮੇਰੇ ਨਾਲੋਂ ਤਾਂ ਕੁੜਤਾ ਚੰਗਾ ਜਿਹੜਾ ਗਲ ਮਹਿਬੂਬ ਨੇ ਪਾਇਆ... ਅੱਗੋਂ ਕੁੜਤੇ ਨੇ ਜਵਾਬ ਦਿੱਤਾ ਕਿ ਇਹ ਰੁੱਤਬਾ ਮੈਂ ਬੜੀਆਂ ਤਕਲੀਫਾਂ ਝੱਲਣ ਤੋਂ ਬਾਦ ਹੀ ਪਾਇਆ ਹੈ। ਪਹਿਲਾਂ ਮੈਂ ਬੀਅ ਸੀ ਅਤੇ ਜ਼ਮੀਨ ਵਿਚ ਦੱਬਿਆ ਗਿਆ। ਬਾਹਰ ਆਣ ਤੇ ਮੌਸਮ ਦੀ ਗਰਮੀ ਸਰਦੀ ਝਲਦਾ ਬੜਾ ਹੋਇਆ। ਡੋਡੀਆਂ ਵਿਚ ਫੁਟੀਂ ਬਣਿਆ ਅਤੇ ਬਾਹਰ ਆਣ ਤੇ ਚੁਗਿਆ ਗਿਆ। ਫਿਰ ਕੱਤਿਆ ਗਿਆ ਅਤੇ ਖੱਡੀ ਤੇ ਚੜ੍ਹ ਕੇ ਬੁਣਿਆ ਗਿਆ। ਉਸ ਤੋਂ ਪਿਛੋਂ ਦਰਜੀ ਨੇ ਮੇਰੇ ਕਈ ਟੁਕੜੇ ਕੀਤੇ ਅਤੇ ਮਸ਼ੀਨ ਦੀ ਸੂਈ ਨੇ ਮੇਰਾ ਜਿਸਮ ਹੀ ਛਲਣੀ ਕਰ ਦਿੱਤਾ। ਜਦ ਤਿਆਰ ਹੋਇਆ ਤਾਂ ਕਿਤੇ ਜਾ ਕੇ ਮਹਿਬੂਬ ਦੇ ਗਲ ਵਿਚ ਪਹਿਨਣ ਦਾ ਸੁਭਾਗ ਪ੍ਰਾਪਤ ਹੋਇਆ।

ਅਸੀਂ ਕਵਾਲਾਂ ਦੇ ਬਿਲਕੁਲ ਸਾਹਮਣੇ ਹੀ ਬੈਠੀ ਦਾ ਸੀ। ਇਹ ਸਾਰਾ ਕਿੱਸਾ ਸੁਨਣ ਦੀ ਦੇਰ ਸੀ ਕਿ ਸਾਡੇ ਨਾਲ ਹੀ ਲਾਹੌਰ ਤੋਂ ਆਏ ਇਕ ੨੫-੨੬ ਸਾਲ ਦੇ ਗੱਭਰੂ ਜਵਾਨ ਨੂੰ ਹਾਲ ਚੜ੍ਹ ਗਿਆ। ਉਹ ਬਿਲਕੁਲ ਆਪਣੀ ਸੁੱਧ ਬੁੱਧ ਗਵਾ ਬੈਠਾ। ਅਸੀਂ ਵੀ ਉਦੋਂ ਜਵਾਨ ਸੀ ਪਰ ਉਹ ਸਾਡੇ



Namdhari Elibrary NamdhariElibrary@gmail.com

ਕਾਬੂ ਹੀ ਨਾ ਆਵੇ। ਉਹ ਇਦਾਂ ਸੀ ਜਿਦਾਂ ਪਾਣੀ ਵਿਚੋਂ ਨਿਕਲ ਕੇ ਮੱਛੀ ਤੜਫਦੀ ਹੈ। ਫੇਰ ਸਤ ਅੱਠ ਜਣਿਆਂ ਨੇ ਉਸਨੂੰ ਬੜੀ ਮੁਸ਼ਕਲ ਨਾਲ ਕਾਬੂ ਕੀਤਾ। ਕਵਾਲਾਂ ਨੇ ਵੀ ਕਲਮਾ ਵਗੈਰਾ ਪੜ੍ਹਿਆ ਤਾਂ ਉਹ ਸ਼ਾਂਤ ਹੋਇਆ। ਉਸ ਦਿਨ ਆਖਰੀ ਪ੍ਰੋਗਰਾਮ ਹੋਣ ਕਰਕੇ ਸੁਨਣ ਵਾਲਿਆਂ ਦਾ ਵੀ ਹੜ੍ਹ ਆਇਆ ਹੋਇਆ ਸੀ ਅਤੇ ਨੋਟਾਂ ਦਾ ਵੀ ਮੀਂਹ ਵਰ੍ਹ ਰਿਹਾ ਸੀ ਪਰ ਉਨਾਂ ਨੂੰ ਪ੍ਰੋਗਰਾਮ ਓਥੇ ਹੀ ਬੰਦ ਕਰਨਾ ਪਿਆ।

ਫਤਹਿ ਅਲੀ ਮੁਬਾਰਕ ਅਲੀ ਹੁਰਾਂ ਨਾਲ ਹੀ ਸਬੰਧਿਤ ਇਕ ਐਸੀ ਘਟਨਾ ਹੈ ਜਿਸ ਨੇ ਇਕ ਮਾਮੂਲੀ ਸਾਰੰਗੀ ਵਾਦਕ ਨੂੰ ਹਿੰਦ-ਪਾਕਿ ਦਾ ਮਹਾਨ ਸੰਗੀਤਕਾਰ ਬਣਾ ਦਿੱਤਾ। ਓਹ ਸਨ ਬੜੇ ਗੁਲਾਮ ਅਲੀ ਖਾਂ ਜਿਨ੍ਹਾਂ ਨੇ ਇਹ ਗੱਲ ਖੁਦ ਦੱਸੀ ਜਦ ੧੯੫੮ ਵਿਚ ਉਹਨਾਂ ਨਾਲ ਕਲਕੱਤੇ ਮੁਲਾਕਾਤ ਹੋਈ। ਕਲਕੱਤੇ ਜਾਣ ਦਾ ਵੀ ਚਾਚਾ ਜੀ ਹੁਰਾਂ ਨਾਲ ਸਾਧਨ ਬਣਿਆ। ਉਹ ਇਸ ਤਰ੍ਹਾਂ ਕਿ ਮੈਂ ਯੁਗੰਡਾ ਤੋਂ ਆਇਆ ਹੋਇਆ ਸੀ ਅਤੇ ਉਨ੍ਹਾਂ ਦਿਨਾਂ ਵਿਚ ਪੰਜਾਬ ਨੈਸ਼ਨਲ ਬੈਂਕ ਵਿਚ ਬੜੀ ਲੰਬੀ ਸਟਰਾਈਕ (ਹੜਤਾਲ) ਚਲ ਰਹੀ ਸੀ। ਚਾਚਾ ਜੀ ਦੀ ਕਾਫੀ ਬੜੀ ਰਕਮ ਕਲਕੱਤੇ ਦੀ ਮਾਰਕੀਟ ਵਿਚ ਰੁਕੀ ਹੋਈ ਸੀ। ਸੋ ਉਨ੍ਹਾਂ ਨੇ ਖੁਦ ਜਾ ਕੇ ਕੁਲੈਕਸ਼ਨ ਦਾ ਪ੍ਰੋਗਰਾਮ ਬਣਾਇਆ। ਇਸ ਤਰ੍ਹਾਂ ਮੈਨੂੰ ਵੀ ਨਾਲ ਲੈ ਗਏ। ਦੁਕਾਨਦਾਰਾਂ ਨੇ ਸਾਰੀ ਪੇਮੈਂਟ ਕਰ ਦਿੱਤੀ। ਉਹਨਾਂ ਦਿਨਾਂ ਵਿਚ ਖਾਂ ਸਾਹਿਬ (ਬੜੇ ਗੁਲਾਮ ਅਲੀ) ਕਲਕੱਤੇ ਹੀ ਰਹਿੰਦੇ ਸੀ। ਬੰਗਾਲੀ ਉਹਨਾਂ ਦੀ ਬੜੀ ਕਦਰ-ਇਜ਼ਤ ਕਰਦੇ ਸੀ। ਬੰਗਾਲ ਵਿਚ ਸੰਗੀਤ ਦਾ ਬੜਾ ਸ਼ੌਕ ਹੈ। ਤਕਰੀਬਨ ਹਰ ਪਰਿਵਾਰ ਦੇ ਬੱਚੇ ਸੰਗੀਤ ਜਾਂ ਨਾਚ ਸਿਖਦੇ ਹਨ। ਇਸ ਤਰ੍ਹਾਂ ਖਾਨ ਸਾਹਿਬ ਦੇ ਓਥੇ ਬੜੇ ਸ਼ਾਗਿਰਦ ਸਨ। ਇਕ ਦੁਕਾਨ ਤੋਂ ਪਤਾ ਕਰ ਕੇ ਉਨ੍ਹਾਂ ਨੂੰ ਮਿਲਣ ਚਲੇ ਗਏ। ਉਹ ਆਪਣੀ ਇਕ ਸ਼ਾਗਿਰਦ ਚੈਟਰਜੀ ਜਾਂ ਬੈਨਰਜੀ, (ਪੂਰਾ ਨਾਮ ਯਾਦ ਨਹੀਂ) ਦੇ ਘਰ ਗਏ ਹੋਏ ਸੀ। ਸ਼ਾਮ ਦਾ ਵੇਲਾ ਸੀ ਅਤੇ ਮਾਰਵਾ ਰਾਗ ਦਾ ਰਿਆਜ਼ ਚਲ ਰਿਹਾ ਸੀ। ਇਕ ਦਫਾ ਹਰਿਵਲਭ ਵਿਚ ਇਹਨਾਂ ਨੂੰ ਸੁਣ ਚੁੱਕਾ ਸੀ ਪਰ ਪਾਸ ਬੈਠ ਕੇ ਸੁਨਣ ਦਾ ਪਹਿਲਾ ਮੌਕਾ ਸੀ। ਇਦਾਂ ਦਾ ਮਾਰਵਾ ਨਾ ਪਹਿਲੇ ਨਾ ਅੱਜ ਤੱਕ ਕਿਸੇ ਗਾਇਕ ਕੋਲੋਂ ਸੁਨਣ ਦਾ ਮੌਕਾ ਹੋਇਆ। ਚਾਚਾ ਜੀ, ਸ. ਅੱਛਰ ਸਿੰਘ ਹਰਿਵਲਭ ਕਮੇਟੀ ਦੇ ਵਾਈਸ ਪ੍ਰੇਜ਼ੀਡੈਂਟ ਹੁੰਦੇ ਸੀ। ਇਸ ਤਰ੍ਹਾਂ ਉਹਨਾਂ ਨੂੰ ਕਈ ਵਾਰ ਮਿਲ ਚੁੱਕੇ ਸੀ। ਥੋਹੜੀ ਦੇਰ ਬਾਅਦ ਬੜੇ ਗੁਲਾਮ ਅਲੀ ਖਾਂ ਸਾਹਿਬ ਨੇ ਰਿਆਜ਼ (ਗਾਣਾ) ਬੰਦ ਕਰ ਦਿੱਤਾ ਅਤੇ ਚਾਚਾ ਜੀ ਨੂੰ ਮਿਲ ਕੇ ਬੜੇ ਖੁਸ਼ ਹੋਏ। ਚਾਚਾ ਜੀ ਨੇ ਮੇਰੇ



ਬੜੇ ਗੁਲਾਮ ਅਲੀ ਖਾਂ

ਬਾਰੇ ਦੱਸਿਆ ਕਿ ਅਫਰੀਕਾ ਤੋਂ ਆਇਆ ਹੈ। ਮੈਂ ਕਿਹਾ, ਖਾਨ ਸਾਹਿਬ ਕੁਝ ਆਪਣੀ ਸੰਗੀਤ ਯਾਤਰਾ ਬਾਰੇ ਦੱਸੋ। ਕਹਿਣ ਲੱਗੇ ਕਿ ਮੇਰਾ ਜਨਮ ਕਸੂਰ ਪਾਕਿਸਤਾਨ ਦਾ ਹੈ। ਛੋਟਾ ਭਾਈ ਬਰਕਤ ਅਲੀ ਹੈ। ਬਚਪਨ ਤੋਂ ਹੀ ਸੰਗੀਤ ਦੀ ਸਿਖਿਆ ਪਿਤਾ ਜੀ ਅਤੇ ਚਾਚਾ ਜੀ ਦੀ ਦੇਖ ਰੇਖ ਵਿਚ ਸ਼ੁਰੂ ਹੋ ਗਈ। ਚਾਚਾ ਬੜਾ ਪਿਆਰ ਕਰਦਾ ਸੀ ਅਤੇ ੫-੬ ਸਾਲ ਦੀ ਉਮਰ ਵਿਚ ਹੀ ਬੰਬਈ ਪੂਨੇ ਵਗੈਰਾ ਕਈ ਸ਼ਹਿਰਾਂ ਵਿਚ ਪ੍ਰੋਗਰਾਮ ਕਰਨ ਗਿਆ ਨਾਲ ਲੈ ਜਾਂਦਾ ਸੀ। ਬਚਪਨ ਵਿਚ ਮੈਂ ਗਾਣੇ ਨਾਲੋਂ ਸਾਰੰਗੀ ਦਾ ਜ਼ਿਆਦਾ ਰਿਆਜ਼ ਕਰਦਾ ਸੀ। ੧੫-੧੬ ਸਾਲ ਦੀ ਉਮਰ ਸੀ ਜਦ ਮਾਤਾ ਦਾ ਦਿਹਾਂਤ ਹੋ ਗਿਆ। ਵਾਲਦ ਸਾਹਿਬ, (ਪਿਤਾ ਜੀ) ਨੇ ਹੋਰ ਵਿਆਹ ਕਰ ਲਿਆ। ਮਤਰੇਈ ਮਾਂ ਦਾ ਸਲੂਕ ਚੰਗਾ ਨਹੀਂ ਸੀ। ਕਹਿਣ ਲੱਗੀ ਕਿ ਜੋ ਮਰਜ਼ੀ ਕੰਮ ਕਰੋ, ਚਾਹੇ ਸਾਰੰਗੀ ਵਜਾਓ, ਦੋਨੋ ਭਰਾ ਆਪਣਾ ਖਰਚ ਤੇ ਘਰ ਦਾ ਖਰਚ ਚਲਾਓ। ਸੋ ਮੈਂ ਬੰਬਈ ਚਲਾ ਗਿਆ ਪਰ ਘਰ ਦਾ ਮਾਹੌਲ ਜਲਦੀ ਠੀਕ ਹੋ ਗਿਆ ਤੇ ਪਿਤਾ ਜੀ ਨੇ ਵਾਪਸ ਬੁਲਾ ਲਿਆ। ਓਹਨਾਂ ਦਿਨਾਂ ਵਿਚ ਲਾਹੌਰ ਦੀ ਹੀਰਾ ਮੰਡੀ ਵਿਚ ਇਕ ਕੋਠੇ ਵਾਲੀ ਇਨਾਇਤ ਬਾਈ ਬਹੁਤ ਅੱਛਾ ਗਾਉਣ ਵਾਲੀ ਸੀ ਸੋ ਉਸ ਨਾਲ ਸਾਰੰਗੀ ਵਜਾਣੀ ਸ਼ੁਰੂ ਕੀਤੀ। ਪਾਕਿਸਤਾਨ ਬਣਨ ਤੇ ਫਤਹਿ ਅਲੀ ਮੁਬਾਰਕ ਅਲੀ ਹੁਰੀਂ ਲਾਹੌਰ ਆ ਗਏ। ਇਹ ਬੜੇ ਗੁਣੀ ਸਨ। ਮੈਂ ਇਹਨਾਂ ਦਾ ਬੜਾ ਫੈਨ ਸੀ। ਇਹਨਾਂ ਨੂੰ ਖਾਣੇ ਦੀ ਦਾਅਵਤ ਦਿੱਤੀ ਪਰ ਇਹਨਾਂ ਨੇ ਇਨਕਾਰ ਕਰ ਦਿੱਤਾ। ਅਖੇ ਅਸੀਂ ਕਲਾਕਾਰਾਂ ਦੇ ਘਰ ਜਾਂਦੇ ਹਾਂ। ਕੰਜਰਾਂ ਦੇ ਸਾਜ਼ਿੰਦਿਆਂ ਦੇ ਘਰ ਨਹੀਂ ਜਾਂਦੇ। ਇਹਨਾਂ ਦੀ ਇਹ ਗੱਲ



Namdhari Elibrary NamdhariElibrary@gmail.com

ਐਸੀ ਦਿਲ ਤੇ ਲੱਗੀ ਕਿ ਉਸ ਦਿਨ ਤੋਂ ਹੀ ਸਾਰੰਗੀ ਛੱਡ ਕੇ ਗਾਣੇ ਦਾ ਰਿਆਜ਼ ਸ਼ੁਰੂ ਕਰ ਦਿੱਤਾ। ਉਸਦਾ ਨਤੀਜਾ ਤੁਹਾਡੇ ਸਾਹਮਣੇ ਹੀ ਹੈ। ਸੋ ਇਹ ਸਾਰਾ ਕਰੈਡਿਟ ਉਹਨਾਂ ਨੂੰ ਹੀ ਜਾਂਦਾ ਹੈ ਨਹੀਂ ਤਾਂ ਖਬਰੇ ਮੈਂ ਅੱਜ ਵੀ ਕਿਸੇ ਕੋਠੇ ਕੋਠੇ ਉਤੇ ਸਾਰੰਗੀ ਵਜਾਂਦਾ ਹੁੰਦਾ। ਉਸ ਵੇਲੇ ਉਸਤਾਦ ਆਸ਼ਿਕ ਅਲੀ ਪਟਿਆਲੇ ਵਾਲਿਆਂ ਦਾ ਬੜਾ ਨਾਮ ਸੀ ਸੋ ਉਹਨਾਂ ਦੀ ਸ਼ਾਗਿਰਦੀ ਕਰ ਲਈ। ਆਸ਼ਕ ਅਲੀ ਪਟਿਆਲੇ ਵਾਲੇ ਕਰਨਲ ਫਤਹਿ ਅਲੀ ਖਾਂ ਦੇ ਬੇਟੇ ਸਨ। ਕਰਨਲ ਫਤਹਿ ਅਲੀ ਤੇ ਜਰਨਲ ਅਲੀ ਬਖਸ਼ ਪਟਿਆਲਾ ਗਾਇਕੀ ਦੇ ਬਾਨੀ ਸਨ। ਰਿਆਸਤਾਂ ਵੇਲੇ ਰਾਜੇ ਮਹਾਰਾਜੇ ਹੀ ਸੰਗੀਤਕਾਰਾਂ ਦੀ ਕਦਰ ਕਰਦੇ ਸੀ। ਹਰ ਰਿਆਸਤ ਵਿਚ ਬੜੇ ਬੜੇ ਸੰਗੀਤਕਾਰ ਸਨ ਜਿਨ੍ਹਾਂ ਦਾ ਗਾਇਕੀ ਦਾ ਅਪਨਾ ਅਪਨਾ ਢੰਗ ਸੀ। ਇਸ ਤੋਂ ਇਹਨਾਂ ਦੇ ਘਰਾਨਿਆਂ ਦੇ ਨਾਂਅ ਪੈ ਗਏ ਜਿਵੇਂ ਗਵਾਲੀਅਰ, ਬਨਾਰਸ, ਰਾਮਪੁਰ, ਆਗਰਾ ਦਿੱਲੀ ਅਤੇ ਪਟਿਆਲਾ ਵਗੈਰਾ ਜੋ ਹੁਣ ਵੀ ਚਲ ਰਹੇ ਹਨ। ਅਸਲ ਵਿਚ ਤਾਂ ਇਹ ਸਿਲਸਿਲਾ ਅਕਬਰ ਦੇ ਵੇਲੇ ਤੋਂ ਸ਼ੁਰੂ ਹੋਇਆ ਜਿਸਦਾ ਦਰਬਾਰੀ ਸੰਗੀਤਕਾਰ ਮੀਆਂ ਤਾਨਸੈਨ ਸੀ। ਇਹ ਜਨਰਲ ਕਰਨਲ ਦੇ ਖਿਤਾਬ ਵੀ ਮਹਾਰਾਜਾ ਪਟਿਆਲਾ ਨੇ ਦਿੱਤੇ ਹੋਏ ਸੀ। ਹੌਲੀ ਹੌਲੀ ਪੰਜਾਬ ਦੇ ਲੋਕ ਜਾਨਣ ਲੱਗੇ ਪਰ ਅਸਲੀ ਪਹਿਚਾਣ ਤਾਂ ਕਲਕੱਤਾ ਮਿਊਜ਼ਿਕ ਕਾਨਫਰੰਸ ਵਿਚ ਸ਼ਮੂਲੀਅਤ ਤੋਂ ਹੋਈ। ਇਹ ੧੯੪੩-੪੪ ਦੀ ਗੱਲ ਹੈ। ਇਸ ਨਾਲ ਸਾਰੇ ਹਿੰਦੁਸਤਾਨ ਵਿਚ ਸ਼ੁਹਰਤ ਫੈਲ ਗਈ ਅਤੇ ਜਗਹ ਜਗਹ ਤੋਂ ਪ੍ਰੋਗਰਾਮਾਂ ਲਈ ਦਾਅਵਤਨਾਮੇ ਆਣ ਲੱਗ ਪਏ। ਪਹਿਲੀ ਵਾਰ ੧੯੪੫ ਵਿਚ ਬੰਬਈ ਵਿਚ ਪ੍ਰੋਗਰਾਮ ਕੀਤਾ। ਬੰਬਈ ਰੇਡੀਓ ਸਟੇਸ਼ਨ ਤੇ ਵੀ ਪ੍ਰੋਗਰਾਮ ਮਿਲਣ ਲੱਗ ਪਏ। ੧੯੪੭ ਵਿਚ ਪਾਰਟੀਸ਼ਨ ਵੇਲੇ ਕਲਕੱਤਾ ਬੰਬਈ ਵਾਲਿਆਂ ਨੇ ਬੜਾ ਰੋਕਿਆ ਪਰ ਪਾਕਿਸਤਾਨ ਜਾਣ ਦਾ ਮਨ ਬਣਾ ਲਿਆ ਜੋ ਸਭ ਤੋਂ ਵੱਡੀ ਗਲਤੀ ਸੀ। ਓਥੇ ਗਿਆ ਤਾਂ ਹਾਲਤ ਬਦਲੇ ਹੋਏ ਸੀ। ਕੁਛ ਦੇਰ ਬਾਦ ਰੇਡੀਓ ਤੇ ਪ੍ਰੋਗਰਾਮ ਮਿਲਣ ਲੱਗ ਪਏ ਜਿਸ ਨਾਲ ਘਰ ਦਾ ਗੁਜ਼ਾਰਾ ਚਲ ਪਿਆ। ਰੇਡੀਓ ਦਾ ਡਾਇਰੈਕਟਰ ਬੁਖਾਰੀ ਕਰ ਕੇ ਸੀ ਜਿਸ ਨੂੰ ਰਾਗਾਂ ਦੀ ਕੋਈ ਸਮਝ ਨਹੀਂ ਸੀ ਪਰ ਅਫਸਰੀ ਦਾ ਜ਼ਿਆਦਾ ਰੋਅਬ ਰੱਖਦਾ ਸੀ। ਜਿਹੜਾ ਚਮਚਾ ਗਿਰੀ ਕਰੇ ਉਸ ਨੂੰ ਕਈ ਕਈ ਪ੍ਰੋਗਰਾਮ ਦੇਣੇ। ਦੂਸਰਿਆਂ ਦੇ ਬੰਦ ਕਰ ਦੇਣੇ। ਮੇਰੇ ਨਾਲ ਵੀ ਕਿਸੇ ਗੱਲ ਤੋਂ ਤਲਖ ਕਲਾਮੀ ਹੋ ਗਈ। ਬਸ ਸਭ ਕੁਝ ਛੱਡ ਛਡਾ ਕੇ ਇਥੇ ਹਿੰਦੁਸਤਾਨ ਆ ਗਿਆ ਜਿੱਥੇ ਲੋਕਾਂ ਨੇ ਸਿਰ ਤੇ ਚੁੱਕ ਲਿਆ। ਕਲਕੱਤੇ ਵਾਲੇ ਹੀ ਐਨੀ ਇੱਜ਼ਤ ਕਰਦੇ ਹਨ ਕਿ ਕਿਤੇ ਜਾਣ ਹੀ ਨਹੀਂ ਦਿੰਦੇ।

ਅਸੀਂ ਵੀ ਰਾਤ ਦੀ ਟਰੇਨ ਪਕੜਨੀ ਸੀ। ਸੋ ਉਹਨਾਂ ਪਾਸੋਂ ਛੁੱਟੀ ਲਈ। ਖਾਂ ਸਾਹਿਬ ਦੇ ਬਹੁਤ ਰਿਕਾਰਡ ਵੀ ਹਨ ਅਤੇ ਇਕ ਬੜੀ ਮਸ਼ਹੂਰ ਠੁਮਰੀ ਰਾਗ ਸੋਹਣੀ ਵਿਚ "ਪ੍ਰੇਮ ਜੋਗਨ ਬਣ ਕੇ" (ਫਿਲਮ ਮੁਗਲੇ ਆਜ਼ਮ) ਵੀ ਗਾਈ ਸੀ, ਜਿਸ ਲਈ ਮਿਊਜ਼ਿਕ ਡਾਇਰੈਕਟਰ ਨੇ ਬੜੀ ਮੁਸ਼ਕਲ ਨਾਲ ਗਾਉਣ ਲਈ ਰਾਜ਼ੀ ਕੀਤਾ ਸੀ। ਹਿੰਦੁਸਤਾਨ ਵਿਚ ਬਹੁਤ ਇਨਾਮ ਜਿੱਤੇ ਅਤੇ ਭਾਰਤ ਸਰਕਾਰ ਨੇ "ਪਦਮ ਭੂਸ਼ਨ" ਖਿਤਾਬ ਵੀ ਦਿੱਤਾ। ੧੯੬੧ ਵਿਚ ਫਾਲਿਜ (ਅਧਰੰਗ) ਦੀ ਬੀਮਾਰੀ ਵਿਚ ਮੁਬਤਲਾ ਹੋ ਗਏ। ਬੰਬਈ ਹਸਪਤਾਲ ਤੋਂ ਇਲਾਜ ਤੋਂ ਬਾਦ ਘਰ ਆ ਗਏ ਪਰ ਬੀਮਾਰੀ ਦੇ ਅਸਰ ਕਰ ਕੇ ਗਾਣੇ ਵਿਚ ਓਹ ਤਾਸੀਰ ਨਾ ਰਹੀ ਜਿਸ ਦਾ ਬੜਾ ਦੁੱਖ ਸੀ ਕਿ ਹੁਣ ਮੈਂ ਗਾ ਨਹੀਂ ਸਕਾਂਗਾ। ਮਹਾਂਰਾਸ਼ਟਰ ਸਰਕਾਰ ਅਤੇ ਸ਼ਾਗਿਰਦਾਂ ਤੇ ਸਰੋਤਿਆਂ ਨੇ ਕਾਫੀ ਮਾਲੀ ਮਦਦ ਕੀਤੀ। ਹੈਦਰਾਬਾਦ ਦੱਖਣ ਦੇ ਨਵਾਬ ਜੋ ਓਹਨਾਂ ਦੇ ਬੜੇ ਫੈਨ ਸਨ ਅਤੇ ਬਹੁਤ ਇਜ਼ਤ ਕਰਦੇ ਸਨ, ਉਹ ਬੰਬਈ ਤੋਂ ਆਪਣੇ ਪਾਸ ਲੈ ਆਏ। ਬੜੇ ਬੜੇ ਡਾਕਟਰਾਂ ਤੋਂ ਇਲਾਜ ਕਰਵਾਇਆ ਪਰ ਠੀਕ ਨਾ ਹੋ ਸਕੇ। ਆਖਰ ੧੯੬੮ ਵਿਚ ਇਸ ਫਾਨੀ ਦੁਨੀਆ ਨੂੰ ਅਲਵਿਦਾ ਕਹਿ ਗਏ। ਓਹਨਾਂ ਦੀ ਗਾਇਕੀ ਦੀ ਝਲਕ ਉਹਨਾਂ ਦੇ ਲੜਕੇ ਉਸਤਾਦ ਮੁਨੱਵਰ ਅਲੀ ਵਿਚੋਂ ਮਿਲਦੀ ਸੀ ਜਿਸਨੂੰ ਹਰਿਵਲਭ ਸੰਗੀਤ ਮੇਲੇ ਵਿਚ ਸੁਨਣ ਦਾ ਮੌਕਾ ਮਿਲਿਆ ਪਰ ਓਹ ਵੀ ਜਲਦੀ ਹੀ ਅਲਾਹ ਨੂੰ ਪਿਆਰੇ ਹੋ ਗਏ।*

## ਟਿੱਚਰ ਨਾ ਕਰੀਏ ਮਿਰਾਸੀ ਜਾਤ ਨੂੰ

ਮਹਾਰਾਜਾ ਪਟਿਆਲਾ ਦੇ ਦਰਬਾਰ ਵਿਚ ਕਈ ਨਾਮੀ ਸੰਗੀਤਕਾਰ ਸਨ ਪਰ ਬਾਹਰੋਂ ਵੀ ਕਈ ਸੰਗੀਤਕਾਰ ਆਪਣੇ ਫ਼ਨ ਦਾ ਮੁਜ਼ਾਹਰਾ ਕਰਨ ਆਂਦੇ ਰਹਿੰਦੇ ਸੀ। ਇਕ ਵਾਰੀ ਇਕ ਗਾਉਣ ਵਾਲੀ ਆਈ ਜੋ ਗਾਉਂਦੀ ਤਾਂ ਬਹੁਤ ਅੱਛਾ ਸੀ ਪਰ ਰੰਗ ਦੀ ਕਾਲੀ ਸੀ।

ਮਹਾਰਾਜਾ ਸਾਹਿਬ ਗਾਣੇ ਤੋਂ ਬਹੁਤ ਪਰਸੰਨ ਹੋਏ। ਪੁਛਿਆ ਕਿ ਤੇਰਾ ਨਾਮ ਕੀ ਹੈ। ਕਹਿਣ ਲੱਗੀ ਹਜ਼ੂਰ ਮਿਸਰੀ ਜਾਣ। ਮਹਾਰਾਜਾ ਕਹਿਣ ਲੱਗੇ ਕਿ ਤੇਰਾ ਨਾਮ ਸ਼ੀਰਾ ਹੋਣਾ ਚਾਹੀਦਾ ਸੀ। ਸ਼ੀਰਾ ਮਿੱਠਾ ਵੀ ਹੁੰਦਾ ਹੈ ਅਤੇ ਕਾਲਾ ਵੀ। ਓਹ ਬੀਬੀ ਬੜੀ ਹਾਜ਼ਰ ਜਵਾਬ ਸੀ। ਕਹਿਣ ਲੱਗੀ ਹਜ਼ੂਰ ਨੇ ਬਿਲਕੁਲ ਠੀਕ ਫਰਮਾਇਆ ਹੈ। ਹੁਕਮ ਕੇ ਮੁਤਾਬਿਕ ਆਪ ਕੀ ਹਮਸ਼ੀਰਾ ਹੀ ਸਹੀ। ਮਹਾਰਾਜਾ ਅਤੇ ਸਭ ਦਰਬਾਰੀ ਮੁਸਕਰਾਨ ਲੱਗ ਪਏ ਕਿਉਂਕਿ ਉਰਦੂ ਵਿਚ ਹਮਸ਼ੀਰਾ ਭੈਣ ਨੂੰ ਕਹਿੰਦੇ ਹਨ।



Namdhari Elibrary NamdhariElibrary@gmail.com

# ਦੁਖ ਤੇ ਸੁਖ

*—ਸੁਲੱਖਣ ਸਿੰਘ ਭਿੰਡਰ*

**ਦੁਖ**-ਸੰਸਾਰ ਦੁਖਾਂ ਦੀ ਖਾਣ ਹੈ। ਹਰੇਕ ਪ੍ਰਾਣੀ ਜਨਮ ਤੋਂ ਮੌਤ ਤਕ ਦੀ ਯਾਤਰਾ ਕਰਦਾ ਹੋਇਆ ਦੁਖਾਂ ਦੇ ਅਨੇਕਾਂ ਮਾਰਗ ਤਹਿ ਕਰ ਰਿਹਾ ਹੈ। ਦੁਖ ਪ੍ਰਤੀਕੂਲ ਹੈ ਜੋ ਸਾਨੂੰ ਚੰਗਾ ਨਹੀਂ ਲਗਦਾ। ਜ਼ਿੰਦਗੀ ਵਿਚ ਇਕੋ ਜਿਹਾ ਸਮਾਂ ਕਦੀ ਨਹੀਂ ਰਹਿੰਦਾ। ਕਦੀ ਸੁਖ ਹੁੰਦੇ ਹਨ। ਕਦੀ ਦੁਖ ਹੁੰਦੇ ਹਨ। ਕਈ ਵਾਰ ਬੜਾ ਸੋਹਣਾ ਸੁਖ ਦਾ ਸਮਾਂ ਚਲ ਰਿਹਾ ਹੁੰਦਾ ਹੈ। ਇਕਦਮ ਦੁਖ ਦਾ ਸਮਾਂ ਆ ਜਾਂਦਾ ਹੈ। ਇਕਦਮ ਔਖੀ ਘੜੀ ਬਣ ਜਾਂਦੀ ਹੈ।

ਰੱਬ ਦੀ ਤਰਫੋਂ ਦੁੱਖ ਆਉਂਦੇ ਹਨ। ਕੋਈ ਬਿਮਾਰੀ ਤੋਂ ਦੁਖੀ ਹੈ। ਕੋਈ ਸਰੀਰਕ, ਮਾਨਸਿਕ ਤੇ ਆਰਥਿਕ ਦੁਖ ਭੋਗਦਾ ਹੈ। ਕਿਸੇ ਪਾਸ ਸਿਰ ਢੱਕਣ ਲਈ ਕੁਲੀ ਨਹੀਂ, ਢਿੱਡ ਭਰਨ ਲਈ ਭੋਜਨ ਨਹੀਂ, ਕੋਈ ਗਰੀਬੀ, ਲਾਚਾਰੀ ਦੀ ਮਾਰ ਝੱਲ ਰਿਹਾ। ਇਸ ਨਾਸਵੰਤ ਸੰਸਾਰ ਦੇ ਦੁੱਖ ਦੇਖ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਹਿਰਦੇ ਵਿਚੋਂ ਦਰਦ ਭਰੀ ਹੂਕ ਉਠਦੀ ਹੈ- "ਨਾਨਕ ਦੁਖੀਆ ਸਭ ਸੰਸਾਰ"।

ਸ਼ੇਖ ਫਰੀਦ ਜੀ ਭੀ ਜਗਤ ਦੇ ਦੁਖ ਦੇਖ ਕੇ ਬਹੁਤ ਪ੍ਰਭਾਵਤ ਹੁੰਦੇ ਹਨ। ਤੇ ਆਪਣੇ ਇਕ ਸਲੋਕ ਵਿਚ ਇਸ ਤਰ੍ਹਾਂ ਵਰਨਣ ਕਰਦੇ ਹਨ-

ਫਰੀਦਾ ਮੈ ਜਾਨਿਆ ਦੁਖੁ ਮੁਝ ਕੂ। ਦੁਖੁ ਸਬਾਇਐ ਜਗਿ॥
ਊਚੇ ਚੜਿ ਕੈ ਦੇਖਿਆ ਤਾਂ ਘਰਿ ਘਰਿ ਏਹਾ ਅਗਿ॥ ੮੧॥

ਸ਼ੇਖ ਫਰੀਦ ਜੀ ਕਹਿ ਰਹੇ ਹਨ। ਫਰੀਦਾ ਮੈਂ ਜਾਨਿਆਂ ਕਿ ਮੈਨੂੰ ਹੀ ਦੁਖ ਹੈ। ਪਰ ਪਤਾ ਲੱਗਾ ਕਿ ਸਾਰੇ ਜਗਤ ਨੂੰ ਹੀ ਦੁਖ ਹੈ। ਜਦ ਮੈਂ ਉੱਤੇ ਚੜ੍ਹਕੇ ਦੇਖਿਆ ਤਾਂ ਇਹ ਅੱਗ ਘਰ ਘਰ ਲੱਗੀ ਹੋਈ ਸੀ। ਭਾਵ ਵਿਚਾਰ ਨਾਲ ਦੇਖਿਆ ਤਾਂ ਪਤਾ ਲੱਗਾ ਜੋ ਹਰ ਜੀਵ ਮਾਤ੍ਰ ਦੁਖੀ ਹੈ।

ਸ਼ੇਖ ਫਰੀਦ ਜੀ ਆਪਣੇ ਇਕ ਹੋਰ ਸਲੋਕ ਵਿਚ ਮਨੁੱਖ ਦੀ ਦੁਖੀ ਹੋਈ ਅਵਸਥਾ ਦੇਖ ਕੇ ਭੀ ਬਹੁਤ ਪ੍ਰਭਾਵਿਤ ਹੁੰਦੇ ਹਨ ਤੇ ਇਸ ਤਰ੍ਹਾਂ ਫਰਮਾਉਂਦੇ ਹਨ-

ਫਰੀਦਾ ਜਿ ਦਿਹ ਨਾਲਾ ਕਪਿਆ, ਜੇ ਗਲ ਕਪਹਿ ਚੁਖ॥
ਪਵਨਿ ਨਾ ਈਤੀ ਮਾਮਲੇ, ਸਹਾਂ ਨਾ ਇਤੀ ਦੁਖ॥ ੭੬॥

ਸ਼ੇਖ ਫਰੀਦ ਜੀ ਕਹਿ ਰਹੇ ਹਨ। ਫਰੀਦਾ ਜਿਸ ਦਿਨ (ਦਾਈ ਨੇ ਜਨਮ ਵੇਲੇ) ਨਾੜੂਆ ਕਟਿਆ ਸੀ। ਜੇਕਰ ਰਤਾ ਕੁ ਗਲ ਵੀ ਕਟ ਦਿੰਦੀ ਤਦ ਇਤੇ ਮਾਮਲੇ (ਕਜ਼ੀਏ) ਨਾ ਪੈਂਦੇ ਅਤੇ ਅੱਜ ਇਡੇ ਦੁਖ ਨਾ ਸਹਾਰਦਾ (ਭਾਵ) ਜੇਕਰ ਦਾਈ ਜਿੰਦ ਨੂੰ ਹੀ ਮੁਕਾ ਦਿੰਦੀ ਤਦ ਪ੍ਰਮੇਸ਼ਰ ਦੀ ਪ੍ਰਾਪਤੀ ਲਈ ਕਸ਼ਟ ਸਾਧਨ (ਜਨਮ ਤੇ ਮਰਨ ਦੇ ਦੁਖ) ਨਾ ਸਹਾਰਨੇ ਪੈਂਦੇ।

ਭਗਤ ਕਬੀਰ ਜੀ ਭੀ ਦੁਖਾਂ ਤੇ ਕਸ਼ਟਾਂ ਵਿਚ ਜਕੜੇ ਮਨੁੱਖ ਨੂੰ ਇਸ ਤੋਂ ਛੁਟਕਾਰਾ ਪਾਉਣ ਲਈ ਪ੍ਰਮੇਸ਼ਰ ਅੱਗੇ ਫਰਿਆਦ ਕਰਦੇ ਹਨ। ਬਸੰਤ ਰਾਗ ਬਾਣੀ ਭਗਤਾਂ ਕੀ ਕਬੀਰ ਜੀ ਘਰ ੧ ਵਿਚ-

ਤੂੰ ਅਥਾਹੁ ਮੋਹਿ ਥਾਹ ਨਾਹਿ॥
ਪ੍ਰਭੂ ਦੀਨਾ ਨਾਥ ਦੁਖ ਕਹਹੁ ਕਾਹਿ॥
ਮੋਰੋ ਜਨਮ ਦੁਖੁ ਆਖਿ ਧੀਰ॥
ਸੁਖ ਸਾਗਰ ਗੁਨ ਰਉ ਕਬੀਰ॥ ੩੧੪॥

ਪ੍ਰਮਾਤਮਾ ਤੂੰ ਅਥਾਹ ਹੈ। ਤੇਰੀ ਹਾਥ ਨਹੀਂ ਲੈ ਸਕਦਾ। ਹੇ ਪ੍ਰਭੂ ਗਰੀਬਾਂ ਦੇ ਸੁਆਮੀ ਮੈਂ ਆਪਣਾ ਦੁਖ ਕਿਸਨੂੰ ਕਹਾਂ ਮੈਨੂੰ ਮਾਇਆ ਕਰਕੇ ਜਨਮ ਮਰਨ ਦਾ ਦੁਖ ਹੋਇਆ ਅਤੇ ਇਹ ਦੁਖ ਮੈਨੂੰ ਹੈ ਇਸ ਤੋਂ ਮੈਨੂੰ ਧੀਰਜ ਵਾਲਾ ਕਰ। ਹੇ ਸੁਖਾਂ ਦੇ ਸਮੁੰਦਰ ਮੈਂ ਤੇਰੇ ਗੁਣ ਉਚਾਰਾਂਗਾ। ਕਬੀਰ ਜੀ ਕਹਿ ਰਹੇ ਹਨ ਮੈਂ ਸੁਖਾਂ ਦੇ ਸਮੁੰਦਰ ਦੇ ਗੁਣ ਉਚਾਰਦਾ ਹਾਂ। ਦੁਖ ਤੇ ਸੁਖ ਤੋਂ ਬਿਨਾਂ ਮਨੁੱਖ ਦੀ ਜ਼ਿੰਦਗੀ ਨਹੀਂ ਚਲਦੀ। ਭਰਮ ਭੈ ਵਿਚੋਂ ਦੁਖ ਨਿਕਲਦਾ ਹੈ। ਰੱਬ ਦੀ ਰਜ਼ਾ ਵਿਚ ਰਹਿਣ ਨਾਲ ਹੀ ਸੁਖ ਹੈ। ਦੁਖ ਆਵੇਗਾ ਬਿਆਪੇਗਾ ਨਹੀਂ।

**ਸੁਖ**- ਸੁਖ ਅਨਕੂਲ ਹੈ। ਜੋ ਸਾਨੂੰ ਚੰਗਾ ਲੱਗਦਾ ਹੈ। ਹਰੇਕ ਪ੍ਰਾਣੀ ਦੀ ਪੂਰਨ ਇੱਛਾ ਹੁੰਦੀ ਹੈ ਕਿ ਮੈਂ ਸੁਖੀ ਜੀਵਨ ਬਤੀਤ ਕਰਾਂ। ਸੰਸਾਰ ਵਿਚ ਵਿਚਰਦਿਆਂ ਸੁਖ ਦੀ ਲੋੜ ਹੈ। ਇਹ ਇਕ ਜ਼ਰੂਰੀ ਵਸਤੂ ਹੈ। ਇਸਨੂੰ ਪ੍ਰਾਪਤ ਕਰਨਾ ਜ਼ਰੂਰੀ ਸਮਝ ਕੇ ਮਨੁੱਖ ਇਸ ਕੋਸ਼ਿਸ਼ ਵਿਚ ਲਗਾ ਹੈ ਕਿ ਦੁਨੀਆਂ ਦੇ ਸੁਖ ਭੋਗਣ ਵਾਲਾ ਸਵਰਗ ਬਣਾਵਾਂ ਉਸ ਵਿਚ ਰਹਾਂ ਤੇ ਬਾਲ ਬਚੇ ਉਸ ਵਿਚ ਰਖਾਂ ਕਿਉਂਕਿ ਸੁਖ ਦੀ ਲੋੜ ਹਰ ਵੇਲੇ ਪੈਂਦੀ ਰਹਿੰਦੀ ਹੈ।

ਜਗਤ ਵਿਚ ਹਰੇਕ ਪ੍ਰਾਣੀ ਸੁਖ ਲੋਚਦਾ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ "ਸੁਖਮਨੀ ਸਾਹਿਬ" ਅੰਮ੍ਰਿਤ ਰੂਪੀ



Namdhari Elibrary NamdhariElibrary@gmail.com

ਦਾਤ ਸਾਰੇ ਜਗਤ ਦੀ ਝੋਲੀ ਵਿਚ ਪਾਈ ਹੈ। ਇਹ ਲੋਕ ਵਿਚ ਵੀ ਸੁਖ ਦਿੰਦੀ ਹੈ ਤੇ ਪ੍ਰਲੋਕ ਵਿਚ ਵੀ ਉਤਮ ਪਦਵੀ ਦਿਵਾਉਂਦੀ ਹੈ। ਇਹ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਗ ੨੬੨ ਤੋਂ ੨੯੬ ਤਕ ਦਰਜ ਹੈ-

"ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮ॥"

"ਸੁਖਮਨੀ ਸਾਹਿਬ" ਦੀ ਬਾਣੀ ਨਾਲ ਜੋ ਪ੍ਰੇਮ ਕਰਦਾ ਹੈ। ਜੇ ਸਤਿਗੁਰੂ ਜੀ ਦੀ ਮੇਹਰ ਹੋ ਜਾਏ ਉਸਦੀਆਂ ੨੧ ਕੁਲਾਂ ਤਰ ਜਾਂਦੀਆਂ ਹਨ। "ਸੁਖਮਨੀ ਸਾਹਿਬ" ਦਾ ਪਾਠ ਕਰਨ ਨਾਲ ਜੋ ਸਾਧਾਰਣ ਮਨੁੱਖ ਰੋਜ਼ਾਨਾ ੨੪੦੦੦ ਸੁਆਸ ਲੈਂਦਾ ਹੈ, ੨੪੦੦੦ ਸੁਆਸ ਸਫਲ ਹੋ ਜਾਂਦੇ ਹਨ। "ਸੁਖਮਨੀ ਸਾਹਿਬ" ਦੀ ਬਾਣੀ ਅਨਮੋਲ ਖਜ਼ਾਨਾ ਹੈ। "ਸੁਖਮਨੀ ਸਾਹਿਬ" ਸ੍ਰੀ ਗੁਰੂ ਅਰਜਨ ਦੇਵ ਜੀ ਵਲੋਂ ਬਖਸ਼ੀ ਦਾਤ ਹੈ। ਜਿਸਨੂੰ ਪੜ੍ਹਨ ਨਾਲ ਸੁਖ ਪ੍ਰਾਪਤ ਹੁੰਦਾ ਹੈ। ਹੇਠ ਲਿਖੀਆਂ ਪੰਕਤੀਆਂ "ਸੁਖਮਨੀ ਸਾਹਿਬ" ਵਿਚੋਂ ਲਈਆਂ ਗਈਆਂ ਹਨ ਜਿਹਨਾਂ ਨੂੰ ਪੜ੍ਹਨ ਨਾਲ ਸੁਖ ਪ੍ਰਾਪਤ ਹੁੰਦਾ ਹੈ-

ਜਿਹ ਪ੍ਰਸਾਦਿ ਗ੍ਰਿਹ ਸੰਗ ਸੁਖ ਬਸਨਾ॥
ਆਠ ਪਹਰ ਸਿਮਰਹੁ ਤਿਸ ਰਸਨਾ॥

ਜਿਸਦੀ ਕ੍ਰਿਪਾ ਨਾਲ ਘਰ ਸੁਖਾਂ ਨਾਲ ਵਸਦਾ। ਉਸਨੂੰ ਜੀਭ ਨਾਲ ਅਠੇ ਪਹਿਰ ਜਪਣਾ ਕਰ।

ਹਰ ਪੂੰਜੀ ਸੰਚਿ ਕਰਹੁ ਬਿਉਹਾਰ॥
ਈਹਾ ਸੁਖ ਦਰਗਹ ਜੈ ਕਾਰ॥

ਹਰੀ ਨਾਮ ਦੀ ਪੂੰਜੀ ਇਕੱਠੀ ਕਰਕੇ ਵਿਹਾਰ ਕਰ ਇਥੇ ਸੁਖ ਤੇ ਦਰਗਹ ਵਿਚ ਧੰਨ ਧੰਨ ਹੋਵੇਗੀ।

ਸਾਧੁ ਸੰਗਿ ਪ੍ਰਭ ਦੇਹ ਨਿਵਾਸ॥
ਸਰਬ ਸੂਖ ਨਾਨਕ ਪਰਗਾਸ॥

ਹੇ ਪ੍ਰਭੂ ਮੈਨੂੰ ਸਾਧ ਸੰਗ ਵਿਚ ਵਾਸਾ ਦਿਉ ਜਿਸ ਵਿਚ ਸਾਰੇ ਸੁਖਾਂ ਦਾ ਪ੍ਰਕਾਸ਼ ਹੁੰਦਾ ਹੈ।

ਜਿਸ ਪ੍ਰਭੁ ਰਾਖੈ ਤਿਸੁ ਨਾਹੀ ਦੂਖ॥
ਨਾਮ ਜਪਤੁ ਮਨਿ ਹੋਵਤ ਸੂਖ॥

ਜਿਸਨੂੰ ਪ੍ਰਭੂ ਰਖੇ ਉਸਨੂੰ ਦੁਖ ਨਹੀਂ ਲੱਗਦਾ ਨਾਮ ਜਪਦਿਆਂ ਮਨ ਵਿਚ ਸੁਖ ਹੁੰਦਾ ਹੈ।

ਜੋ ਜੋ ਹੋਇ ਸੋਈ ਸੁਖ ਮਾਨੈ॥
ਕਰਨ ਕਰਾਵਨ ਹਾਰੁ ਪ੍ਰਭੁ ਜਾਨੈ॥

ਜੋ ਕੁਝ ਹੁੰਦਾ ਹੈ ਉਸਨੂੰ ਸੁਖ ਕਰਕੇ ਮੰਨਦੇ ਹਨ। ਕਰਨ ਕਰਾਉਣ ਵਾਲੇ ਪ੍ਰਭੂ ਨੂੰ ਜਾਣਦੇ ਹਨ।

ਸੂਖ ਦੂਖ ਜਨ ਮਨ ਦ੍ਰਿਸ਼ਟੇਤਾ॥
ਨਾਨਕ ਪਾਪ ਪੁੰਨ ਨਹੀਂ ਲੇਪਾ॥

ਜਿਹੜਾ ਪੁਰਸ਼ ਸੁਖ ਤੇ ਦੁਖ ਨੂੰ ਬਰਾਬਰ ਜਾਣਦਾ ਹੈ। ਉਸਨੂੰ ਪਾਪ ਪੁੰਨ ਦਾ ਦੋਸ਼ ਨਹੀਂ ਲੱਗਦਾ।

ਧਿਆਇ ਧਿਆਇ ਭਗਤਹ ਸੁਖ ਪਾਇਆ॥
ਨਾਨਕ ਤਿਸ ਪੁਰਖ ਕਿਨੈ ਅੰਤ ਨਾ ਪਾਇਆ॥

ਉਸਨੂੰ ਸਿਮਰ ਸਿਮਰ ਕੇ ਭਗਤਾਂ ਨੇ ਸੁਖ-ਪਾਇਆ ਉਸ ਸਰਬ ਵਿਆਪਕ ਦਾ ਕਿਸੇ ਨੇ ਅੰਤ ਨਹੀਂ ਪਾਇਆ।

ਪ੍ਰਭੂ ਕੀ ਦ੍ਰਿਸ਼ਟਿ ਮਹਾਂ ਸੁਖ ਹੋਇ॥

ਪ੍ਰਭੂ ਦੀ ਦ੍ਰਿਸ਼ਟੀ ਨਾਲ ਵੱਡਾ ਸੁਖ ਹੁੰਦਾ ਹੈ।

ਦੁਖ ਤੇ ਸੁਖ ਦਾ ਤੱਤ, ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਗ ੨੧੯ ਵਿਚ ਪੁਰਸ਼ ਨੂੰ ਸਮਝਾਉਂਦੇ ਹਨ ਕਿ ਨਾ ਦੁਖ ਵਿਚ ਦੁਖੀ ਹੋਵੇ ਨਾ ਸੁਖ ਵਿਚ ਸੁਖੀ ਹੋਵੇ।

ਸੁਖ ਦੁਖ ਦੋਨੋਂ ਸਮ ਕਰਿ ਜਾਨੈ॥
ਅਉਰੁ ਮਾਨੁ ਅਪਮਾਨ॥

੯੮੬੬੦-੮੨੧੮੮

## ਗ਼ਜ਼ਲ

*—ਮਾ. ਅਮਰੀਕ ਸਿੰਘ*

ਦਿਲ ਦੀ ਹਰ ਨੁਕਰੇ ਤੇਰਾ ਹੀ ਵਾਸ ਹੈ।
ਹਰ ਜਗ੍ਹਾ ਸੂਰਜ ਦਾ ਜਿਓਂ ਪਰਕਾਸ਼ ਹੈ।
ਦੂਰ ਨਜ਼ਰਾਂ ਤੋਂ ਹੈ ਤਾਂ ਕੋਈ ਗੱਲ ਨਹੀਂ।
ਛੋਹ ਤੇਰੀ ਦਾ ਅਜੇ ਤੱਕ ਅਹਿਸਾਸ ਹੈ।
ਦਿਲ ਦੀ ਵੇਦਨ ਕਿਸ ਨੂੰ ਕਹੀਏ ਦਸ ਜ਼ਰਾ।
ਬਾਝ ਤੇਰੇ ਦੇਣਾ ਕਿਸ ਧਰਵਾਸ ਹੈ।
ਇਕ ਹੀ ਦਿਲ ਸੀ ਜੋ ਹੈ ਤੈਨੂੰ ਸੌਂਪਿਆ।
ਹੋਰ ਕੁਝ ਵੀ ਨ ਅਸਾਡੇ ਪਾਸ ਹੈ।
ਕਰ ਦਿੱਤਾ ਸਾਨੂੰ ਜੁਦਾ ਹਾਲਾਤ ਨੇ।
ਅਜੇ ਤਕ ਜ਼ਿੰਦਾ ਮਿਲਨ ਦੀ ਆਸ ਹੈ।
ਮਿੱਠੀਆਂ ਯਾਦਾਂ ਦੀ ਪੂਜੀ ਦੇ ਗਇਓਂ।
ਬਿਰਹੜੇ ਦੇ ਦੁੱਖ ਦਾ ਕਰਦੀ ਨਾਸ ਹੈ।
ਸਪਨਿਆਂ ਵਿਚ ਆ ਕੇ ਤੜਪਾਂਦਾ ਰਹੇਂ।
ਪ੍ਰੀਤ ਦਾ ਅੰਦਾਜ਼ ਇਹ ਵੀ ਖਾਸ ਹੈ।
ਮੇਰੀ ਹਰ ਧੜਕਨ 'ਚ ਤੂੰ ਹੈਂ ਧੜਕਦਾ।
ਯਾਦ ਵਿਚ ਅਮਰੀਕ ਦਾ ਹਰ ਸੁਆਸ ਹੈ।



Namdhari Elibrary NamdhariElibrary@gmail.com

## ਰੰਗਾਂ-ਰੇਖਾਵਾਂ ਦਾ ਸਿੱਧ-ਹਸਤ ਕਲਾਕਾਰ

# ਅਮਰਜੀਤ ਸਿੰਘ ਪੇਂਟਰ

*—ਡਾ. ਹਰਨੇਕ ਸਿੰਘ ਕੋਮਲ*

ਚਿੱਤਰਕਾਰੀ ਨਾਲ ਅਮਰਜੀਤ ਸਿੰਘ 'ਪੇਂਟਰ' ਦਾ ਰਿਸ਼ਤਾ ਲਗਭਗ ਚਾਰ ਦਹਾਕੇ ਪੁਰਾਣਾ ਹੈ। ਰੇਤਲੇ ਟਿੱਬਿਆਂ ਉਪਰ ਵੱਸੇ ਅਤੇ ਆਧੁਨਿਕ ਨਗਰ ਦੇ ਰੂਪ 'ਚ ਵਿਕਸਤ ਹੋ ਰਹੇ ਸ਼ਹਿਰ ਬਠਿੰਡਾ 'ਚ ਰਹਿੰਦਿਆਂ ਅਮਰਜੀਤ ਸਿੰਘ ਤੋਂ ਅਮਰਜੀਤ ਸਿੰਘ ਪੇਂਟਰ ਬਣ ਕੇ ਉਹ ਬੜੀ ਲਗਨ, ਮਿਹਨਤ ਸੁਹਿਰਦਤਾ ਤੇ ਇਮਾਨਦਾਰੀ ਨਾਲ ਕਲਾ ਦੇ ਇਸ ਖੇਤਰ 'ਚ ਪ੍ਰਵੇਸ਼ ਕਰਨ ਉਪਰੰਤ ਪੜਾਅ-ਦਰ-ਪੜਾਅ ਅੱਗੇ ਵਧੇ ਹਨ। ਇਸ ਵੇਲੇ ਅਮਰਜੀਤ ਸਿੰਘ ਪੇਂਟਰ ਰੰਗਾਂ-ਰੇਖਾਵਾਂ ਦੀ ਦੁਨੀਆਂ ਦਾ ਇੱਕ ਸਿੱਧ-ਹਸਤ ਕਲਾਕਾਰ ਹੈ

ਅਮਰਜੀਤ ਸਿੰਘ (ਪੇਂਟਰ) ਦਾ ਜਨਮ ੩੦ ਨਵੰਬਰ ੧੯੫੫ ਨੂੰ ਮਾਤਾ ਸਰਦਾਰਨੀ ਰਾਜਿੰਦਰ ਕੌਰ ਤੇ ਪਿਤਾ ਸ. ਗੁਰਦਿਆਲ ਸਿੰਘ 'ਰਤਨ' ਦੇ ਘਰ ਮਾਨਸਾ (ਨਾਨਕਾ ਘਰ) ਵਿਖੇ ਹੋਇਆ। ਅੱਠਵੀਂ ਜਮਾਤ ਤੱਕ ਉਹ ਐਮ.ਐਚ.ਆਰ. ਸਕੂਲ ਬਠਿੰਡਾ 'ਚ ਪੜ੍ਹੇ ਪਰ ਕੁਝ ਘਰੇਲੂ ਮਜਬੂਰੀਆਂ ਕਾਰਨ ਉਨ੍ਹਾਂ ਨੂੰ ਸਕੂਲ ਛੱਡਣਾ ਪਿਆ। ਕੁਝ ਸਮਾਂ ਬਾਅਦ, ਪ੍ਰਾਚੀਨ ਕਲਾ ਕੇਂਦਰ ਤੋਂ ਬੀ.ਐਫ.ਏ. (Bachelor of Fine Arts) ਕਰ ਲਈ। ਚਿੱਤਰਕਾਰੀ ਦਾ ਸ਼ੌਕ ਬਚਪਨ 'ਚ ਹੀ ਪੈਦਾ ਹੋ ਗਿਆ ਸੀ। ਸਕੂਲ 'ਚ ਪੜ੍ਹਦਿਆਂ ਗੁਰੂ ਗੋਬਿੰਦ ਸਿੰਘ ਜੀ ਦਾ ਰੰਗਦਾਰ ਚਿੱਤਰ ਬਣਾਇਆ ਜੋ ਬਹੁਤ ਹੀ ਪਸੰਦ ਕੀਤਾ ਗਿਆ। ਮਾਨਸਾ ਰਹਿ ਕੇ ਆਪਣੇ ਉਸਤਾਦ (ਮਾਮਾ ਜੀ) ਰਵਿੰਦਰ ਸਿੰਘ ਮਾਨ ਤੇ ਨਰੋਤਮ ਸਿੰਘ ਮਾਨ ਪਾਸੋਂ ੧੯੬੮ ਤੋਂ ੧੯੭੪ ਤੱਕ ਚਿੱਤਰਕਾਰੀ (ਕਮਰਸ਼ੀਅਲ ਪੇਂਟਿੰਗ ਤੇ ਫਾਈਨ ਆਰਟਸ) ਦੀ ਸਿੱਖਿਆ ਗ੍ਰਹਿਣ ਕੀਤੀ। ਇਸ ਤੋਂ ਬਾਅਦ ਬਠਿੰਡੇ ਆ ਕੇ ਕਈ ਮਾਹਿਰ ਕਲਾਕਾਰਾਂ ਨਾਲ ਕੰਮ ਕੀਤਾ ਜਿਸ ਦੇ ਫਲਸਰੂਪ ਉਨ੍ਹਾਂ ਦੀ ਕਲਾ 'ਚ ਨਿਖਾਰ ਆਉਂਦਾ ਰਿਹਾ। ਉਨ੍ਹਾਂ ਨੇ ੧੯੭੭ 'ਚ ਬਠਿੰਡਾ ਸ਼ਹਿਰ 'ਚ ਹੀ ਆਪਣੀ ਦੁਕਾਨ 'ਹਿੰਦ ਆਰਟਸ' ਖੋਲ੍ਹ ਲਈ ਅਤੇ ਬਹੁਤ ਥੋੜ੍ਹੇ ਸਮੇਂ ਬਾਅਦ ਹੀ ਉਹ ਇਕ ਨਿਪੁੰਨ ਪੇਂਟਰ ਵਜੋਂ ਜਾਣੇ ਜਾਣ ਲੱਗੇ। ਕਮਰਸ਼ੀਅਲ ਆਰਟ ਦੇ ਨਾਲ-ਨਾਲ ਉਨ੍ਹਾਂ ਨੇ ਚਿੱਤਰਕਾਰੀ ਦਾ ਆਪਣਾ ਸ਼ੌਕ ਬਰਕਾਰ ਰੱਖਿਆ ਅਤੇ ਕਲਾ ਦੇ ਖੇਤਰ 'ਚ ਆਪਣੀ ਨਿਵੇਕਲੀ ਪਹਿਚਾਣ ਕਾਇਮ ਕੀਤੀ। ੧੯੯੯ 'ਚ ਸ. ਸੋਭਾ ਸਿੰਘ ਮੈਮੋਰੀਅਲ ਚਿੱਤਰਕਾਰੀ ਸੁਸਾਇਟੀ (ਰਜਿ.) ਬਠਿੰਡਾ ਦੀ ਸਥਾਪਨਾ ਕੀਤੀ ਜੋ ਇਸ ਵੇਲੇ ਸ਼ਹਿਰ ਤੇ ਇਲਾਕੇ 'ਚ ਕਲਾ-ਸਰਗਰਮੀਆਂ ਦਾ ਮਰਕਜ਼ ਹੈ। ੨੦੦੭ 'ਚ ਉਨ੍ਹਾਂ ਨੇ ਇਸੇ ਸ਼ਹਿਰ 'ਚ ਹੀ 'ਅਮਰਜੀਤ ਆਰਟਸ' ਅਤੇ 'ਅਮਰਜੀਤ ਆਰਟ ਗੈਲਰੀ' ਸਥਾਪਿਤ ਕੀਤੀ। ਕਲਾ ਤੇ ਸਾਹਿਤ ਦੇ ਖੇਤਰ 'ਚ ਉਹ ਸ. ਸੋਭਾ ਸਿੰਘ, ਕਿਰਪਾਲ ਸਿੰਘ, ਜੀ.ਐਸ. ਸੋਹਣ ਸਿੰਘ, ਐਸ.ਜੀ. ਠਾਕਰ ਸਿੰਘ, ਭਗਤ ਪੂਰਨ ਸਿੰਘ, ਗੁਰਬਖਸ਼ ਸਿੰਘ ਪ੍ਰੀਤਲੜੀ, ਰਵਿੰਦਰ ਸਿੰਘ ਮਾਨ ਤੇ ਨਰੋਤਮ ਸਿੰਘ ਮਾਨ ਤੋਂ ਬਹੁਤ ਪ੍ਰਭਾਵਿਤ ਹੋਏ ਹਨ ਅਤੇ ਇਹ ਸਾਰੇ ਉਹਨਾਂ ਦੇ ਪ੍ਰੇਰਨਾ ਸ੍ਰੋਤ ਹਨ। ਉਨ੍ਹਾਂ ਨੇ ਜ਼ਿੰਦਗੀ 'ਚ ਗੁਰਬਾਣੀ ਤੋਂ ਸੇਧ ਪ੍ਰਾਪਤ ਕਰਨ ਦਾ ਯਤਨ ਕੀਤਾ ਹੈ।



ਅਮਰਜੀਤ ਸਿੰਘ ਪੇਂਟਰ

ਅਮਰਜੀਤ ਸਿੰਘ ਪੇਂਟਰ ਨੇ ਹੁਣ ਤੱਕ ਲਗਭਗ ੧੦੦੦ ਚਿੱਤਰ ਬਣਾਏ ਹਨ ਜਿਨ੍ਹਾਂ 'ਚ ਭਗਤ ਪੂਰਨ ਸਿੰਘ ਪਿੰਗਲਵਾੜਾ, ਸ੍ਰੀ ਹਰਿਮੰਦਰ ਸਾਹਿਬ, ਕੁਰਸੀ ਖ਼ਾਤਰ, ਮੇਰਾ ਬਚਪਨ, ਕਿਲਾ ਮੁਬਾਰਕ ਬਠਿੰਡਾ, ਸਾਡੀ ਵਿਰਾਸਤ, ਬ੍ਰਹਿਮੰਡ, ਤਿਰਛੀ ਨਜ਼ਰ ਆਦਿ ਜ਼ਿਕਰਯੋਗ ਹਨ। ਉਨ੍ਹਾਂ ਨੇ ਆਪਣੇ ਬੁਰਸ਼ ਦੀ ਛੋਹ ਨਾਲ ਪੰਜਾਬੀ ਸਭਿਆਚਾਰ ਨੂੰ ਮੂਰਤੀਮਾਨ ਕੀਤਾ ਹੈ। ਉਨਾਂ ਨੇ ਗੁਰਬਾਣੀ 'ਚ ਵਿਦਮਾਨ ਭਾਵਾਂ ਤੇ ਵਿਚਾਰਾਂ ਦਾ ਨਿਰੂਪਣ ਰੰਗਾਂ ਦੁਆਰਾ ਕਰਨ ਦਾ ਸਫ਼ਲ ਯਤਨ ਕਤਾ ਹੈ। ਉਨ੍ਹਾਂ ਨੇ ਲਗਭਗ ੩੦੦ ਲੇਖਕਾਂ ਦੇ ਚਿੱਤਰ ਤੇ ਸਕੈੱਚ ਆਦਿ ਬਣਾਏ ਹਨ ਜੋ ਉਨ੍ਹਾਂ ਦੀ ਅਹਿਮ ਪ੍ਰਾਪਤੀ ਕਹੀ ਜਾ ਸਕਦੀ ਹੈ। ਅਜਿਹਾ ਕਾਰਜ ਉਨ੍ਹਾਂ ਦੀ ਪੰਜਾਬੀ ਸਾਹਿਤ ਤੇ ਸਾਹਿਤਕਾਰਾਂ ਨਾਲ ਸਾਂਝ ਨੂੰ ਪ੍ਰਮਾਣਿਤ ਕਰਦਾ ਹੈ।

ਅਮਰਜੀਤ ਸਿੰਘ ਪੇਂਟਰ ਨੇ ਕਲਾ ਤੇ ਕਿਰਤ 'ਚ ਇਕਸੁਰਤਾ ਕਾਇਮ ਰੱਖਣ ਦਾ ਯਤਨ ਕੀਤਾ ਹੈ। ਰੰਗਾਂ-ਰੇਖਾਵਾਂ ਦੀ ਦੁਨੀਆਂ 'ਚ ਵਿਚਰਦਿਆਂ ਉਨ੍ਹਾਂ ਨੇ ਆਪਣੇ ਘਰ-ਪਰਿਵਾਰ ਦੀ ਸੇਵਾ-ਸੰਭਾਲ ਵੱਲ ਪੂਰਾ ਧਿਆਨ ਦਿੱਤਾ ਹੈ। ਉਨ੍ਹਾਂ ਦੀ ਸ਼ਾਦੀ ੧੮ ਅਕਤੂਬਰ ੧੯੮੦ ਨੂੰ ਡੱਬਵਾਲੀ ਦੇ ਵਸਨੀਕ ਸ. ਗੁਰਦਿਆਲ ਸਿੰਘ ਦੀ ਸਪੁੱਤਰੀ ਬੀਬੀ ਰਵਿੰਦਰ ਕੌਰ ਨਾਲ ਹੋ ਗਈ। ਇਸ ਵੇਲੇ, ਉਨ੍ਹਾਂ ਦਾ ਵੱਡਾ



Namdhari Elibrary NamdhariElibrary@gmail.com

ਬੇਟਾ ਇੰਜ. ਹਰਸਿਮਰਨ ਸਿੰਘ (੨੭ ਸਾਲ) ਐਮ.ਟੈਕ. (ਇਲੈਕਟ੍ਰੀਕਲ ਇੰਜੀਨੀਅਰਿੰਗ) ਹੈ ਅਤੇ ਬਾਬਾ ਫ਼ਰੀਦ ਕਾਲਜ ਆਫ ਇੰਜਨੀਅਰਿੰਗ ਐਂਡ ਟੈਕਨਾਲੋਜੀ ਦਿਓਣ (ਬਠਿੰਡਾ) 'ਚ ਲੈਕਚਰਾਰ ਹੈ ਤੇ ਨਾਲ ਹੀ ਸੱਭਿਆਚਾਰਕ ਸਰਗਰਮੀਆਂ ਦਾ ਇੰਚਾਰਜ ਹੈ। ਚਿੱਤਰਕਾਰੀ, ਨਾਟਕ ਸੰਗੀਤ ਤੇ ਸਾਹਿਤ 'ਚ ਡੂੰਘੀ ਦਿਲਚਸਪੀ ਹੈ। ਛੋਟਾ ਬੇਟਾ, ਹਰਮੀਤ ਸਿੰਘ (੨੩ ਸਾਲ) ਆਰਟਿਸਟ ਹੈ ਅਤੇ ਗੌਰਮਿੰਟ ਕਾਲਜ ਆਫ ਆਰਟ ਚੰਡੀਗੜ੍ਹ ਤੋਂ B.F.A. (Sculpture) ਕਰਨ ਉਪਰੰਤ ਕਾਲਜ ਆਫ ਆਰਟ, ਨਵੀਂ ਦਿੱਲੀ ਤੋਂ ਮਾਸਟਰ ਆਫ ਫ਼ਾਈਨ ਆਰਟਸ (ਸਕੱਲਪਚਰ) ਕਰ ਰਿਹਾ ਹੈ। ਕਲਾਤਮਿਕ ਫੋਟੋਗ੍ਰਾਫੀ, ਬੁੱਤਕਾਰੀ ਅਤੇ ਚਿੱਤਰਕਾਰੀ ਦੀਆਂ ਅਨੇਕਾਂ ਵਰਕਸ਼ਾਪਾਂ ਤੇ ਪ੍ਰਦਰਸ਼ਨੀਆਂ 'ਚ ਹਿੱਸਾ ਲੈ ਚੁੱਕਾ ਹੈ ਅਤੇ ਬਹੁਤ ਸਾਰੇ ਇਨਾਮ ਜਿੱਤੇ ਹਨ। ਕਲਾਤਮਿਕ ਫੋਟੋਗ੍ਰਾਫੀ, ਸਾਹਿਤ ਪੜ੍ਹਨ, ਨਾਟਕ ਦੇਖਣ ਸੰਗੀਤ ਸੁਣਨ, ਪਰਬਤ ਰੋਹਣ ਅਤੇ ਸੈਰ-ਸਪਾਟੇ ਦਾ ਸ਼ੌਕੀਨ ਹੈ। ਫਿਲਮ 'ਏਕ ਨੂਰ' ਦਾ ਆਰਟ ਡਾਇਰੈਕਟਰ ਰਿਹਾ ਹੈ। ਉਹ ਦਿੱਲੀ ਤੇ ਮੁੰਬਈ ਦੀ ਜਹਾਂਗੀਰ ਆਰਟ ਗੈਲਰੀ 'ਚ ਕਲਾ-ਪ੍ਰਦਰਸ਼ਨੀ ਲਾਉਣ ਦਾ ਇਛੁੱਕ ਹੈ।

ਅਮਰਜੀਤ ਸਿੰਘ ਪੇਂਟਰ ਨੇ ਪੰਜਾਬ, ਹਰਿਆਣਾ, ਹਿਮਾਚਲ, ਚੰਡੀਗੜ੍ਹ ਤੇ ਦਿੱਲੀ 'ਚ ਆਯੋਜਿਤ ੫੫ ਕਲਾ-ਪ੍ਰਦਰਸ਼ਨੀਆਂ 'ਚ ਆਪਣੇ ਚਿੱਤਰਾਂ ਦੀ ਨੁਮਾਇਸ਼ ਲਗਾਈ ਹੈ। ਅਜਿਹੀਆਂ ਪ੍ਰਦਰਸ਼ਨੀਆਂ ਦਾ ਆਯੋਜਨ ਕਰਨ ਵਾਲਿਆਂ ਸੰਸਥਾਵਾਂ ਹਨ– ਸ. ਸੋਭਾ ਸਿੰਘ ਮੈਮੋਰੀਅਲ ਆਰਟ ਸੁਸਾਇਟੀ ਅੰਦਰੇਟਾ (ਹਿਮਾਚਲ) ਪੰਜਾਬ ਲਲਿਤ ਕਲਾ ਅਕੈਡਮੀ ਚੰਡੀਗੜ੍ਹ, ਸਿਟੀ ਬਿਊਟੀਫੁਲ ਆਰਟ ਸਕੂਲ ਐਂਡ ਫਾਈਨ ਆਰਟਸ ਹੋਬੀ ਸੈਂਟਰ (ਰਜਿ.) ਚੰਡੀਗੜ੍ਹ-ਪੰਚਕੂਲਾ, ਸਭਿਆਚਾਰਕ ਮਾਮਲੇ ਪੁਰਾਤਤਵ ਤੇ ਅਜਾਇਬ ਘਰ ਵਿਭਾਗ ਪੰਜਾਬ ਚੰਡੀਗੜ੍ਹ, ਨਾਰਥ ਜ਼ੋਨ ਕਲਚਰਲ ਸੈਂਟਰ, ਪਟਿਆਲਾ, ਸਦਭਾਵਨਾ ਸੰਸਕ੍ਰਿਤੀ ਏਵਮ ਕਲਿਆਣ ਸੰਮਤੀ ਨੰਗਲੋਈ, ਆਤਮੋਦਯਾ ਫਾਊਂਡੇਸ਼ਨ (ਰਜਿ.) ਸਿਰਸਾ ਹਰਿਆਣਾ, ਪੰਜਾਬ ਆਰਟ ਹੈਰੀਟੇਜ, ਜਲੰਧਰ, ਸ. ਅਮਰ ਸਿੰਘ ਮੈਮੋਰੀਅਲ ਕਲਪਨਾ ਫਾਈਨ ਆਰਟ ਸੁਸਾਇਟੀ ਲੁਧਿਆਣਾ, ਸੰਤ ਬਾਬਾ ਫਰੀਦ ਆਰਟ ਸੁਸਾਇਟੀ (ਰਜਿ.) ਫਰੀਦਕੋਟ, ਫਰੀਦਕੋਟ ਕਲਚਰ ਸੁਸਾਇਟੀ ਫਰੀਦਕੋਟ, ਰਵਿੰਦਰ ਆਰਟ ਸਟੂਡੀਓ ਮਾਨਸਾ, ਸਭਿਆਚਾਰ ਚੇਤਨਾ ਮੰਚ (ਰਜਿ.) ਮਾਨਸਾ, ਸੋਭਾ ਸਿੰਘ ਮੈਮੋਰੀਅਲ ਚਿੱਤਰਕਾਰ ਸੁਸਾਇਟੀ ਬਠਿੰਡਾ, ਬਠਿੰਡਾ ਰਿਜਨ ਹੈਰੀਟੇਜ ਫਾਊਂਡੇਸ਼ਨ, ਬਠਿੰਡਾ, 'ਸੰਸਕ੍ਰਿਤੀ' ਬਠਿੰਡਾ ਮਾਲਵਾ ਹੈਰੀਟੇਜ ਫਾਊਂਡੇਸ਼ਨ (ਰਜਿ.) ਬਠਿੰਡਾ, ਤਰਕਸ਼ੀਲ ਸੁਸਾਇਟੀ (ਰਜਿ.) ਪੰਜਾਬ, ਬਠਿੰਡਾ, ਇਕਾਈ ਅਤੇ ਯੂਨਾਈਟਡ ਵੈਲਫੇਅਰ ਸੁਸਾਇਟੀ, (ਰਜਿ.) ਬਠਿੰਡਾ।

ਅਮਰਜੀਤ ਸਿੰਘ ਪੇਂਟਰ ਨੇ, ਹੁਣ ਤੱਕ ਵੱਖ-ਵੱਖ ਅਦਾਰਿਆਂ ਦੇ ਸਹਿਯੋਗ ਨਾਲ ੫੭ ਪ੍ਰਦਰਸ਼ਨੀਆਂ ਲਗਾ ਕੇ (ਕੇਵਲ) ਆਪਣੇ ਬਣਾਏ ਚਿੱਤਰ ਪ੍ਰਦਰਸ਼ਿਤ ਕੀਤੇ ਹਨ। ਇਹ ਸੰਸਥਾਵਾਂ ਹਨ-ਕੇਂਦਰੀ ਪੰਜਾਬੀ ਲੇਖਕ ਸਭਾ, ਪੰਜਾਬ ਲੋਕ ਸਭਿਆਚਾਰਕ ਮੰਚ, ਬਾਬਾ ਫਰੀਦ ਮੈਮੋਰੀਅਲ ਸੁਸਾਇਟੀ ਪਟਿਆਲਾ, ਪਬਲਿਕ ਲਾਇਬ੍ਰੇਰੀ (ਰਜਿ.) ਬਠਿੰਡਾ, ਬਾਬਾ ਹਾਜੀ ਰਤਨ ਯਾਦਗਾਰੀ ਸਭਿਆਚਾਰਕ ਮੰਚ ਬਠਿੰਡਾ, ਪੰਜਾਬੀ ਵਿਕਾਸ ਮੰਚ ਬਠਿੰਡਾ, ਪੰਜਾਬੀ ਸਾਹਿਤ ਸਭਾ (ਰਜਿ.) ਬਠਿੰਡਾ, ਸੁਖਵਿੰਦਰ ਮੈਮੋਰੀਅਲ ਚੈਰੀਟੇਬਲ ਟਰਸਟ ਬਠਿੰਡਾ, ਮਾਲਵਾ ਹੈਰੀਟੇਜ ਫਾਊਂਡੇਸ਼ਨ ਬਠਿੰਡਾ, ਲੱਖੀ ਜੰਗਲ ਪੰਜਾਬੀ ਸੱਥ ਬਠਿੰਡਾ, ਹਰਦਿਆਲ ਸਿੰਘ ਚੱਠਾ ਯਾਦਗਾਰੀ ਸਭਾ ਪੱਕਾ ਕਲਾਂ (ਬਠਿੰਡਾ), ਵਿਰਾਸਤ ਸੰਭਾਲ ਸਭਿਆਚਾਰਕ ਮੰਚ ਜੀਂਦਾ (ਬਠਿੰਡਾ) ਪੇਂਡੂ ਸਾਹਿਤ ਸਭਾ (ਰਜਿ.) ਬਾਲਿਆਂ ਵਾਲੀ (ਬਠਿੰਡਾ)।

ਨੌਜਵਾਨ ਪੀੜ੍ਹੀ ਨੂੰ ਸਾਹਿਤ ਤੇ ਕਲਾ ਨਾਲ ਜੋੜਨ ਲਈ ਲੱਖੀ ਜੰਗਲ ਪੰਜਾਬੀ ਸੱਥ, ਬਠਿੰਡਾ, ਵੱਲੋਂ ਜ਼ਿਲ੍ਹਾ ਬਠਿੰਡਾ ਦੀਆਂ ਵੱਖ-ਵੱਖ ਵਿਦਿਅਕ ਸੰਸਥਾਵਾਂ 'ਚ ਵੀ, ਹੁਣ ਤੱਕ, ੧੯ ਕਲਾ-ਪ੍ਰਦਰਸ਼ਨੀਆਂ ਲਗਾ ਕੇ ਅਮਰਜੀਤ ਸਿੰਘ ਪੇਂਟਰ ਦੇ ਚਿੱਤਰ ਪ੍ਰਦਰਸ਼ਿਤ ਕੀਤੇ ਜਾ ਚੁੱਕੇ ਹਨ।

ਕਲਾ-ਪ੍ਰਦਰਸ਼ਨੀਆਂ ਤੋਂ ਇਲਾਵਾ, ਅਮਰਜੀਤ ਸਿੰਘ ਪੇਂਟਰ ਨੇ ਪੇਂਟਿੰਗ, ਸਕੈਚਿੰਗ, ਮਾਡਲਿੰਗ ਤੇ ਸੰਗ-ਤਰਾਸ਼ੀ ਦੀਆਂ ੪੦ ਵਰਕਸ਼ਾਪਾਂ ਲਗਾ ਕੇ ਸਕੂਲਾਂ-ਕਾਲਜਾਂ ਤੇ ਹੋਰ ਅਦਾਰਿਆਂ 'ਚ ਉਭਰਦੇ ਕਲਾਕਾਰਾਂ ਦਾ ਮਾਰਗ-ਦਰਸ਼ਨ ਕਰਕੇ ਉਨ੍ਹਾਂ ਦੀ ਪ੍ਰਤਿਭਾ ਨੂੰ ਉਜਾਗਰ ਕਰਨ ਦਾ ਯਤਨ ਕੀਤਾ ਹੈ।

ਅਮਰਜੀਤ ਸਿੰਘ ਪੇਂਟਰ ਦੀ ਅਸਾਧਾਰਨ ਪ੍ਰਤਿਭਾ ਅਤੇ ਕਲਾ ਦੇ ਖੇਤਰ ਵਿਚ ਉਨ੍ਹਾਂ ਦੇ ਵਡਮੁੱਲੇ ਯੋਗਦਾਨ ਨੂੰ ਮੱਦੇਨਜ਼ਰ ਰੱਖਦਿਆਂ ਬਹੁਤ ਸਾਰੀਆਂ ਸੰਸਥਾਵਾਂ ਵੱਲੋਂ ਉਨ੍ਹਾਂ ਨੂੰ ਸਨਮਾਨਿਤ ਕੀਤਾ ਗਿਆ ਹੈ। ਵੇਰਵਾ ਇਸ ਤਰ੍ਹਾਂ ਹੈ—ਚੀਫ ਖ਼ਾਲਸਾ ਦੀਵਾਨ ਅੰਮ੍ਰਿਤਸਰ, ੫੫ਵੀਂ ਸਿੱਖ ਐਜੂਕੇਸ਼ਨਲ ਕਾਨਫਰੰਸ, ਗੋਨਿਆਣਾ, ੨੯ ਅਪ੍ਰੈਲ ੧੯੮੫, ਪੰਜਾਬੀ ਸਾਹਿਤ ਮੰਚ ਪੰਜਾਬੀ ਯੂਨੀਵਰਸਿਟੀ ਰੀਜਨਲ ਸੈਂਟਰ, ਬਠਿੰਡਾ, ੧੪ ਅਕਤੂਬਰ ੧੯੯੩, ਨਾਰਥ ਜ਼ੋਨ ਕਲਚਰਲ ਸੈਂਟਰ, ਪਟਿਆਲਾ-੧੫ ਨਵੰਬਰ ੧੯੯੩, ਨਾਰਥ ਜ਼ੋਨ ਕਲਚਰਲ ਸੈਂਟਰ, ਪਟਿਆਲਾ-੧੫ ਨਵੰਬਰ ੧੯੯੩, ਰਵੀ-



Namdhari Elibrary NamdhariElibrary@gmail.com

ਪਾਸ਼ ਪੰਜਾਬੀ ਚੇਤਨਾ ਕਾਰਵਾਂ (ਬਠਿੰਡਾ)-੨੨ ਦਸੰਬਰ ੧੯੯੩, ਪੰਜਾਬੀ ਵਿਕਾਸ ਮੰਚ, ਬਠਿੰਡਾ-੨ ਜੂਨ ੧੯੯੪, "ਨਟਖਟ" ਬਠਿੰਡਾ, ੨੧ ਜੁਲਾਈ ੧੯੯੬, ਬਾਬਾ ਹਾਜੀ ਰਤਨ ਯਾਦਗਾਰੀ ਸਭਿਆਚਾਰਕ ਮੰਚ ਬਠਿੰਡਾ-੨ ਅਗਸਤ ੧੯੯੮, ਸਿਟੀ ਬਿਊਟੀਫੁਲ ਆਰਟ ਸਕੂਲ ਐਂਡ ਫਾਈਨ ਆਰਟ ਹੌਬੀ ਸੈਂਟਰ (ਰਜਿ.) ਚੰਡੀਗੜ੍ਹ-ਪੰਚਕੂਲਾ-੨੦ ਨਵੰਬਰ ੧੯੯੯, ੨੩ ਸਤੰਬਰ ੨੦੦੦, ਸ. ਸੋਭਾ ਸਿੰਘ ਆਰਟ ਸੁਸਾਇਟੀ ਰਤੀਆ (ਹਰਿਆਣਾ)-੨੩ ਫਰਵਰੀ ੨੦੦੩, ਬਠਿੰਡਾ ਰਿਜਨ ਹੈਰੀਟੇਜ ਫਾਊਂਡੇਸ਼ਨ ਬਠਿੰਡਾ ੨੭ ਨਵੰਬਰ ੨੦੦੪, ਮਾਲਵਾ ਹੈਰੀਟੇਜ ਫਾਊਂਡੇਸ਼ਨ, ਬਠਿੰਡਾ, ੧੫ ਦਸੰਬਰ ੨੦੦੫, ਪੰਜਾਬੀ ਸਾਹਿਤ ਸਭਾ, ਬਠਿੰਡਾ, (ਰਜਿ.), ਸਾਹਿਤਕ ਚਿੱਤਰਕਾਰੀ ਲਈ ਵਿਸ਼ੇਸ਼-੯ ਮਾਰਚ ੨੦੦੮, ਸਕਸ਼ਮ ਸਪਰਸ਼ ਆਰਟ ਫਾਊਂਡੇਸ਼ਨ ਚੰਡੀਗੜ੍ਹ -੧੯ ਅਕਤੂਬਰ ੨੦੧੦, ਸ਼ਹੀਦ ਮੈਮੋਰੀਅਲ ਸੇਵਾ ਸੁਸਾਇਟੀ (ਰਜਿ.) ਲੁਧਿਆਣਾ-"ਦੇਸ਼ ਸੇਵਾ ਰਤਨ ਅਵਾਰਡ" ੨੬ ਨਵੰਬਰ ੨੦੧੦, ਇੰਡੀਅਨ ਪਬਲਿਕ ਐਜੂਕੇਸ਼ਨ ਸੁਸਾਇਟੀ (ਰਜਿ.) ਬਠਿੰਡਾ ੨੨ ਜਨਵਰੀ ੨੦੧੧। ਜੇ ਕਲਾ ਦੇ ਖੇਤਰ 'ਚ ਅਮਰਜੀਤ ਸਿੰਘ ਪੇਂਟਰ ਦੇ ਯੋਗਦਾਨ ਨੂੰ ਗੰਭੀਰਤਾ ਨਾਲ ਵੇਖਿਆ-ਵਾਚਿਆ ਜਾਵੇ ਤਾਂ ਉਹ ਕਿਸੇ ਵੱਡੇ ਮਾਣ-ਸਨਮਾਨ ਤੇ ਪੁਰਸਕਾਰ ਦੇ ਅਧਿਕਾਰੀ ਜਾਪਦੇ ਹਨ।

ਵੱਖ-ਵੱਖ ਕਲਾ-ਪ੍ਰਦਰਸ਼ਨੀਆਂ 'ਚ ਪ੍ਰਦਰਸ਼ਿਤ ਅਮਰਜੀਤ ਸਿੰਘ ਪੇਂਟਰ ਦੇ ਚਿੱਤਰ ਨਾਮਵਰ ਲੇਖਕਾਂ, ਕਲਾਕਾਰਾਂ ਅਤੇ ਕਈ ਹੋਰ ਅਹਿਮ ਹਸਤੀਆਂ ਦੀ ਨਜ਼ਰ 'ਚੋਂ ਗੁਜ਼ਰੇ ਹਨ ਅਤੇ ਸਾਰਿਆਂ ਨੇ ਉਨ੍ਹਾਂ ਦੀ ਭਰਪੂਰ ਪ੍ਰਸ਼ੰਸਾ ਕੀਤੀ ਹੈ। ਅਜਿਹੇ ਪ੍ਰਸ਼ੰਸਕਾਂ ਦੀ ਲੰਮੀ ਸੂਚੀ 'ਚ ਸ. ਸੇਵਾ ਸਿੰਘ ਸੇਖਵਾਂ, ਸਿੱਖਿਆ ਮੰਤਰੀ, ਪੰਜਾਬ, ਭਾਨ ਸਿੰਘ ਭੌਰਾ, ਸੰਤੋਖ ਸਿੰਘ ਧੀਰ, ਓਮ ਪ੍ਰਕਾਸ਼ ਗਾਸੋ, ਪ੍ਰੋ. ਗੁਰਦਿਆਲ ਸਿੰਘ, ਡਾ. ਸੁਰਜੀਤ ਪਾਤਰ, ਡਾ. ਐਸ. ਪੀ. ਸਿੰਘ, ਪ੍ਰੋ. ਅਜਮੇਰ ਸਿੰਘ ਔਲਖ, ਡਾ. ਤੇਜਵੰਤ ਸਿੰਘ ਗਿੱਲ, ਡਾ. ਟੀ. ਆਰ. ਵਿਨੋਦ, ਰਾਮ ਸਰੂਪ ਅਣਖੀ, ਗੁਰਬਚਨ ਸਿੰਘ ਭੁੱਲਰ, ਪ੍ਰੋ. ਗੁਰਭਜਨ ਗਿੱਲ, ਡਾ. ਸਤੀਸ਼ ਵਰਮਾ, ਡਾ. ਤੇਜਵੰਤ ਮਾਨ, ਹਾਕਮ ਸੂਫ਼ੀ, ਡਾ. ਆਤਮਜੀਤ ਸਿੰਘ, ਤਾਰਾ ਸਿੰਘ ਸੰਧੂ, ਡਾ. ਨਿਰਮਲ ਸਿੰਘ (ਪੰਜਾਬੀ ਸੱਥ), ਹਰਭਜਨ ਹਲਵਾਰਵੀ, ਪ੍ਰੋ. ਸੁਲੱਖਣ ਮੀਤ, ਕੇ. ਐਲ. ਗਰਗ, ਕਾਨ੍ਹ ਸਿੰਘ, ਸ. ਸ. ਦੋਸਾਂਝ, ਅਵਤਾਰਜੀਤ, ਡਾ. ਪਰਮਜੀਤ ਰੋਮਾਣਾ, ਅਤਰਜੀਤ, ਪ੍ਰਿੰ. ਜਗਦੀਸ਼ ਘਈ ਤੇ ਡਾ. ਹਰਨੇਕ ਸਿੰਘ ਕੋਮਲ ਆਦਿ ਵੀ ਸ਼ਾਮਿਲ ਹਨ।

ਆਪਣੇ ਵਿਸ਼ਾਲ ਕਲਾ-ਜਗਤ ਤੋਂ ਇਲਾਵਾ, ਅਮਰਜੀਤ ਸਿੰਘ ਪੇਂਟਰ ਕਲਾ ਤੇ ਸਾਹਿਤ ਨਾਲ ਸੰਬੰਧਿਤ ਅਨੇਕਾਂ ਸਭਾ-ਸੁਸਾਇਟੀਆਂ ਨਾਲ ਜੁੜੇ ਹੋਏ ਹਨ। ਉਹ ਸ. ਸੋਭਾ ਸਿੰਘ ਮੈਮੋਰੀਅਲ ਚਿੱਤਰਕਾਰ ਸੁਸਾਇਟੀ (ਰਜਿ.) ਬਠਿੰਡਾ ਦੇ ਸੰਸਥਾਪਿਕ ਪ੍ਰਧਾਨ ਤੇ ਜਨਰਲ ਸਕੱਤਰ (੧੯੮੯-੨੦੦੯) ਹਨ। ਇਸ ਸੰਸਥਾ ਵਲੋਂ ਹਰ ਸਾਲ ਇਕ ਸ਼ਾਨਦਾਰ ਕਲਾ-ਸਮਾਰੋਹ ਆਯੋਜਿਤ ਕੀਤਾ ਜਾਂਦਾ ਹੈ। ਉਹ ਰਾਇਲ ਕੁਲੈਕਟਰਜ਼ ਸੁਸਾਇਟੀ, ਪੰਜਾਬ, ਦੇ ਸੰਸਥਾਪਿਕ ਪ੍ਰਧਾਨ ਹਨ। ਇਸ ਤੋਂ ਇਲਾਵਾ, ਉਹ ਪੰਜਾਬ ਲਲਿਤ ਕਲਾ ਅਕੈਡਮੀ ਚੰਡੀਗੜ੍ਹ ਦੇ ਐਸੋਸੀਏਟ ਮੈਂਬਰ ਹਨ। ਉਹ ਪ੍ਰੋ. ਕਰਮ ਸਿੰਘ ਮੈਮੋਰੀਅਲ ਕਲਚਰਲ ਮੰਚ, ਬਠਿੰਡਾ, ਪ੍ਰੋ. ਰੁਪਿੰਦਰ ਮਾਨ ਯਾਦਗਾਰੀ ਸੰਵੇਦਨਾ ਮੰਚ ਪੰਜਾਬ ਅਤੇ ਸਿਵਿਲ ਡੀਫੈਂਸ ਵਾਰਡਨਜ਼ ਕਲੱਬ ਬਠਿੰਡਾ ਦੇ ਕਾਰਜਕਾਰੀ ਮੈਂਬਰ ਹਨ। ਉਹ ਬਠਿੰਡਾ 'ਚ ਹਰ ਸਾਲ ਹੋਣ ਵਾਲੇ ਵਿਰਾਸਤੀ ਮੇਲੇ ਅਤੇ ਅਜਿਹੇ ਹੋਰ ਮੌਕਿਆਂ 'ਤੇ ਲੱਗਣ ਵਾਲੀਆਂ ਕਲਾ-ਪ੍ਰਦਰਸ਼ਨੀਆਂ ਦੇ ਕਨਵੀਨਰ ਜਾਂ ਕੋਆਰਡੀਨੇਟਰ ਦੇ ਰੂਪ 'ਚ ਅਹਿਮ ਭੂਮਿਕਾ ਨਿਭਾਉਂਦੇ ਹਨ।

ਅਮਰਜੀਤ ਸਿੰਘ ਪੇਂਟਰ ਇਕ ਸਾਧਾਰਨ ਕਿਰਤੀ ਪਰਿਵਾਰ 'ਚ ਜੰਮੇ-ਪਲੇ ਹਨ ਪਰ ਤੰਗੀਆਂ-ਤੁਰਸ਼ੀਆਂ ਦੇ ਬਾਵਜੂਦ ਚਿੱਤਰਕਾਰੀ ਵਰਗੇ ਮਹਿੰਗੇ ਸ਼ੌਕ ਨੂੰ ਪਾਲਿਆ ਹੈ। ਕਲਾ ਦੇ ਖੇਤਰ 'ਚ ਆਧੁਨਿਕਤਾ ਦੇ ਦੌਰ 'ਚ ਵੀ ਉਨ੍ਹਾਂ ਨੇ "ਐਬਸਰਡ" ਕਿਸਮ ਦੀ ਚਿੱਤਰਕਾਰੀ ਤੋਂ ਗੁਰੇਜ਼ ਕੀਤਾ ਹੈ ਅਤੇ ਅਮਰਜੀਤ ਸਿੰਘ ਪੇਂਟਰ ਨੇ ਆਪਣੇ ਅਨੁਭਵ ਦੇ ਆਧਾਰ 'ਤੇ ਜ਼ਿੰਦਗੀ ਅਤੇ ਪ੍ਰਕ੍ਰਿਤੀ ਨੂੰ ਰੰਗਾਂ-ਰੇਖਾਵਾਂ 'ਚ ਬਾਖ਼ੂਬੀ ਰੂਪਾਂਤ੍ਰਿਤ ਕੀਤਾ ਹੈ। ਉਹ ਉੱਚੀ ਤੇ ਸੁੱਚੀ ਸੋਚ ਦੇ ਮਾਲਿਕ ਹਨ ਜਿਸ ਦੇ ਫਲਸਰੂਪ ਉਨ੍ਹਾਂ ਦੀ ਕਲਾ 'ਚ ਪਾਕੀਜ਼ਗੀ ਹੈ। ਧਾਰਮਿਕ ਰੁਚੀਆਂ ਦੇ ਹੋਣ ਕਰਕੇ ਉਨ੍ਹਾਂ ਦੀ ਕਲਾ ਦਾ ਬਹੁਤ ਵੱਡਾ ਹਿੱਸਾ "ਗੁਰੂ ਤੇ ਗੁਰਬਾਣੀ" ਨੂੰ ਸਮਰਪਿਤ ਹੈ। ਉਨ੍ਹਾਂ ਦੀ ਕਲਾ ਸੱਚ ਤੇ ਸੁੰਦਰਤਾ ਦਾ ਅਨੁਪਮ ਸੁਮੇਲ ਹੈ।

ਅਮਰਜੀਤ ਸਿੰਘ ਪੇਂਟਰ ਚਾਹੁੰਦੇ ਹਨ ਕਿ ਉਨ੍ਹਾਂ ਦੇ ਜੱਦੀ ਸ਼ਹਿਰ (ਬਠਿੰਡਾ) 'ਚ ਇਕ ਆਰਟਸ ਕਾਲਜ ਖੋਲ੍ਹਿਆ ਜਾਵੇ ਅਤੇ "ਸ. ਸੋਭਾ ਸਿੰਘ ਮੈਮੋਰੀਅਲ ਚਿੱਤਰਕਾਰ ਸੁਸਾਇਟੀ" ਬਠਿੰਡਾ ਨੂੰ "ਕਲਾ-ਭਵਨ" ਦੀ ਉਸਾਰੀ ਲਈ ਢੁਕਵੀਂ ਜ਼ਮੀਨ ਤੇ ਵਿਤੀ ਸਹਾਇਤਾ ਦਿੱਤੀ ਜਾਵੇ। ਪੰਜਾਬ ਸਰਕਾਰ ਨੂੰ ਇਸ ਬਾਰੇ ਗੰਭੀਰਤਾ ਨਾਲ ਸੋਚਣਾ ਚਾਹੀਦਾ ਹੈ।

ਪਰਮ ਪਿਤਾ ਪਰਮਾਤਮਾ ਅੱਗੇ ਅਮਰਜੀਤ ਸਿੰਘ ਪੇਂਟਰ ਦੀ ਲੰਮੀ ਉਮਰ ਤੇ ਦੇਹ-ਅਰੋਗਤਾ ਲਈ ਅਰਦਾਸ ਕਰਦਾ ਹਾਂ ਤਾਂ ਕਿ ਉਹ ਕਲਾ ਦੇ ਖੇਤਰ 'ਚ ਇਸੇ ਤਰ੍ਹਾਂ ਕ੍ਰਿਆਸ਼ੀਲ ਰਹਿਣ।

ਮੋ-੯੩੧੭੭-੬੧੪੧੪



Namdhari Elibrary NamdhariElibrary@gmail.com

# ਪੰਜਾਬ, ਪੰਜਾਬੀ ਅਤੇ ਪੰਜਾਬੀਅਤ

*—ਜਸਵਿੰਦਰ ਜੀਤ ਬਾਜਵਾ ਰਮਦਾਸ*

ਪੰਜਾਬ ਦਾ ਵਾਸੀ ਹਿਦੂ, ਸਿੱਖ, ਮੁਸਲਮਾਨ ਜਾਂ ਈਸਾਈ ਆਪਣੇ ਆਪ ਨੂੰ ਪੰਜਾਬੀ ਅਖਵਾ ਕੇ ਬੜਾ ਫ਼ਖਰ ਮਹਿਸੂਸ ਕਰੇਗਾ। ਕਿਉਂਕਿ ਜਦੋਂ ਵੀ ਕਿਸੇ ਪੰਜਾਬੀ ਨੇ ਮਾਅਰਕਾ ਮਾਰਿਆ ਹੈ ਤਾਂ ਉਹਨੇ ਸਾਰੇ ਪੰਜਾਬ ਦਾ ਨਾਮ ਰੋਸ਼ਨ ਕੀਤਾ ਹੈ। ਉਹ ਕਿਹੜਾ ਕੰਮ ਹੈ। ਜਿਸ ਵਿਚ ਪੰਜਾਬੀਆਂ ਨੇ ਪਹਿਲ ਨਹੀਂ ਕੀਤੀ। ਪੰਜਾਬੀਆਂ ਦੀ ਬਹਾਦਰੀ, ਦੇਸ਼ ਵਾਸਤੇ ਮਰਨ ਮਿਟਣ ਦਾ ਉਤਸ਼ਾਹ, ਨਿਡਰ ਹੋ ਕੇ ਜ਼ਾਲਮਾਂ ਦੇ ਗਲ ਪੈ ਜਾਣ ਵਾਲੀ ਸ਼ਕਤੀ ਤੇ ਆਪਾ ਵਾਰਨ ਦਾ ਜਜ਼ਬਾ ਵੇਖ ਕੇ ਹੀ ਪੰਡਿਤ ਜਵਾਹਰ ਲਾਲ ਨਹਿਰੂ ਨੇ ਕਿਹਾ ਸੀ ਕਿ ਮੈਂ ਭਾਰਤ ਦੇ ਕਿਸੀ ਏਕ ਭਾਗ ਕੀ ਦੂਸਰੇ ਭਾਗ ਸੇ ਤੁਲਨਾ ਕਰਨਾ ਨਹੀਂ ਚਾਹਤਾ, ਪ੍ਰੰਤੂ ਇਤਨਾ ਜ਼ਰੂਰ ਕਹੂੰਗਾ ਕਿ ਪੰਜਾਬ ਔਰ ਪੰਜਾਬ ਕੇ ਵਾਸੀਓ ਕਾ ਉਦਾਹਰਣ ਹਮ ਸਭ ਭਾਰਤ ਵਾਸੀਓ ਕੇ ਲੀਏ ਸ਼ਕਤੀ ਤਥਾ ਪ੍ਰੇਰਨਾ ਕਾ ਸਰੋਤ ਹੈ।

ਪ੍ਰੋ. ਪੂਰਨ ਸਿੰਘ ਨੇ ਭਾਰਤ ਦੇ ਕਈ ਪ੍ਰਾਂਤ ਫਿਰੇ ਤੇ ਵਿਦੇਸ਼ਾਂ ਦੇ ਕਈ ਮੁਲਕਾਂ ਦੀ ਸੈਰ ਕੀਤੀ। ਪਰ ਉਸਨੂੰ ਪੰਜਾਬ ਵਰਗੀ ਖੁੱਲੀ ਡੁੱਲੀ ਆਬੋ ਹਵਾ ਕਿਤੇ ਨਾ ਲੱਭੀ। ਏਸ ਕਰਕੇ ਉਸਦੇ ਮੂੰਹੋਂ ਇਹ ਬੋਲ ਆਪ ਮੁਹਾਰੇ ਨਿਕਲ ਤੁਰੇ। "ਉਏ ਕਿੱਧਰੇ ਨਹੀਂ ਲੱਭਦੀ ਹਵਾ ਠੰਢੀ ਪੰਜਾਬ ਵਾਲੀ। ਕਿਧਰੇ ਦਾ ਪਾਣੀ ਮੈਨੂੰ ਨਾ ਇਹੋ ਜਿਹਾ ਮਿੱਠਾ ਤੇ ਮਾਫਕ।"

ਪੰਜਾਬੀਅਤ ਦਾ ਮੁੱਖ ਅੰਗ ਹੈ ਪੰਜਾਬੀ ਭਾਸ਼ਾ ਜਾਂ ਪੰਜਾਬੀ ਮਾਤ ਬੋਲੀ। ਪੰਜਾਬੀਅਤ ਪੰਜਾਂ ਹਰਫਾਂ ਦੇ ਮੇਲ ਨਾਲ ਬਣਿਆ ਅਤੇ ਦਰਿਆਵਾਂ ਦੀ ਧਰਤੀ ਨਾਲ ਜੁੜਿਆ ਹੋਇਆ ਉਹ ਸ਼ਬਦ ਹੈ ਜੋ ਪੰਜਾਬ ਵਾਸੀਆਂ ਦੇ ਸਮੁੱਚੇ ਜਨ-ਜੀਵਨ ਦੀ ਪ੍ਰਤੀਨਿਧਤਾ ਕਰਦਾ ਹੈ। ਪੰਜਾਬ ਦਾ ਵਾਸੀ ਭਾਵੇਂ ਕਿਸੇ ਧਰਮ ਦਾ ਹੋਵੇ, ਪੰਜਾਬੀ ਸੱਭਿਆਚਾਰ ਵਿਚ ਉਸ ਦਾ ਬਰਾਬਰ ਦਾ ਹਿੱਸਾ ਹੈ। ਇਸ ਤਰ੍ਹਾਂ, ਹਿੰਦੂਆਂ, ਮੁਸਲਮਾਨਾਂ ਅਤੇ ਸਿੱਖਾਂ ਦੇ ਬਣੇ ਲੋਕ ਧਰਮ ਵਿਚੋਂ ਸਾਂਝਾ ਧਰਮ ਪੰਜਾਬੀਅਤ ਨਜ਼ਰ ਆਉਂਦਾ ਹੈ।

ਪੰਜਾਬੀ ਲੋਕ ਮਾਂ ਬੋਲੀ ਪੰਜਾਬੀ ਦੀਆਂ ਅਸੀਸਾਂ ਲੈ ਕੇ ਜਿਊਂਦੇ ਹਨ। ਪੰਜਾਬ ਦੀ ਮਿੱਟੀ ਹੀ ਐਸੀ ਸ਼ਕਤੀਵਾਨ ਤੇ ਜ਼ੋਰਦਾਰ ਹੈ ਕਿ ਇਹ ਸਿਰਫ ਪੰਜਾਬ ਦੇ ਜੰਮਿਆਂ ਨੂੰ ਹੀ ਰਾਸ ਆਉਂਦੀ ਹੈ। ਪੰਜਾਬੀਅਤ ਵਿਚ ਪੰਜਾਬ ਦੇ ਵਿਸ਼ਾਲ ਸੱਭਿਆਚਾਰ ਦੇ ਸਾਰੇ ਗੁਣ ਸਮੋਏ ਹੋਏ ਹਨ। ਕਿਸੇ ਪੰਜਾਬੀ ਨੂੰ ਪੁੱਛੋ, 'ਸੁਣਾ ਭਈ ਕੀ ਹਾਲ ਏ।' ਅੱਗੋਂ ਜੁਵਾਬ ਮਿਲੇਗਾ, 'ਚੰਗੇ ਐ। ਮੌਜਾਂ ਕਰੀਦੀਐਂ।'

ਪੰਜਾਬੀ ਖੇਤੀਬਾੜੀ ਦੇ ਕੰਮਾਂ ਵਿਚ ਵੀ ਸਭ ਤੋਂ ਅੱਗੇ ਹਨ। ਹਰਾ ਇਨਕਲਾਬ ਪੰਜਾਬੀਆਂ ਦੀ ਭਾਰਤ ਨੂੰ ਦੇਣ ਹੈ। ਭਾਰਤ ਦੇ ਅੰਨ ਭੰਡਾਰ ਲਈ ਪੰਜਾਬ ਸਭ ਤੋਂ ਅੱਗੇ ਹੈ। ਭਾਰਤ ਦੀ ਫ਼ਿਲਮੀ ਦੁਨੀਆਂ ਵਿਚ ਬਹੁਤੇ ਕਲਾਕਾਰ ਤੇ ਡਾਇਰੈਕਟਰ ਪੰਜਾਬੀ ਹਨ। ਦੁਨੀਆਂ ਵਿਚ ਪੰਜਾਬੀ ਸਭ ਤੋਂ ਵੱਧ ਬਹਾਦਰ ਫੌਜੀ ਮੰਨੇ ਗਏ ਹਨ। ਭਾਰਤ ਦੀਆਂ ਖਿਡਾਰੀ ਟੀਮਾਂ ਵਿਚ ਬਹੁਤੇ ਪੰਜਾਬੀ ਹਨ। ਭਾਰਤ ਦੇ ਆਜ਼ਾਦੀ ਸੰਘਰਸ਼ ਵਿਚ ਪੰਜਾਬੀਆਂ ਦਾ ਸਭ ਤੋਂ ਵੱਧ ਯੋਗਦਾਨ ਹੈ। ਕਿਉਂਕਿ ਪੰਜਾਬੀ ਮੌਜੀ ਸੁਭਾਅ ਦੇ ਹੁੰਦੇ ਹਨ। ਪੰਜਾਬੀਆਂ ਗਲੀਆਂ ਤੇ ਬਜ਼ਾਰਾਂ ਵਿਚ ਖਲੋ ਕੇ ਗੱਪਾਂ ਮਾਰਨਗੇ। ਜੇ ਕਿਸੇ ਨੇ ਕਿਹਾ ਕਿ ਸੜਕ ਤੋਂ ਪਾਸੇ ਹੋ ਕੇ ਖਲੋ। ਤਾਂ ਉਹ ਜਵਾਬ ਦੇਣਗੇ, 'ਕਿ ਸੜਕ ਤੇਰੇ ਬਾਬੇ ਦੀ ਏ।'

ਪੰਜਾਬੀ ਦੇ ਕਈ ਸਾਹਿਤਕਾਰਾਂ ਨੇ ਜਿੱਥੇ ਪੰਜਾਬ ਦੇ ਪੁਰਾਤਨ ਸੱਭਿਆਚਾਰ ਨੂੰ ਕਲਮਬੰਦ ਕਰਕੇ ਪੁਸਤਕਾਂ ਵਿਚ ਸੰਭਾਲਿਆ ਹੈ। ਪੰਜਾਬੀਆਂ ਦੀ ਜ਼ਿੰਦਗੀ ਵਿਚ ਜੋ ਕੁਝ ਵਾਪਰਦਾ ਹੈ। ਪੰਜਾਬੀ ਮਾਂ ਬੋਲੀ ਦੇ ਲਾਡਲਿਆਂ, ਪੰਜਾਬੀ ਲੋਕ ਸਾਹਿਤ ਦੇ ਪ੍ਰੇਮੀਆਂ, ਪੰਜਾਬੀ ਲੋਕ ਗੀਤਾਂ ਦੇ ਚਹੇਤਿਆਂ, ਪੰਜਾਬੀ ਸੱਭਿਆਚਾਰ ਤੋਂ ਬਲਿਹਾਰ ਹੋਣ ਵਾਲਿਆਂ ਅਤੇ ਪੰਜਾਬੀਆਂ ਤੇ ਮਾਣ ਕਰਨ ਵਾਲਿਆਂ ਕੋਲ ਏਨਾ ਭੰਡਾਰ ਹੈ। ਪੱਥਰ ਤੇ ਲੀਕ ਵਰਗੀਆਂ ਅਟੱਲ ਸੱਚਾਈਆਂ ਨੂੰ ਵੀ ਲਾਂਭੇ ਨਹੀਂ ਰੱਖਿਆ ਜਾ ਸਕਦਾ ਜਿਵੇਂ-

ਅੱਲ੍ਹਾ, ਵਾਹਿਗੁਰੂ ਦਾ ਨਾਮ ਹੈ ਇਕੋ, ਭਰਮਾਂ 'ਚ ਪੈਂਦੀ ਦੁਨੀਆਂ (ਪੰਜਾਬੀ ਦੀ ਧਰਤੀ ਦਾ ਜੰਮਪਲ ਹੱਸਣ ਬਿਨ੍ਹਾਂ ਨਹੀਂ ਰਹਿ ਸਕਦਾ। ਜੇ ਕਿਸੇ ਪੰਜਾਬੀ ਨੂੰ ਹੱਸਣ ਤੋਂ ਰੋਕਿਆ ਵੀ ਜਾਵੇ ਤਾਂ ਹਾਸਾ ਉਹਦੀਆਂ ਵੱਖੀਆਂ ਵਿਚੋਂ ਦੀ, ਆਪ ਮੁਹਾਰਾ ਬੇਕਾਬੂ ਹੋ ਕੇ ਨਿਕਲ ਜਾਂਦਾ ਹੈ। ਹਾਸਾ ਪੰਜਾਬੀਆਂ ਨਾਲ ਪਰਛਾਂਵੇ ਵਾਂਗ ਰਹਿੰਦਾ ਹੈ। ਪੰਜਾਬ ਦੀ ਸਾਂਝੀ ਵਿਰਾਸਤ ਪੰਜਾਬ ਦੇ ਲੋਕ ਸਾਹਿਤ ਨੂੰ ਆਮੀਰ ਬਣਾਉਣ ਵਾਸਤੇ ਸਮੇਂ-ਸਮੇਂ, ਯੋਗੀਆਂ, ਸਿੱਧਾਂ, ਨਾਥਾਂ, ਸੰਤਾਂ, ਭਗਤਾਂ, ਸੂਫੀਆਂ, ਦਰਵੇਸ਼ਾਂ, ਗੁਰੂਆਂ ਅਤੇ ਯੋਧਿਆਂ ਨੇ ਇਸ ਵਿਚ ਮਹਾਨ ਯੋਗਦਾਨ ਪਾਇਆ ਹੈ। ਸੱਜਣਾਂ-ਮਿੱਤਰਾਂ ਨੂੰ ਰੱਜ ਕੇ ਪਿਆਰ ਕਰਦੇ ਹਨ। ਪ੍ਰਾਹੁਣਚਾਰੀ ਦੇ ਵਿਚ ਏਹਨਾਂ ਦੀ



Namdhari Elibrary NamdhariElibrary@gmail.com

ਕੋਈ ਮਿਸਾਲ ਨਹੀਂ ਹੈ। ਇਉਂ ਪੰਜਾਬੀ ਲੋਕਾਂ ਦੇ ਦਿਲਾਂ ਵਿਚ ਪੰਜਾਬੀਅਤ ਸਮਾਈ ਹੋਈ ਹੈ।

ਪੰਜਾਬ ਦਾ ਪੌਣ-ਪਾਣੀ ਕਈ ਤਰ੍ਹਾਂ ਦੇ ਅਤਿ ਦਾ ਸੁਮੇਲ ਹੈ। ਅਤਿ ਦੀ ਗਰਮੀ ਅਤਿ ਦੀ ਸਰਦੀ ਨੇ ਪੰਜਾਬੀਆਂ ਨੂੰ ਹਰ ਔਖ-ਸੌਖ ਤੇ ਭੀੜ-ਸੁਭੀੜ ਖਿੜੇ ਮੱਥੇ ਸਹਾਰਨ ਦਾ ਆਦੀ ਬਣਾ ਦਿੱਤਾ ਹੈ। ਪੰਜਾਬ ਦੇ ਇਤਿਹਾਸ, ਪੰਜਾਬ ਦੇ ਜੀਵਨ ਅਤੇ ਪੰਜਾਬੀ ਸੱਭਿਆਚਾਰ ਉੱਤੇ ਨਜ਼ਰ ਮਾਰ ਕੇ ਦੇਖੀਏ। ਕਿ ਉਹਨਾਂ ਦਾ ਧਰਮ ਭਾਵੇਂ ਕੋਈ ਵੀ ਹੋਵੇ। ਉਹਨਾਂ ਦਾ ਵਿਹਾਰ ਮੂੰਹੋਂ ਬੋਲੇਗਾ ਕਿ ਉਹ ਪੰਜਾਬੀ ਹਨ।

ਪੰਜਾਬੀਆਂ ਨੂੰ ਮੁੱਢ ਤੋਂ ਹੀ ਆਪਣੇ ਵਿਰਸੇ ਵਿਚ ਕੁਝ ਅਜੇਹੇ ਮੀਰੀ ਗੁਣ ਮਿਲੇ ਹੋਏ ਹਨ ਕਿ ਉਹ ਜੀਵਨ ਦੇ ਹਰ ਖੇਤਰ ਵਿਚ ਹਰ ਮੁਸ਼ਕਿਲ ਦਾ ਟਾਕਰਾ ਕਰਨ ਲਈ ਤਤਪਰ ਰਹਿੰਦੇ ਹਨ। ਪੰਜਾਬੀ ਸੱਭਿਆਚਾਰ ਵਿਚ ਸਭ ਤੋਂ ਵੱਡਾ ਗੁਣ "ਬੀਰਤਾ" ਦਾ ਹੈ। ਪੰਜਾਬ ਦੇ ਇਤਿਹਾਸ ਵਿਚ ਬੀਰਤਾ ਦੀ ਵਿਸ਼ੇਸ਼ ਪ੍ਰੰਪਰਾ ਹੈ ਅਤੇ ਇੱਥੋਂ ਦੇ ਹਿੰਦੂਆਂ, ਮੁਸਲਮਾਨਾਂ ਤੇ ਸਿੱਖਾਂ ਵਿਚ ਇਹ ਗੁਣ ਸਾਂਝਾ ਹੈ। ਪੰਜਾਬ ਦੇ ਜੰਮੇ ਨੂੰ ਨਿੱਤ ਮੁਹਿੰਮਾਂ ਦਾ ਸਾਹਮਣਾ ਕਰਨਾ ਪਿਆ ਹੈ। ਇਹ ਗੁਣ ਪੰਜਾਬੀਆਂ ਨੂੰ ਵਿਰਸੇ ਵਿਚ ਮਿਲਿਆ ਹੈ।

ਪੰਜਾਬ ਦੀ ਧਰਤੀ ਅਤੇ ਸੱਭਿਆਚਾਰ ਬਾਰੇ ਇਹ ਵੀ ਇਕ ਮਿੱਥ ਹੈ ਕਿ ਇਸ ਉਪਰ ਕਿਸੇ ਦਿਭ ਵਿਅਕਤੀ ਜਾਂ ਸ਼ਕਤੀ ਦੀ ਖਾਸ ਬਖਸ਼ਿਸ਼ ਹੋਈ ਹੈ। ਪੰਜਾਬੀਆਂ ਨੂੰ ਆਮ ਤੌਰ ਤੇ ਇਨ੍ਹਾਂ ਖਾਸੀਅਤਾਂ ਦੇ ਮਾਲਿਕ ਸਮਝਿਆ ਜਾਂਦਾ ਹੈ ਕਿ ਇਹ ਬੜੇ ਮਿਹਨਤੀ, ਬਹਾਦਰ ਤਾਕਤਵਾਰ ਤੇ ਅੱਖੜ ਲੋਕ ਹਨ। ਭਾਰਤ ਦੇ ਪੰਜਾਬੀ ਕਿਸਾਨਾਂ ਨੇ ਪੰਜਾਬ ਹਰਿਆਣਾ, ਰਾਜਸਥਾਨ, ਉੱਤਰ-ਪ੍ਰਦੇਸ਼ ਅਤੇ ਮੱਧ-ਪ੍ਰਦੇਸ਼ ਦੀਆਂ ਬੰਜਰ ਤੇ ਜੰਗਲਾਂ ਨਾਲ ਭਰੀਆਂ ਜ਼ਮੀਨਾਂ ਆਬਾਦ ਕਰਦੇ ਥੋੜ੍ਹੇ ਸਾਲਾਂ ਵਿਚ ਹਰਾ ਇਨਕਲਾਬ ਲੈ ਆਂਦਾ ਹੈ। ਪੰਜਾਬ ਤੋਂ ਬਾਹਰ ਭਾਰਤ ਦੇ ਦੂਜੇ ਪ੍ਰਾਂਤਾਂ ਵਿਚ ਜਾ ਦੁਨੀਆਂ ਦੇ ਜਿਸ ਮੁਲਕ ਵਿਚ ਵੀ ਪੰਜਾਬੀ ਗਏ ਹਨ। ਉਹ ਬਹੁਤ ਜਲਦੀ ਆਪਣੀ ਥਾਂ ਬਣਾ ਲੈਂਦੇ ਹਨ ਪੰਜਾਬੀ ਬੜੇ ਮਿਲਾਪੜੇ ਤੇ ਮਹਿਮਾਨ ਨਿਵਾਜ ਹਨ। ਇਹ ਸਾਰੇ ਪੱਖ ਪੰਜਾਬੀ ਸੱਭਿਆਚਾਰ ਵਿਚ ਹਿੱਸਾ ਪਾਉਂਦੇ ਹਨ। ਇਸ ਸੱਭਿਆਚਾਰ ਨੂੰ ਪੰਜਾਬੀਅਤ ਕਹਿੰਦੇ ਹਨ।

ਪੰਜਾਬੀ ਸੱਭਿਆਚਾਰ ਦੀ ਆਪਣੀ ਵਿਸ਼ੇਸ਼ ਪ੍ਰੰਪਰਾ ਹੈ। ਉਨ੍ਹਾਂ ਦੇ ਸਾਂਝੇ ਤਜਰਬਿਆਂ ਦਾ ਜ਼ਖੀਰਾ ਹੈ। ਪੰਜਾਬ ਦਾ ਪੋਟਾ-ਪੋਟਾ ਪਰੰਪਰਾਗਤ ਰਸਮਾਂ ਤੇ ਰਿਵਾਜਾਂ, ਮੇਲਿਆਂ ਤੇ ਤਿਉਹਾਰਾਂ, ਵਰਤਾਂ ਤੇ ਪੂਜਾ ਦੀਆਂ ਵਿਧੀਆਂ ਅਤੇ ਧਾਰਮਿਕ ਅਕੀਦਿਆਂ, ਲੋਕ ਸਾਹਿਤ, ਲੋਕ ਕਥਾਵਾਂ, ਲੜਾਈਆਂ, ਦੰਗਲ, ਲੋਕ-ਨਾਚ ਲੋਕ ਵਿਸ਼ਵਾਸ ਨਾਲ ਭਰਿਆ ਪਿਆ ਹੈ। ਪੰਜਾਬ ਪੀਰਾਂ, ਫਕੀਰਾਂ, ਸੰਤਾਂ, ਮਹਾਤਮਾਵਾਂ, ਇਤਿਹਾਸਿਕ ਪ੍ਰੀਤ ਜੋੜੀਆਂ, ਤੀਰਥ ਅਸਥਾਨਾਂ ਤੇ ਦਰਿਆਵਾਂ ਆਦਿ ਨਾਲ ਜੁੜਿਆ ਹੋਇਆ ਹੈ।

ਪੰਜਾਬ ਬਹੁਤ ਕਰਕੇ ਇਤਿਹਾਸਿਕ ਤਬਦੀਲੀਆਂ ਦਾ ਖੇਤਰ ਰਿਹਾ ਹੈ। ਵਿਸ਼ਵ ਭਰ ਦੇ ਪੰਜਾਬੀਆਂ ਨੂੰ ਇਕ ਲੜੀ ਵਿਚ ਪ੍ਰੋਣ ਵਾਲੀ ਮੁੱਢਲੀ ਚੀਜ਼ ਉਨ੍ਹਾਂ ਦੀ ਜ਼ੁਬਾਨ ਹੈ। "ਖਾਈਏ ਮਨ ਭਾਉਂਦਾ, ਪਹਿਨੀਏ ਜੱਗ ਭਾਉਂਦਾ।" ਪੰਜਾਬ ਦਾ ਸੁਭਾਅ ਬਹੁਤ ਖੁੱਲ੍ਹਾ-ਡੁੱਲ੍ਹਾ ਹੈ। ਪੰਜਾਬੀ ਦੇ ਭੋਜਨ ਦੇ ਪਰਾਉਂਠੇ, ਦੁੱਧ, ਦਹੀ, ਮੱਖਣ, ਘਿਉ, ਲੱਸੀ, ਰਹੁ, ਖੀਰ, ਪੂੜੇ, ਕੜਾਹ, ਜਲੇਬੀਆਂ, ਸਮੋਸੇ, ਪਕੌੜੇ, ਪੰਜਾਬ ਦੇ ਪਿੰਡਾਂ ਦੇ ਘਰ ਵਿਚ ਖਾਣ-ਪੀਣ ਦਾ ਸਾਂਝਾ-ਘਰੇਲੂ ਸੱਭਿਆਚਾਰ ਹੈ। ਪੰਜਾਬ ਦੇ ਘਰ ਤੇ ਸਮਾਜ ਦੀ ਨੀਂਹ ਇਸਤਰੀ ਹੈ। ਇਸਤਰੀ ਦਾ ਸਤਿਕਾਰ ਪੰਜਾਬੀ ਸੱਭਿਆਚਾਰ ਦਾ ਸ਼ਿੰਗਾਰ ਹੈ।

ਪੰਜਾਬ ਦੇ ਪੇਂਡੂ ਲੋਕ ਕੰਮ ਦੀ ਹਿੱਕ ਤੇ ਚੜ੍ਹ ਕੇ ਰਹਿੰਦਾ ਹੈ। ਜਿੱਧਰ ਪੈਂਦਾ ਹੈ ਜ਼ੋਰ ਨਾਲ ਪੈਂਦਾ ਹੈ। ਪੰਜਾਬੀ ਨੂੰ ਕੰਮ ਦੀ ਪਕੜ ਹੈ। ਉਹ ਜੋ ਵੀ ਕੰਮ ਕਰਦਾ ਹੈ, ਜਾਨ ਹੀਲ ਕੇ ਕਰਦਾ ਹੈ, ਲਹੂ ਪਾਣੀ ਇਕ ਕਰਕੇ ਕਰਦਾ ਹੈ। ਕੰਮ ਕੋਈ ਹੋਵੇ ਪਰ ਦਬੱਲਦਾ ਹੈ। ਕਿਸੇ ਕੰਮ ਨੂੰ ਹੱਥ ਪਾਉਣ ਤੋਂ ਨਹੀਂ ਝਿਜਕਦਾ। ਪੰਜਾਬੀ ਲੋਕ ਦਿਲਾਂ ਦੀਆਂ ਗਹਿਰਾਈਆਂ ਤੱਕ ਜਾ ਕੇ ਕਿਸੇ ਬਾਹਰੋਂ ਆਏ ਇਨਸਾਨ ਦੀ ਆਉ-ਭਗਤ ਕਰਕੇ ਖੁਸ਼ ਰਹਿੰਦੇ ਹਨ।

*ਸੰਚਾਲਕ-ਨਾਮਧਾਰੀ ਸ੍ਰੀ ਸਤਿਗੁਰ ਰਾਮ ਸਿੰਘ*
*ਲਾਇਬ੍ਰੇਰੀ, ਰਮਦਾਸ-ਅੰਮ੍ਰਿਤਸਰ*
*ਮੋ-੯੪੭੮੨-੮੮੧੪੪*

## ਪੰਜਾਬ ਦੀ ਮਿੱਟੀ

ਇਹਦਾ ਰੰਗ ਸੰਧੂਰੀ ਹੈ, ਇਹ ਗੋਰੀ ਚਿੱਟੀ ਹੈ,
ਇਹਨੂੰ ਮੈਲੀ ਨਾ ਕਰਨਾ, ਮੇਰੇ ਪੰਜਾਬ ਦੀ ਮਿੱਟੀ ਹੈ।
ਇਸ ਮਿੱਟੀ ਵਿਚ ਕੋਈ ਕੁੜੱਤਣ ਕਿੱਦਾਂ ਕੋਈ ਉਗਾਵੇ,
ਇਹ ਮਿੱਟੀ ਤੇ ਘਰ ਘਰ ਜਾ ਕੇ ਪਿਆਰ ਦਾ ਬੂਟਾ ਲਾਵੇ,
ਪੁੱਛ ਲਓ ਫਕੀਰਾਂ ਤੋਂ ਇਹਦੀ ਬਾਣੀ ਮਿੱਠੀ ਹੈ,
ਇਹਨੂੰ ਮੈਲੀ ਨਾ ਕਰਨਾ, ਮੇਰੇ ਪੰਜਾਬ ਦੀ ਮਿੱਟੀ ਹੈ।

*- ਸਰਦਾਰ ਅੰਜੁਮ*

ਸੋਹਣਾ ਦੇਸ਼ਾਂ ਅੰਦਰ ਦੇਸ਼ ਪੰਜਾਬ ਨੀ ਸਈਓ,
ਜਿਉਂ ਫੁੱਲਾਂ ਅੰਦਰ ਫੁੱਲ ਗੁਲਾਬ ਨੀ ਸਈਓ।

*-ਫੀਰੋਜ਼ ਦੀਨ ਸ਼ਰਫ*



Namdhari Elibrary NamdhariElibrary@gmail.com

# ਗੱਲਾਂ ਸੂਬਾ ਸਿੰਘ ਦੀਆਂ

*—ਭੁਪਿੰਦਰ ਉਸਤਾਦ*



ਲੇਖਕ

ਸੂਬਾ ਸਿੰਘ ਜੀ ਦੀ ਪੰਜਾਬੀ ਹਾਸ ਵਿਅੰਗ ਨੂੰ ਬਹੁਤ ਹੀ ਵੱਡੀ ਦੇਣ ਹੈ। ਉਨ੍ਹਾਂ ਦੀ ਹਰ ਗੱਲ 'ਚੋਂ ਵਿਅੰਗ ਤੇ ਹਾਸਾ ਫੁਟ-ਫੁਟ ਪੈਂਦਾ ਸੀ। ਉਹ ਗੰਭੀਰ ਤੋਂ ਗੰਭੀਰ ਵੀ ਗੱਲ ਕਰ ਰਹੇ ਹੁੰਦੇ ਤਾਂ ਵੀ ਉਨ੍ਹਾਂ ਦੇ ਹਾਵਾ-ਭਾਵਾਂ ਤੋਂ ਸਾਹਮਣੇ ਖੜੇ ਬੰਦੇ ਨੂੰ ਹਾਸਾ ਰੋਕਣਾ ਮੁਸ਼ਕਲ ਹੋ ਜਾਂਦਾ। ਉਹ ਬਹੁਤ ਹੀ ਖੁੱਲੇ ਦਿਲ ਦੇ ਮਾਲਕ ਸਨ। ਬਨਾਵਟੀਪਨ ਤੋਂ ਦੂਰ। ਉਹ ਘਰ ਹੁੰਦੇ ਜਾਂ ਦਫਤਰ, ਆਪਣੀ ਮੌਜ 'ਚ ਕੰਮ ਕਰਦੇ।

ਇਕ ਵਾਰ ਜਦੋਂ ਉਹ ਪੰਜਾਬੀ ਯੂਨੀਵਰਸਿਟੀ ਵਿਚ, 'ਪੰਜਾਬੀ ਵਿਕਾਸ' ਦੇ ਡਾਇਰੈਕਟਰ ਸਨ, ਗਰਮੀ ਸ਼ੁਰੂ ਹੋ ਚੁੱਕੀ ਸੀ। ਉਹ ਦਫਤਰ ਆਏ ਤਾਂ ਕੁਝ ਚਿਰ ਬਾਅਦ ਉਨ੍ਹਾਂ ਨੂੰ ਮਿਲਣ ਲਈ ਦੋ ਸੱਜਣ ਆ ਗਏ। ਗੱਲਾਂ ਕਰਦਿਆਂ ਉਨ੍ਹਾਂ ਗਰਮੀ ਮਹਿਸੂਸ ਕੀਤੀ ਤਾਂ ਪੱਗ ਲਾਹ ਕੇ ਮੇਜ਼ ਉੱਤੇ ਰੱਖ ਲਈ। ਸੱਜਣ ਹੈਰਾਨੀ ਨਾਲ ਉਨ੍ਹਾਂ ਵੱਲ ਦੇਖਣ ਲੱਗੇ। ਅੱਧਿ ਕੁ ਘੰਟੇ ਬਾਅਦ 'ਗਰਮੀ ਬਹੁਤ ਹੋ ਗਈ' ਕਹਿੰਦਿਆਂ ਸੂਬਾ ਸਿੰਘਾ ਹੁਰਾਂ ਆਪਣੀ ਕਮੀਜ਼ ਉਤਾਰੀ ਤੇ ਇਕ ਕੁਰਸੀ ਉੱਤੇ ਰੱਖ ਦਿੱਤੀ। ਉਸੇ ਵੇਲੇ ਉਨ੍ਹਾਂ ਦੀ ਸਟੈਨੋ ਡਿਕਟੇਸ਼ਨ ਲੈਣ ਆ ਗਈ। ਸੂਬਾ ਸਿੰਘ ਹੁਰਾਂ ਨੂੰ ਅਜਿਹੀ ਹਾਲਤ 'ਚ ਦੇਖਦਿਆਂ ਉਹ ਥੋਹੜਾ ਘਬਰਾਈ।

'ਆ ਜਾ, ਆ ਜਾ ਪੁੱਤ, ਬੁਰਾ ਨਾ ਮਨਾਈਂ, ਤੂੰ ਮੇਰੀ ਧੀ ਏ, ਮੈਂ ਘਰ ਵੀ ਧੀਆ ਕੋਲ ਏਸੇ ਤਰ੍ਹਾਂ ਬੈਠ ਕੇ ਕੰਮ ਕਰਦਾਂ।' ਉਨ੍ਹਾਂ ਦੀ ਇਹ ਗੱਲ ਸੁਣ ਕੇ ਸਟੈਨੋ ਸਹਿਜ ਹੋ ਗਈ ਤੇ ਡਿਕਟੇਸ਼ਨ ਲੈ ਕੇ ਚਲੇ ਗਈ।

ਕੁਝ ਚਿਰ ਬਾਅਦ ਪਤਾ ਨਹੀਂ ਉਨ੍ਹਾਂ ਨੂੰ ਕੀ ਯਾਦ ਆਇਆ, 'ਪਤਾ ਨਹੀਂ ਫਿਰ ਟਾਈਮ ਲੱਗੇ ਕਿ ਨਾ' ਕਹਿੰਦਿਆਂ ਉਨਾਂ ਚਪੜਾਸੀ ਨੂੰ ਆਵਾਜ਼ ਮਾਰੀ। ਚਪੜਾਸੀ ਅੰਦਰ ਆਇਆ ਤਾਂ ਆਪਣੀ ਪੱਗ ਉਸਨੂੰ ਦੇਂਦਿਆ ਕਿਹਾ, 'ਕਾਕਾ ,ਜਾਹ ਇਸਨੂੰ ਬਜ਼ਾਰੋਂ ਮਾਇਆ ਲਵਾ ਲਿਆ।' ਚਪੜਾਸੀ ਪੱਗ ਲੈ ਕੇ ਚਲੇ ਗਿਆ।

ਦਸਾਂ ਕੁ ਮਿੰਟਾਂ ਬਾਅਦ ਸੂਬਾ ਸਿੰਘ ਹੁਰਾਂ ਨੂੰ ਸੁਨੇਹਾ ਮਿਲਿਆ ਕਿ ਉਹ ਜਲਦੀ ਜਾ ਕੇ ਵੀ. ਸੀ. ਹੁਰਾਂ ਨੂੰ ਮਿਲਣ ਕੋਈ ਜ਼ਰੂਰੀ ਕੰਮ ਹੈ। ਸਰਦਾਰ ਹੁਰਾਂ ਕਮੀਜ਼ ਪਾ ਲਈ ਪਰ ਪੱਗ ਤਾਂ ਹੈ ਨਹੀਂ ਸੀ, ਪੈ ਗਈ ਹੱਥਾਂ ਪੈਰਾਂ ਦੀ, ਉਹ ਫਟਾ ਫਟ ਉਠੇ ਤੇ ਜੋ ਨਾਲ ਦੀ ਸੀਟ ਤੇ ਸਿੰਘ ਕੰਮ ਕਰ ਰਿਹਾ ਸੀ, ਉਸਦੇ ਸਿਰ ਤੋਂ ਪੱਗ ਲਾਹ ਕੇ ਆਪਣੇ ਸਿਰ ਉਤੇ ਰੱਖੀ ਤੇ ਵੀ. ਸੀ. ਹੁਰਾਂ ਨੇ ਮਿਲਣ ਚਲੇ ਗਏ। ਸਾਰੇ ਹੈਰਾਨੀ ਨਾਲ ਉਨ੍ਹਾਂ ਵੱਲ ਦੇਖਦੇ ਰਹਿ ਗਏ ਕਿ ਕਿਸ ਸਫਾਈ ਨਾਲ ਮੌਕਾ ਸਾਂਭ ਲਿਆ।

ਏਸੇ ਤਰ੍ਹਾਂ ਜਦੋਂ ਉਹ ਦੂਜੀ ਸੰਸਾਰ ਜੰਗ ਸਮੇਂ ਜਪਾਨੀਆਂ ਦੀ ਕੈਦ ਵਿਚ ਸਨ ਤਾਂ ਜਪਾਨੀ ਸਾਰੇ ਕੈਦੀਆਂ ਨੂੰ ਪੁੱਛਿਆ ਤੂੰ ਅੰਗਰੇਜ਼ਾਂ ਨੂੰ ਪਿਆਰ ਕਰਦਾਂ। ਜਿਹੜਾ ਕੈਦੀ ਨਾਂਹ 'ਚ ਜੁਆਬ ਦਿੰਦਾ ਸੀ ਉਸ ਦੇ ਵੀ ਜਪਾਨੀ ਮੂੰਹ ਤੇ ਚਪੇੜਾਂ ਮਾਰਦੇ ਤੇ ਜਿਹੜਾ ਹਾਂ ਕਹਿੰਦਾ ਸੀ ਉਸ ਦੇ ਮੂੰਹ ਉਤੇ ਵੀ ਚਪੇੜ ਪੈਂਦੀ। ਸੂਬਾ ਸਿੰਘ ਹੁਰੀਂ ਸੋਚਣ ਲੱਗ ਪਏ ਕਿ ਇਸ ਬਿਪਤਾ ਤੋਂ ਕਿਵੇਂ ਬਚਿਆ ਜਾਏ। ਜਦੋਂ ਉਨਾਂ ਦੀ ਵਾਰੀ ਆਈ ਤਾਂ ਜਪਾਨੀ ਨੇ ਪੁੱਛਿਆ 'ਤੂੰ ਅੰਗਰੇਜ਼ਾਂ ਨੂੰ ਪਿਆਰ ਕਰਦਾਂ? ਤਾਂ ਸੂਬਾ ਸਿੰਘ ਹੁਰਾਂ ਹੱਸ ਕੇ ਕਿਹਾ 'ਹਾਂ, ਇੰਗਲਿਸ਼ ਲੇਡੀਜ਼ ਨੂੰ। ਸੂਬਾ ਸਿੰਘ ਦੀ ਗੱਲ ਸੁਣ ਕੇ ਜਪਾਨੀ ਬਹੁਤ ਹੱਸਣ ਲੱਗੇ। ਤੇ ਬਾਕੀਆਂ ਨੂੰ ਕਹਿਣ ਲੱਗੇ ਦੇਖੋ ਇਹ ਭਾਰਤੀ ਅੰਗਰੇਜ਼ ਔਰਤਾਂ ਨੂੰ ਪਿਆਰ ਕਰਦਾ।' ਸੂਬਾ ਸਿੰਘ ਤੇ ਉਨ੍ਹਾਂ ਤੋਂ ਅਗਲੇ ਸਾਰੇ ਕੈਦੀ ਜਪਾਨੀਆਂ ਦੀਆਂ ਚਪੇੜਾਂ ਤੋਂ ਬਚ ਗਏ।



Namdhari Elibrary NamdhariElibrary@gmail.com

# ਵਿਸ਼ਵ ਹਾਕੀ ਟੀਮ 'ਚ ਨਾਮਧਾਰੀ ਹੀਰੋ ਸਰਦਾਰਾ ਸਿੰਘ

*—ਕੁਲਦੀਪ ਸਿੰਘ ਪੱਟੀ*

ਵਿਸ਼ਵ ਹਾਕੀ ਦੀ ਹਾਲੇ ਵੀ ਪ੍ਰੇਰਨਾ ਸਰੋਤ ਭਾਰਤੀ ਹਾਕੀ ਟੀਮ ਜੋ ਕਿ ਉਲੰਪਿਕ ਵਿਚ ੮ ਵਾਰ ਰਿਕਾਰਡ ਚੈਂਪੀਅਨ ਹੈ। ੧੯੮੦ ਦੀ ਮਾਸਕੋ ਉਲੰਪਿਕ ਪਿਛੋਂ ਉਨਤੀ ਕਰਕੇ ਭਾਵੇਂ ੨੦੧੧ ਤੱਕ ਹਾਕੀ ਦੇ ਅਨੇਕਾਂ ਪਤਨਾਂ ਵਿਚੋਂ ਲੰਘੀ ਹੈ। ਪਰ ੨੦੧੧ ਵਿਚ ਭਾਰਤੀ ਹਾਕੀ ਲਈ ਇਹ ਖੁਸ਼ਖਬਰੀ ਤੇ ਨਾਮਧਾਰੀ ਭਾਰਤੀ ਸਮਾਜ ਲਈ ਇਹ ਵੱਡੀ ਇਤਿਹਾਸਕ ਹਾਕੀ ਖੇਡ ਪ੍ਰਾਪਤੀ ਕਿ ਭਾਰਤੀ ਹਾਕੀ ਉਲੰਪੀਅਨ ਤੇ ਕੌਮਾਂਤਰੀ ਹਾਕੀ ਖਿਡਾਰੀ ਸਰਦਾਰਾ ਸਿੰਘ ਵਿਸ਼ਵ ਹਾਕੀ ਇਲੈਵਨ ਟੀਮ ਵਿਚ ੨੦੧੧ ਵਿਚ ਚੁਣਿਆ ਗਿਆ ਹੈ। ਇਹ ਸਰਦਾਰਾ ਸਿੰਘ ਦੀ ਪ੍ਰਾਪਤ ਨਾਮਧਾਰੀ ਹਾਕੀ ਨਰਸਰੀ ਭੈਣੀ ਸਾਹਿਬ ਤੇ ਜੀਵਨ ਸਿੰਘ ਨਗਰ ਸਿਰਸਾ ਹਰਿਆਣਾ ਲਈ ਪ੍ਰੇਰਨਾ ਸਰੋਤ ਹੈ ਕਿ ਜੇ ਹਾਕੀ ਦਾ ਸੰਘਰਸ਼ ਨਿਰੰਤਰ ਜਾਰੀ ਰੱਖਿਆ ਜਾਵੇ ਤਾਂ ਨਾਮਧਾਰੀ ਕੂਕੇ ਸਤਿਗੁਰੂ ਜਗਜੀਤ ਸਿੰਘ ਜੀ ਦੀ ਅਸ਼ੀਰਵਾਦ ਪ੍ਰਾਪਤ ਕਰਕੇ ਵਿਸ਼ਵ ਪੱਧਰੀ ਹਾਕੀ ਖੰਡੇ ਖੜਕਾ ਸਕਦੇ ਹਨ। ਸਰਦਾਰਾ ਸਿੰਘ ਨਾਮਧਾਰੀ ਦੀ ਇਹ ਪ੍ਰਾਪਤੀ ਲਈ ਨਾਮਧਾਰੀ ਵਧਾਈ ਦੇ ਹੱਕਦਾਰ ਹਨ।

ਹਾਲ ਹੀ ਵਿਚ ਬੈਲਜੀਅਮ ਦੇਸ਼ ਜੋ ਕਿ ਯੂਰਪੀ ਖਿਤੇ ਦਾ ਅਹਿਮ ਹਾਕੀ ਦੇਸ਼ ਹੈ ਤੇ ਭਾਰਤੀ ਹਾਕੀ ਟੀਮ ਕੌਮਾਂਤਰੀ ਮੈਚ ਵਿਚ ਬੈਲਜੀਅਮ ਹੱਥੋਂ ਹਾਰ ਵੀ ਚੁੱਕੀ ਹੈ ਪਰ ਸਾਲ ੨੦੧੧ ਵਿਚ ਬੈਲਜੀਅਮ ਹਾਕੀ ਟੀਮ ਵਿਚ ਭਾਰਤੀ ਹਾਕੀ ਸਿਤਾਰੇ ਤੇ ਸਾਬਕਾ ਹਾਕੀ ਕਪਤਾਨ ਸ. ਸਰਦਾਰਾ ਸਿੰਘ ਨੂੰ ਬੈਲਜੀਅਮ ਲੀਗ ਦਾ ਸਰਵੋਤਮ ਖਿਡਾਰੀ ਵਧੀਆ ਧਾਵਕ ਤੇ ਚੰਗਾ ਮੱਧ ਰੱਖਿਆ ਪੰਕਤੀ ਖਿਡਾਰੀ ਹੋਣ ਕਰਕੇ ਚੁਣਿਆ ਗਿਆ ਹੈ। ਸਰਦਾਰਾ ਸਿੰਘ ਜੋ ਕਿ ਕੇ. ਐਚ. ਸੀ. ਲੂਵਨ ਬੈਲਜੀਅਮ ਦੀ ਹਾਕੀ ਟੀਮ ਵਿਚ ਭਾਰਤੀ ਹਾਕੀ ਟੀਮ ਦੇ ਕਪਤਾਨ ਪੈਲਨਟੀ ਕਾਰਨਰ ਬਾਦਸ਼ਾਹ ਸੰਦੀਪ ਸਿੰਘ ਸ਼ਾਹਬਾਦ ਮਾਰਕੰਡਾ ਨਾਲ ਖੇਡਿਆ ਹੈ ਦੋਵਾਂ ਹੀ ਪੰਜਾਬੀ ਸਿੱਖ ਹਾਕੀ ਯੋਧਿਆਂ ਨੇ ਕਮਾਲ ਦੀ ਹਾਕੀ ਖੇਡ ਖੇਡੀ ਹੈ। ਸਰਦਾਰਾ ਸਿੰਘ ਉਤਮ ਖਿਡਾਰੀ ਤੇ ਸੰਦੀਪ ਸਿੰਘ ੧੪ ਗੋਲ ਕਰਕੇ ਦੋ ਹੈਡਿਕਾ ਨਾਲ ਬੈਲਜੀਅਮ ਲੀਗ ਦਾ ਸਰਵੋਤਮ ਗੋਲ ਦਾਗੂ ਬਣਿਆ ਹੈ। ਭਾਰਤੀ ਹਾਕੀ ਖਿਡਾਰੀ ਚਿਰਾਂ ਪਿਛੋਂ ਫਿਰ ਵਿਸ਼ਵ ਹਾਕੀ ਇਲੈਵਨ ਵਿਚ ਚੁਣਿਆ ਗਿਆ ਹੈ। ਪੱਟੀ ਨੂੰ ਚੇਤੇ ਹੈ ਕਿ ਭਾਰਤੀ ਹਾਕੀ ਖਿਡਾਰੀ ਹਰਮੀਕ ਸਿੰਘ ਵੀ ਵਿਸ਼ਵ ਇਲੈਵਨ ਵਿਚ ਚੁਣਿਆ ਗਿਆ ਸੀ ਤੇ ਹੁਣ ਸਰਦਾਰਾ ਸਿੰਘ ਦੀ ਸਰਦਾਰੀ ੨੦੧੧ ਅਹਿਮ ਹੈ।

ਹਾਕੀ ਆਲੋਚਕ ਪੱਟੀ ਦਾ ਪੱਖ ਹੈ ਕਿ ਭਾਰਤ ਦੀ ਹਾਕੀ ਟੀਮ ਵਿਚ ਜੇ ਇਹ ਦੋ ਹਾਕੀ ਟੀਮ ਹੀਰੋ ਸਰਦਾਰਾ ਸਿੰਘ ਤੇ ਸੰਦੀਪ ਸਿੰਘ ਦਸੰਬਰ ਮਹੀਨੇ ਭਾਰਤ ਵਿਚ ਹੋਣ ਵਾਲੀ ਚੈਂਪੀਅਨਜ਼ ਟਰਾਫੀ ਦਿੱਲੀ ਲਈ ਹਾਕੀ ਇੰਡੀਆ ਦੀ ਚੋਣ ਕਮੇਟੀ ਵਲੋਂ ਚੁਣੇ ਜਾਂਦੇ ਹਨ ਤਾਂ ਭਾਰਤੀ ਹਾਕੀ ਟੀਮ ਚੈਂਪੀਅਨਜ਼ ਟਰਾਫੀ ਵਿਚ ਚੰਗੀ ਕਾਰਗੁਜ਼ਾਰੀ ਵਿਖਾ ਸਕਦੀ ਹੈ। ਜੇ ਨਾਮਧਾਰੀ ਹਾਕੀ ਹੀਰੋ ਸਰਦਾਰਾ ਸਿੰਘ ਨੂੰ ਫਰਵਰੀ ਮਹੀਨੇ ਦਿੱਲੀ ਹੋਣ ਵਾਲੀ ੨੦੧੨ ਉਲੰਪਿਕ ਹਾਕੀ ਯੋਗਤਾਪਾਰ ਲਈ ਭਾਰਤੀ ਹਾਕੀ ਟੀਮ ਵਿਚ ਦਾਖਲ ਕੀਤਾ ਜਾਂਦਾ ਹੈ ਤਾਂ ਸੰਭਵ ਹੈ ਕਿ ਸਰਵੋਤਮ ਗੋਲ ਦਾਗੂ ਸੰਦੀਪ ਸਿੰਘ ਨਾਲ ਭਾਰਤੀ ਹਾਕੀ ਟੀਮ ਲੰਡਨ ਓਲੰਪਿਕ ਲਈ ਯੋਗਤਾ ਪਾਰ ਕਰ ਜਾਵੇ।

ਭਾਰਤੀ ਹਾਕੀ ਦਾ ਤਕਨੀਕੀ ਮੁੱਦਾ ਇਹ ਹੈ ਕਿ ਵਿਸ਼ਵ ਹਾਕੀ ਸੰਘ ਦਾ ਪ੍ਰਧਾਨ ਲੀਏਂਡਰ ਨੇਸਰੇ ਭਾਰਤ ਨੂੰ ਹਾਕੀ ਧੁਰੇ ਵਜੋਂ ਵਿਕਸਤ ਕਰਨ ਲਈ ਸੰਘਰਸ਼ਸ਼ੀਲ ਹੈ। ਉਹ ਭਾਰਤ ਵਿਚ ੨੦੧੩ ਵਿਚ ਵਿਸ਼ਵ ਹਾਕੀ ਕਲੱਬ ਮੁਕਾਬਲ ਕਰਾਉਣਾ ਚਾਹੁੰਦੇ ਹਨ ਜੋ ਕਿ ੨੦੧੦ ਵਿਚ ਦਿੱਲੀ ਨਹੀਂ ਸੀ ਕਰਵਾ ਸਕੇ। ਭਾਰਤੀ ਹਾਕੀ ਟੀਮ ਦੇ ਨਾਮਧਾਰੀ ਸਰਦਾਰਾ ਸਿੰਘ ਨੂੰ ਬੈਲਜੀਅਮ-ਯੂਰਪੀ ਹਾਕੀ ਲੀਗ ਸਮੇਂ ਚੰਗਾ ਖੇਡਦਿਆਂ ਵੇਖ ਕੇ ਵਿਸ਼ਵ ਹਾਕੀ ਟੀਮ ਸ਼ਾਮਲ ਕੀਤਾ ਹੈ। ਨਾਮਧਾਰੀ ਹਾਕੀ ਵਿਚ ਹਾਲੇ ਹੋਰ ਅਨੇਕਾਂ ਹਾਕੀ ਯੋਧੇ ਸਿਖਿਅਤ ਹੋ ਰਹੇ ਹਨ ਜੋ ਵਿਸ਼ਵ ਪੱਧਰੀ ਮਾਅਰਕੇ ਮਾਰਨਗੇ।

੨੦੧੧ ਦੀ ਸਰਦਾਰਾ ਸਿੰਘ ਦੀ ਬੈਲਜੀਅਮ ਯੂਰਪੀ ਹਾਕੀ ਲੀਗ ਦੀ ਸਰਵੋਤਮ ਖਿਡਾਰੀ ਚੋਣ ਤੇ ਵਿਸ਼ਵ ਹਾਕੀ ਟੀਮ ਸ਼ਮੂਲੀਅਤ ਨੇ ਨਾਮਧਾਰੀ ਜਗਤ ਦਾ ਹਾਕੀ ਵਿਚ ਝੰਡਾ ਬੁਲੰਦ ਕੀਤਾ ਹੈ। ਨਾਮਧਾਰੀ ਦੇਸ਼ ਭਗਤ ਜੁਝਾਰੂ ਹਨ ਤੇ ਤੋਪਾਂ ਅੱਗੇ ਸ਼ਹੀਦੀ ਪ੍ਰਾਪਤੀ ਇਤਿਹਾਸਕ ਮਿਸਾਲ ਹੈ ਹੁਣ ਨਾਮਧਾਰੀ ਹਾਕੀ ਵਾਲੇ ਕਿਲਰ ਇਨਸਟਿਕਟ ਨਾਲ ਖੇਡ ਰਹੇ ਹਨ ਤੇ ਭਾਰਤੀ ਹਾਕੀ ਦਾ ਨਾਮ ਰੋਸ਼ਨ ਕਰ ਰਹੇ ਹਨ। ਜੇ ਭਵਿੱਖ ਵਿਚ ਨਾਮਧਾਰੀ ਬਾਬਿਆਂ ਦੇ ਨਾਲ ਨਾਮਧਾਰੀ ਬੀਬੀਆਂ ਦੀ ਹਾਕੀ ਟੀਮ ਵੀ ਨਾਮਧਾਰੀ ਪ੍ਰਬੰਧਕ ਤਿਆਰ ਕਰ ਲੈਣ ਤਾਂ ਭਾਰਤੀ ਹਾਕੀ ਦਾ ਕੌਮੀ ਤੇ ਕੌਮਾਂਤਰੀ ਮਿਆਰ ਵਿਚ ਕੌਮਾਂਤਰੀ ਮੁਕਾਬਲੇ ਜਿੱਤਣ ਵਾਲਾ ਹੋ ਸਕਦਾ ਹੈ। ਪੱਟੀ ਨੇ ਨਾਮਧਾਰੀ ਹਾਕੀ ਟੀਮ ਨੂੰ ਓਲੰਪੀਅਨ ਸੁਰਜੀਤ ਸਿੰਘ ਹਾਕੀ ਮੁਕਾਬਲਾ ਜਲੰਧਰ ਖੇਡਦਿਆਂ ਵੀ ਵੇਖਿਆ ਹੈ। ਨਾਮਧਾਰੀ ਹਾਕੀ ਟੀਮ ਵਿਚ ਨਿਵੇਕਲਾ ਹਾਕੀ ਸਟਾਈਲ, ਸਟਿਕ ਵਰਕ, ਸਕੋਰਿਂਗ ਪਾਵਰ, ਸੁਪੀਡ, ਸਟੈਮਨਾ ਤੇ ਲੰਮਾ ਹਾਕੀ ਦਾਈਆ ਹੈ। ਨਾਮਧਾਰੀ ਸਰਦਾਰਾ ਸਿੰਘ ਦੀ ਵਿਸ਼ਵ ਹਾਕੀ ਪ੍ਰੇਰਨਾ ਨਾਮਧਾਰੀ ਹਾਕੀ ਟੀਮ ਲਈ ਪ੍ਰੇਰਨਾ ਸਰੋਤ ਹੈ। ਨਾਮਧਾਰੀ ਹਾਕੀ ਆਪਣੇ ਮਿਸ਼ਨ ਤੇ ਸੰਘਰਸ਼ ਜਾਰੀ ਰੱਖੇ ਪੱਟੀ ਦੀ ਇਕੋ ਨੇਕ ਸਲਾਹ ਹੈ।



Namdhari Elibrary NamdhariElibrary@gmail.com

# ਖ਼ਬਰਨਾਮਾ

## ਹਾਕੀ ਨੂੰ 'ਵਿਸ਼ੇਸ਼ ਰੁੱਤਬਾ' ਦਿਵਾਉਣ ਲਈ ਪ੍ਰਗਟ ਨੇ ਦਿੱਤੀ ਭੁੱਖ ਹੜਤਾਲ ਦੀ ਧਮਕੀ

ਭਾਰਤੀ ਹਾਕੀ ਦੇ ਸਾਬਕਾ ਕਪਤਾਨ ਪਰਗਟ ਸਿੰਘ ਨੇ ਹਾਕੀ ਨੂੰ ਬਤੌਰ ਰਾਸ਼ਟਰੀ ਖੇਡ 'ਸਪੈਸ਼ਲ ਸਟੇਟਸ' ਦੇਣ ਦੀ ਮੰਗ ਕਰਦਿਆਂ ਹੋਇਆ ਕਿਹਾ ਕਿ ਮੌਜੂਦਾ ਸਥਿਤੀ ਵਿਚ ਟੀਮ ਦਾ ਉਲੰਪਿਕ ਦੇ ਲਈ ਕੁਆਲੀਫਾਈ ਕਰ ਸਕਣਾ ਅਸੰਭਵ ਹੈ। ਉਸਨੇ ਧਮਕੀ ਦਿੱਤੀ ਹੈ ਕਿ ਜੇਕਰ ਹਾਲਾਤ ਨਹੀਂ ਸੁਧਰੇ ਤਾਂ ੨੯ ਅਗਸਤ ਨੂੰ ਰਾਸ਼ਟਰੀ ਖੇਡ ਦਿਵਸ ਦੇ ਮੌਕੇ 'ਤੇ ਉਹ ਭੁੱਖ ਹੜਤਾਲ 'ਤੇ ਚਲੇ ਜਾਣਗੇ। ਹਾਲਾਂਕਿ ਉਸ ਨੇ ਭਾਰਤੀ ਹਾਕੀ ਤੋਂ ਅਸਤੀਫਾ ਦੇਣ ਦੀ ਸੰਭਾਵਨਾ ਤੋਂ ਇਨਕਾਰ ਕੀਤਾ ਹੈ।

ਪਰਗਟ ਨੇ ਕਿਹਾ ਕਿ ਹਾਕੀ ਦੀ ਦਿਸ਼ਾ ਇਸ ਦੇਸ਼ ਵਿਚ ਫੁੱਟਬਾਲ ਦੀ ਤਰ੍ਹਾਂ ਹੋ ਗਈ ਹੈ, ਜਿਸ ਨੂੰ ਕਦੇ ਭਾਰਤੀ ਹਾਕੀ ਤੇ ਕਦੇ ਮੰਤਰਾਲਾ ਕਿੱਕ ਮਾਰ ਰਿਹਾ ਹੈ। ਜੇਕਰ ਇਹੀ ਹਾਲ ਰਿਹਾ ਤਾਂ ਮੈਨੂੰ ਨਹੀਂ ਲੱਗਦਾ ਕਿ ਅਸੀਂ ਲੰਡਨ ਉਲੰਪਿਕਸ ੨੦੧੨ ਦੇ ਲਈ ਕੁਆਲੀਫਾਈ ਕਰ ਸਕਾਂਗੇ। ਭਾਰਤੀ ਹਾਕੀ ਦੀ ਵਿਕਾਸ ਸੰਮਤੀ ਦੇ ਪ੍ਰਧਾਨ ਪ੍ਰਗਟ ਸਿੰਘ ਨੇ ਕਿਹਾ ਕਿ ਪਿਛਲੇ ਛੇ ਮਹੀਨਿਆਂ ਵਿਚ ਹਾਲਾਤ ਪਹਿਲਾਂ ਵਰਗੇ ਹੀ ਹਨ ਅਤੇ ਉਨ੍ਹਾਂ ਦੇ ਕਿਸੇ ਸੁਝਾਅ 'ਤੇ ਅਮਲ ਨਹੀਂ ਕੀਤਾ ਗਿਆ। ਇਸ ਦੇ ਬਾਵਜੂਦ ਉਸ ਨੇ ਅਹੁਦੇ ਤੋਂ ਅਸਤੀਫਾ ਦੇਣ ਤੋਂ ਇਨਕਾਰ ਕਰਦਿਆਂ ਕਿਹਾ ਕਿ ਮੈਂ ਵਿਵਸਥਾ ਵਿਚ ਰਹਿ ਕੇ ਹੀ ਸੁਧਾਰ ਕਰ ਸਕਦਾ ਹਾਂ। ਜਦੋਂ ਤੱਕ ਮੈਨੂੰ ਬਦਲਾਅ ਦੀ ਸਥਿਤੀ ਦਿਖਾਈ ਦੇਵੇਗੀ ਮੈਂ ਅਹੁਦੇ 'ਤੇ ਰਹਾਂਗਾ। ਉਸ ਨੇ ਖੇਡ ਮੰਤਰਾਲੇ ਨੂੰ ਹਾਕੀ ਨੂੰ 'ਰਾਸ਼ਟਰੀ ਸਪੋਰਟਸ' ਦੇ ਤੌਰ 'ਤੇ ਵਿਸ਼ੇਸ਼ ਦਰਜਾ ਦੇਣ ਦੀ ਮੰਗ ਕੀਤੀ ਹੈ। ਸਾਬਕਾ ਕਪਤਾਨ ਨੇ ਕਿਹਾ, 'ਰਾਸ਼ਟਰੀ ਪ੍ਰਤੀਕ ਚਿੰਨ੍ਹਾਂ', ਰਾਸ਼ਟਰੀ ਗੀਤ, ਪੰਛੀ ਜਾਂ ਧਵਜ ਦੀ ਤਰ੍ਹਾਂ ਹਾਕੀ ਨੂੰ ਵੀ ਵਿਸ਼ੇਸ਼ ਦਰਜਾ ਦਿੱਤਾ ਜਾਣਾ ਚਾਹੀਦਾ ਹੈ। ਇਸ ਤੋਂ ਇਲਾਵਾ ਅਗਲੇ ਪੰਜ ਸਾਲਾਂ ਵਿਚ ਘੱਟ ਤੋਂ ਘੱਟ ੫੦੦ ਐਸਟਰੋਟਰਫ ਵਿਛਾਏ ਜਾਣ ਦੀ ਜ਼ਰੂਰਤ ਹੈ। ਉਸਨੇ ਕਿਹਾ ਕਿ ਮੈਂ ਸੁਪਰੀਮ ਕੋਰਟ ਨੂੰ ਵੀ ਬੇਨਤੀ ਕਰਾਂਗਾ ਕਿ ਹਾਕੀ ਨਾਲ ਜੁੜੇ ਸਾਰੇ ਮਸਲਿਆਂ ਨੂੰ ਜਲਦੀ ਨਬੇੜਿਆ ਜਾਵੇ। ਇਸ ਤੋਂ ਇਲਾਵਾ ਲੋਕ ਸਭਾ ਵਿਚ ਹਾਕੀ 'ਤੇ ਬਹਿਸ ਕਰਨ ਲਈ ਵੀ ਸੰਸਦ ਅੱਗੇ ਬੇਨਤੀ ਕਰਾਂਗੇ। ਪਰਗਟ ਸਿੰਘ ਨੇ ਕਿਹਾ ਕਿ ਇਸ ਦੇ ਬਾਵਜੂਦ, ਸੁਧਾਰ ਨਹੀਂ ਹੋਇਆ ਤਾਂ ੨੯ ਅਗਸਤ ਨੂੰ ਰਾਸ਼ਟਰੀ ਖੇਡ ਦਿਵਸ 'ਤੇ ਭੁੱਖ ਹੜਤਾਲ ਤੇ ਜਾਣ ਦੀ ਤਿਆਰੀ ਹੈ। ਪ੍ਰਗਟ ਨੇ ਕਿਹਾ, "ਇਸ ਭੁੱਖ ਹੜਤਾਲ ਵਿਚ ਮੈਂ ਸਾਰੇ ਉਲੰਪੀਅਨ ਅਤੇ ਹਾਕੀ ਪ੍ਰੇਮੀਆਂ ਨੂੰ ਸ਼ਾਮਲ ਹੋਣ ਦੀ ਦਰਖਾਸਤ ਕਰਾਂਗਾ। ਉਸ ਨੇ ਮੀਡੀਆ ਤੋਂ ਵੀ 'ਸੇਵ ਹਾਕੀ' ਨੂੰ ਸੇਵ ਟਾਈਗਰ ਅਭਿਆਨ ਦੀ ਤਰ੍ਹਾਂ ਲੋਕਪ੍ਰਿਯ ਬਣਾਉਣ ਦੀ ਬੇਨਤੀ ਕਰਦਿਆਂ ਹੋਇਆਂ ਮੀਡੀਆ ਦੀ ਵਜ੍ਹਾ ਕਰਕੇ ਹੀ ਸੇਵ ਟਾਈਗਰ ਅਭਿਆਨ ਰਾਸ਼ਟਰੀ ਮਸਲਾ ਬਣ ਗਿਆ। ਇਸੇ ਤਰ੍ਹਾਂ ਹਾਕੀ ਨੂੰ ਵੀ ਬਚਾਉਣ ਲਈ ਮੀਡੀਆ ਨੂੰ ਅੱਗੇ ਆਉਣਾ ਚਾਹੀਦਾ ਹੈ।

## ਤਰਲੋਚਣ ਲੋਚੀ ਦੀਆਂ ਗ਼ਜ਼ਲਾਂ ਦੀ ਐਲਬਮ 'ਸਰਵਰ' ਰਿਲੀਜ਼

ਜਲੰਧਰ – ਉੱਘੇ ਸ਼ਾਇਰ ਤਰਲੋਚਣ ਲੋਚੀ ਦੀਆਂ ਗ਼ਜ਼ਲਾਂ ਦੀ ਐਲਬਮ 'ਸਰਵਰ' ੨੯ ਮਈ ੨੦੧੧ ਨੂੰ ਪ੍ਰੈੱਸ ਕਲੱਬ ਜਲੰਧਰ ਵਿਖੇ ਪੰਜਾਬੀ ਸਾਹਿਤ ਅਕੈਡਮੀ ਲੁਧਿਆਣਾ ਦੇ ਪ੍ਰਧਾਨ ਗੁਰਭਜਨ ਗਿੱਲ, ਉੱਘੇ ਸਾਹਿਤਕਾਰ ਕੁਲਦੀਪ ਸਿੰਘ ਬੇਦੀ, ਆਰ. ਐਨ. ਸਿੰਘ, ਜਗਦੀਸ਼ ਸਿੰਘ ਵਰਿਆਮ, ਤਾਰਾ ਸਿੰਘ ਅਨਜਾਣ, ਮਨਜਿੰਦਰ ਸਿੰਘ ਧਨੋਆ ਵੱਲੋਂ ਰਿਲੀਜ਼ ਕੀਤੀ ਗਈ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ੍ਰੀ ਲੋਚੀ ਨੇ ਕਿਹਾ ਕਿ ਉਹ ਨਾ ਪ੍ਰੋਫੈਸ਼ਨਲ ਗਾਇਕ ਹਨ ਅਤੇ ਨਾ ਹੀ ਉਨ੍ਹਾਂ ਕਦੇ ਗਾਇਕੀ ਨੂੰ ਪੈਸਾ ਕਮਾਉਣ ਦਾ ਜ਼ਰੀਆ ਬਣਾਉਣ ਬਾਰੇ ਸੋਚਿਆ ਹੈ। ਬਸ ਉਨ੍ਹਾਂ ਨੇ ਆਪਣੇ ਮਨ ਦੇ ਵਲਵਲੇ ਇਸ ਐਲਬਮ ਜ਼ਰੀਏ ਸਰੋਤਿਆਂ ਦੇ ਰੂਬਰੂ ਕੀਤੇ ਹਨ। ਉਨ੍ਹਾਂ ਕਿਹਾ ਕਿ 'ਸਰਵਰ' 'ਚ ਸ਼ਾਮਿਲ ਰਚਨਾਵਾਂ ਦੀ ਚੋਣ ਵੇਲੇ ਉੱਘੇ ਸ਼ਾਇਰਾਂ ਨਾਲ ਸਲਾਹ-ਮਸ਼ਵਰੇ ਕੀਤੇ ਗਏ ਅਤੇ ਬਾਅਦ 'ਚ ਗੁਰਭਜਨ ਗਿੱਲ, ਮਨਜਿੰਦਰ ਧਨੋਆ, ਸਤੀਸ਼ ਗੁਲਾਟੀ ਤੇ ਮੇਰੀਆਂ ਖੁਦ ਦੀਆਂ ਗ਼ਜ਼ਲਾਂ ਨੂੰ ਇਸ ਵਿਚ ਦਰਜ ਕੀਤਾ ਗਿਆ ਹੈ। ਸ੍ਰੀ ਲੋਚੀ ਨੇ ਕਿਹਾ ਕਿ 'ਸਰਵਰ' ਦਾ ਸੰਗੀਤ ਅਤੁਲ-ਜੁਆਏ ਵੱਲੋਂ ਤਿਆਰ ਕੀਤਾ ਗਿਆ ਹੈ ਅਤੇ ਇਸ ਨੂੰ ਰਿਲੀਜ਼ 'ਟਿੰਗ ਲਿੰਗ ਰਿਕਾਰਡਜ਼' ਵੱਲੋਂ ਕੀਤਾ ਗਿਆ ਹੈ ਤੇ ਇਸ 'ਚ ੮ ਗ਼ਜ਼ਲਾਂ ਹਨ। ਅਜੋਕੀ ਗਾਇਕੀ ਬਾਰੇ ਗੱਲਬਾਤ ਕਰਦਿਆਂ ਸ੍ਰੀ ਗੁਰਭਜਨ ਗਿੱਲ ਨੇ ਕਿਹਾ ਕਿ ਪੰਜਾਬੀ ਗਾਇਕੀ ਗੰਡਾਸੀਆਂ, ਗਲਾਸੀਆਂ ਅਤੇ ਵੈਲੀਆਂ ਦੁਆਲੇ ਕੇਂਦਰਿਤ ਹੋ ਕੇ ਰਹਿ ਗਈ ਹੈ। ਟੀ. ਵੀ 'ਤੇ ਬੰਦੇ ਮਾਰਨ, ਕੁੜੀਆਂ ਚੁੱਕ ਕੇ ਲਿਜਾਣ, ਵੱਢ-ਵਢਾਂਗੇ ਅਤੇ ਮਾਪਿਆਂ ਨਾਲ ਧੋਖਾ ਕਰਨ ਦੇ ਗੁਰ ਸਿਖਾਉਣ ਵਾਲੇ ਗੀਤ ਚੱਲ ਰਹੇ ਹਨ ਤੇ ਅਸੀਂ ਸਾਰੇ ਇਨ੍ਹਾਂ ਨੂੰ ਖੁਸ਼ੀ-ਖੁਸ਼ੀ ਮਾਣ ਰਹੇ ਹਾਂ। ਚਾਹੀਦਾ ਤਾਂ ਇਹ ਹੈ ਕਿ ਅਜਿਹੇ ਗਾਉਣ ਵਾਲਿਆਂ ਨੂੰ ਲੰਮੇ ਹੱਥੀਂ ਲਿਆ ਜਾਵੇ। ਇਸ ਮੌਕੇ ਇਨ੍ਹਾਂ ਤੋਂ ਇਲਾਵਾ ਹੋਰ ਪਤਵੰਤੇ ਸੱਜਣ ਵੀ ਹਾਜ਼ਰ ਸਨ।

## ਜਲੰਧਰ ਵਿਚ ਸ਼ਹੀਦੀ ਪੁਰਬ

### ਸੈਂਟਰਲ ਟਾਊਨ

ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦਾ ਸ਼ਹੀਦੀ ਪੁਰਬ ਨਾਮਧਾਰੀ ਧਰਮਸਾਲਾ ਸੈਂਟਰਲ ਟਾਊਨ, ਲਾਡੋਵਾਲੀ ਰੋਡ ਜਲੰਧਰ ਵਿਚ ਨਿਰਧਾਰਤ ਦਿਨ ੫ ਜੂਨ ੨੦੧੧ ਐਤਵਾਰ ਨੂੰ ਬਹੁਤ ਸ਼ਰਧਾ ਅਤੇ ਉਤਸ਼ਾਹ ਸਹਿਤ ਜਲੰਧਰ ਸ਼ਹਿਰ ਦੀ ਸਮੁੱਚੀ ਨਾਮਧਾਰੀ ਸੰਗਤ ਵਲੋਂ ਮਨਾਇਆ ਗਿਆ। ਸਵੇਰ ਅਤੇ ਸ਼ਾਮ ਨੂੰ


Namdhari Elibrary NamdhariElibrary@gmail.com

ਦੇ ਦੀਵਾਨ ਸੱਜ ਅਤੇ ਦੋ ਹੀ ਲੰਗਰ ਹੋਏ ਅਤੇ ਠੰਡੇ ਮਿੱਠੇ ਜਲ-ਦੁੱਧ ਨਾਲ ਵੀ ਸੰਗਤਾਂ ਦੀ ਸੇਵਾ ਕੀਤੀ ਗਈ। ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਸੰਤ ਬਲਬੀਰ ਸਿੰਘ ਰਾਗੀ ਹੋਰਾਂ ਕੀਤਾ ਜੋ ਬਾਦ ਵਿਚ ਢੋਲਕ ਛੈਣਿਆਂ ਦੇ ਗੜਗੱਜ ਵਾਰੇ ਦੇ ਕੀਰਤਨ ਵਿਚ ਪ੍ਰਵਰਤ ਹੋ ਗਿਆ। ਸੰਤ ਬਲਬੀਰ ਸਿੰਘ, ਜਗਦੀਸ਼ ਸਿੰਘ, ਜਥੇਦਾਰ ਗੁਰਦੀਪ ਸਿੰਘ, ਕਰਮ ਸਿੰਘ ਲਾਡੀ, ਸੁਰਿੰਦਰ ਸਿੰਘ ਛਿੰਦਾ, ਬਲਵਿੰਦਰ ਸਿੰਘ, ਸੁਰਿੰਦਰ ਸਿੰਘ, ਆਗਿਆ ਸਿੰਘ, ਗੁਰਮੀਤ ਸਿੰਘ ਸੋਨੂੰ, ਸੰਤ ਤ੍ਰਲੋਕ ਸਿੰਘ ਸੋਧੀ ਅਤੇ ਹੋਰ ਨੌਜੁਆਨਾਂ ਨੇ ਕੀਰਤਨ ਵਿਚ ਭਰਵਾਂ ਸਹਿਯੋਗ ਦਿੱਤਾ। ਵਾਰ ਦੇ ਕੀਰਤਨ ਦੇ ਨਾਲ ਹੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਵਰੋਸਾਏ ਜਥੇਦਾਰ ਗੁਰਦੀਪ ਸਿੰਘ ਜੀ ਸ੍ਰੀ ਭੈਣੀ ਸਾਹਿਬ ਦਾ ਹੱਲੇ ਦਾ ਦੀਵਾਨ ਸ਼ੁਰੂ ਹੋ ਗਏ। ਨਾਲ ਢੋਲਕ ਦੇ ਪ੍ਰਸਿੱਧ ਕਲਾਕਾਰ ਕਰਮ ਸਿੰਘ ਲਾਡੀ, ਬੁੱਧ ਸਿੰਘ ਗੜ੍ਹਦੀਵਾਲ ਅਤੇ ਜਲੰਧਰ ਦਾ ਜੱਥਾ ਸੀ। ਸੰਗਤਾਂ ਨੇ ਜਥੇਦਾਰ ਜੀ ਦੁਆਰਾ ਸੁਣਾਏ ਇਤਿਹਾਸ, ਗੁਰਬਾਣੀ ਵਿਆਖਿਆ, ਟਕਸਾਲੀ ਹੱਲੇ ਦੀਆਂ ਧਾਰਨਾ ਅਤੇ ਸ਼ਬਦਾਂ ਦੇ ਗਾਇਨ ਦਾ ਰੱਸ ਮਾਣਿਆ। ਮਹੰਤ ਜੁਗਿੰਦਰ ਸਿੰਘ ਦੁਆਰਾ ਪਾਠਾਂ ਦੇ ਭੋਗ ਪਾਏ ਗਏ। ਕੜਾਹ ਪ੍ਰਸ਼ਾਦ ਅਤੇ ਲੰਗਰ ਪਾਣੀ ਛੱਕ ਸੰਗਤਾਂ ਤ੍ਰਿਪਤ ਹੋਈਆਂ। ਸ਼ਾਮ ਦੇ ਦੀਵਾਨ ਵਿਚ ਕਾਕਾ ਰਤਨ ਸਿੰਘ ਦੁਆਰਾ ਸ਼ਬਦ ਗਾਇਣ, ਸੰਤ ਬੁੱਧ ਸਿੰਘ ਗੜ੍ਹਦੀਵਾਲ, ਮਹੰਤ ਜੁਗਿੰਦਰ ਸਿੰਘ ਪ੍ਰੀਤਨਗਰ ਅਤੇ ਜਥੇਦਾਰ ਸੁਰਿੰਦਰ ਸਿੰਘ ਛਿੰਦਾ ਦੇ ਦੀਵਾਨ ਬਾਦ ਮੁੜ ਜਥੇਦਾਰ ਗੁਰਦੀਪ ਸਿੰਘ ਜੀ ਨੇ ਦੋ ਘੰਟੇ ਭਰਪੂਰ ਦੀਵਾਨ ਸਜਾਇਆ ਜਿਸ ਵਿਚ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦੇ ਪ੍ਰਸੰਗ ਅਤੇ ਸਮਕਾਲੀ ਇਤਿਹਾਸ ਦੇ ਵੇਰਵਿਆਂ ਨੂੰ ਬਾਰੀਕੀ ਨਾਲ ਪੇਸ਼ ਕੀਤਾ। ਸੰਗਤਾਂ ਭਾਰੀ ਗਿਣਤੀ ਵਿਚ ਇਕ ਰੱਸ ਇਕ ਮਨ ਹੋ ਕੇ ਵੈਰਾਗਮਈ ਦਸ਼ਾ ਵਿਚ ਕੀਰਤਨ ਕਰਦੀਆਂ ਅਤੇ ਸੁਣਦੀਆਂ ਰਹੀਆਂ।

ਅੰਤ ਵਿਚ ਸ. ਜਗਦੀਸ਼ ਸਿੰਘ ਵਰਿਆਮ ਨੇ ਆਈਆਂ ਸੰਗਤਾਂ ਦਾ ਧੰਨਵਾਦ ਵੀ ਕੀਤਾ ਅਤੇ ਜਥੇਦਾਰ ਗੁਰਦੀਪ ਸਿੰਘ ਅਤੇ ਜੱਥੇ ਦੀ ਭਰਪੂਰ ਪਰਸੰਸਾ ਵੀ ਕੀਤੀ। ਉਹਨਾਂ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਅਤੇ ਜੀਵਨ ਇਤਿਹਾਸ ਬਾਰੇ ਬੋਲਦਿਆਂ ਉਹਨਾਂ ਵਲੋਂ ਬਾਣੀ ਦੀ ਬੀੜ ਤਿਆਰ ਕਰਨ ਨੂੰ ਇਕ ਯੁੱਗਾਂ ਤੱਕ ਕਾਇਮ ਰਹਿਣ ਵਾਲਾ ਇਤਿਹਾਸਕ ਪਰਉਪਕਾਰੀ ਕਾਰਜ ਦੱਸਿਆ।

**ਪ੍ਰੀਤ ਨਗਰ**

ਨਾਮਧਾਰੀ ਗੁਰਦੁਆਰਾ ਪ੍ਰੀਤ ਨਗਰ, ਸੋਡਲ ਰੋਡ ਜਲੰਧਰ ਵਿਚ ਸ਼ਹੀਦ ਪੁਰਬ ਐਤਵਾਰ ੧੨ ਜੂਨ ੨੦੧੧ ਨੂੰ ਮਨਾਇਆ ਗਿਆ। ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਸੰਤ ਬਲਬੀਰ ਸਿੰਘ ਰਾਗੀ, ਜਗਦੀਸ਼ ਸਿੰਘ, ਸੁਰਿੰਦਰ ਸਿੰਘ, ਬਲਵਿੰਦਰ ਸਿੰਘ, ਸੁਰਿੰਦਰ ਸਿੰਘ ਛਿੰਦਾ ਅਤੇ ਨਾਮਧਾਰੀ ਵਿਦਿਅਕ ਜੱਥੇ ਨੇ ਬੜੇ ਪ੍ਰੇਮ ਨਾਲ ਕੀਤਾ। ਉਪਰੰਤ ਮਹੰਤ ਜੁਗਿੰਦਰ ਸਿੰਘ ਜੀ ਨੇ ਕਥਾ ਕੀਰਤਨ ਰਾਹੀਂ ਸ਼ਹੀਦੀ ਇਤਿਹਾਸ ਤੇ ਚਾਨਣਾ ਪਾਇਆ। ਉਸ ਤੋਂ ਬਾਦ ਸੁਰਿੰਦਰ ਸਿੰਘ ਛਿੰਦਾ ਨੇ ਹੱਲੇ ਦਾ ਦੀਵਾਨ ਸਜਾਇਆ ਅਤੇ ਅੰਤ ਤੇ ਬੀਬੀਆਂ ਦੇ ਜੱਥੇ ਨੇ ਦੀਵਾਨ ਸਜਾਇਆ। ਇਕ ਪਾਠ ਦਾ ਭੋਗ ਪਾਇਆ ਗਿਆ ਅਤੇ ਗੁਰੂ ਕਾ ਲੰਗਰ ਅਤੁੱਟ ਵਰਤਿਆ। ਸਾਰੀ ਸਾਧ ਸੰਗਤ ਦੇ ਸਹਿਯੋਗ ਨਾਲ ਪੁਰਬ ਮਨਾਇਆ ਗਿਆ। ਸੰਤ ਦੀਪ ਸਿੰਘ ਸਕੱਤਰ ਨੇ ਸਟੇਜ ਦੀ ਸੇਵਾ ਕੀਤੀ। ਠੰਡੇ ਮਿੱਠੇ ਜਲ-ਦੁੱਧ ਦੀ ਛਬੀਲ ਲਾਈ ਗਈ...।

## ਸੰਤ ਬਲਬੀਰ ਸਿੰਘ ਰਾਗੀ ਨੂੰ ਖੁਸ਼ੀਆਂ

ਸੰਤ ਬਲਬੀਰ ਸਿੰਘ ਰਾਗੀ ਜਲੰਧਰ ਨੂੰ ਸਤਿਗੁਰੂ ਜੀ ਨੇ ਭਰਪੂਰ ਖੁਸ਼ੀਆਂ ਦੀ ਬਖਸ਼ਿਸ਼ ਕੀਤੀ ਹੈ। ਉਹਨਾਂ ਨੂੰ ਰਾਗ ਵਿਦਿਆ, ਕੀਰਤਨ ਕਰਨ ਅਤੇ ਬੱਚਿਆਂ ਨੂੰ ਕੀਰਤਨ ਸਿਖਾਉਣ ਦੀ ਵੱਡਮੁਲੀ ਦਾਤ ਨਾਲ ਨਿਵਾਜਿਆ ਹੈ।

੨੨ ਮਈ ੨੦੧੧ ਨੂੰ ਸ੍ਰੀ ਭੈਣੀ ਸਾਹਿਬ ਵਿਖੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਪਾਵਨ ਹਜ਼ੂਰੀ ਵਿਚ ਆਪ ਦੀ ਪਵਿੱਤਰ ਛੋਹ ਨਾਲ ਸੰਤ ਬਲਬੀਰ ਸਿੰਘ ਦੇ ਪੋਤਰੇ ਕਾਕਾ ਜਗਤ ਸਿੰਘ ਦੇ ਸੀਸ ਤੇ ਦਸਤਾਰ ਸਜਾਈ ਗਈ। ਸ੍ਰੀ ਸਤਿਗੁਰੂ ਜੀ ਦੀ ਆਗਿਆ ਨਾਲ ਇਹ ਦਸਤਾਰ ਹਜ਼ੂਰੀ ਸੇਵਕ ਸੰਤ ਰਛਪਾਲ ਸਿੰਘ ਜੀ ਨੇ ਸਜਾਈ। ਇਸ ਸੁਭਾਗ ਅਵਸਰ ਤੇ ਸੰਤ ਬਲਬੀਰ ਸਿੰਘ ਦਾ ਪਰਿਵਾਰ, ਬੀਬੀ ਕੁਲਵੰਤ ਕੌਰ (ਸੁਪਤਨੀ), ਜਸਵਿੰਦਰ ਸਿੰਘ ਚੰਨ ਸਪੁੱਤਰ (ਲੜਕੇ ਦਾ ਪਿਤਾ); ਬੀਬੀ ਪਰਮਜੀਤ ਕੌਰ ਨੂੰਹ (ਲੜਕੇ ਦੀ ਮਾਤਾ) ਬੀਬੀ ਜੁਗਿੰਦਰ ਕੌਰ (ਪੋਤੀ-ਲੜਕੇ ਦੀ ਭੈਣ) ਹਜ਼ੂਰੀ ਰਾਗੀ ਸੰਤ ਮੋਹਨ ਸਿੰਘ, ਸੰਤ ਜਤਿੰਦਰਪਾਲ ਸਿੰਘ ਚਿੱਕਾ ਤੇ ਹੋਰ ਸੰਗਤਾਂ ਹਾਜ਼ਰ ਸਨ।

ਸੰਤ ਬਲਬੀਰ ਸਿੰਘ ਹਰ ਰੋਜ਼ ਆਸਾ ਦੀ ਵਾਰ ਦਾ ਕੀਰਤਨ ਕਰਦੇ ਹਨ ਇਹਨਾਂ ਨੇ ਪ੍ਰੋ. ਕਿਰਪਾਲ ਸਿੰਘ ਜੰਡੂ ਤੋਂ ਸੰਗੀਤ ਦੀ ਸਿੱਖਿਆ ਲਈ ਹੈ। ਸੰਤ ਬਲਬੀਰ ਸਿੰਘ ਦੇ ਪਿਤਾ ਸ੍ਰੀ ਸਵ. ਸੰਤ ਸੌਦਾਗਰ ਸਿੰਘ ਜੀ ਵੀ ਆਸਾ ਦੀ ਵਾਰ ਦੇ ਕੀਰਤਨ ਦੀ ਨਿਰੰਤਰ ਸੇਵਾ ਕਰਦੇ ਰਹੇ ਹਨ।

## नामधारी फार्म झाल्टा ( औरंगाबाद ) में चार पर्व धूमधाम से मनाये गये

श्री सतिगुरु जी की कृपा से चार पर्व श्री राम नवमी, श्री महावीर जयंती, श्री हनुमान जयंती व श्री वैशाखी का पर्व नामधारी फार्म, श्री रामहरी सचखंड मंदिर झाल्टा औरंगाबाद पर १७-०४-२०११ को सुबेरे १० बजे से दुपहर ३ बजे तक धूम धाम से मनाये गये। सुबेरे ५ से ६.३० बजे तक महाराष्ट्रीयन बच्चों ने आसा दी वार का कीर्तन भी बड़े सुंदर ढंग से किया।

सबसे पहले हरि भक्ति परायण श्री तुकादास काटे गुरुजी जो बच्चों को संगीत सिखाते हैं प्रभु श्री रामचन्द्र जी महाराज के आगमन की बधाई देते हुए आधा घंटा कीर्तन किया,



Namdhari Elibrary NamdhariElibrary@gmail.com

उपरंत हरि भक्ति परायण श्री निवृत्ती महाराज घोडके जो संत तुकाराम वारकरी आश्रम के अध्यक्ष भी हैं उन्होंने चारों पर्व की बधाई देते हुये रामायण कथा संक्षेप में सुनाई व हनुमान जी के मिलन का प्रसंग सुनाया व करीब पौना घंटा कीर्तन किया उपरंत औरंगाबाद के पुलिस कमिश्नर के कार्यालय के करीब १२ लोग अपने साज लेकर आये व आधा घंटा समय बांध दिया, पहली बार ही वे लोग यहाँ आये व बहुत ही सुंदर कीर्तन किया उपरंत पंडित नाथराव जी नेरलकर ने आधा घंटा "मेरी नईया पार करो" भजन के साथ समय बांध दिया और भी मराठी भजन गाये। श्री सतिगुरु जगजीत सिंह जी महाराज नवंबर १९८२ में विशनुपुरी प्रकल्प नांदेड जो एशिया खंड की उस समय सबसे बड़ी लिफ्ट एरिगेशन स्कीम थी, उसके उदघाटन के लिए नांदेड दर्शन दिये थे उस समय भी पंडित नाथंरावजी ने सतिगुरु जी के स्वागत में यही भजन गाया "मेरी नईया पार करो" था। प्रोग्राम के बाद पंडित जी सतिगुरु जी के दर्शन करने आये तो सतिगुरु जी ने भी पंडित जी से बड़ी प्रसन्न मुद्रा में कहा "नईया पार करो" पंडित जी के बाद भाई खड़ग सिंह जी जो भाई दया सिंह गुरुदवारे के ग्रंथी है पंद्रह मिनट सतिगुरु महिमा पर बोले व वैसाखी की बधाई दी।

सरला रामराव डावखर ने आधे घंटे में पुरी रामायण कथा भजन के रूप में सुनाई, उपरंत नामधारी फार्म के जत्थे ने व श्री हरभजन सिंह नामधारी ने मिलकर एक घंटा दीवान लगाया। धारणा पढ़ी "पंथ सजावण वास्ते मैनू भेजिया आप भगवान" श्री गुरु गोबिंद सिंह जी महाराज ने नैना देवी पहाड़ पर विशाल यज्ञ हवन सन १६९८ से सन १६९९ तक किया पांच सिखो के शीष धड़ से अलग किये, अमृत तैयार किया। पहले सतिगुरु जी ने आप शका फिर पांचों सिखों के ऊपर छिड़का, उनको जीवित किया व अमृत पान कराया व खालसा पंथ की साजना की। उपरंत श्री सतिगुरु रामसिंह जी महाराज ने १२ अप्रैल १९५७ को दोबारा अमृत तैयार किया व संत खालसा की स्थापना की, बहुत ही संक्षेप में सुनाकर धारणा पढ़ी "दिन भागां वाला चढ़िया अज मेरा सतिगुरु आया ऐ"। श्री महावीर जयंती की बधाई देते हुये कहा की श्री महावीर स्वामी जी का अवतार २६१० वर्ष पहले बड़े विकट समय में हुआ, जब देश की दशा बहुत खराब थी। जैन धर्म के २४ तीर्थंकर हुये। श्री महावीर जी आखरी तीर्थंकर थे।

सबसे पहले तीर्थंकर ऋषभ देव जी थे जो अयोध्या के राजा भी थे। श्री महावीर जी का इतिहास संक्षेप में सुनाया अंत में कहा कि आज हम श्री महावीर जी की जयंती मनाकर बहुत खुश हो रहे है, उनकी जय जयकार कर रहे है। लेकिन उनकी बात नहीं सुन रहे, महावीर जी मनुष्य को मनुष्यमय बनने की शिक्षा दे रहे हैं।

उपरंत धारणा पढ़ी "दस अवतारी राम राजा आया" के साथ श्री राम नवमी व श्री हनुमान जयंती की बधाई दी व संक्षेप में रामायण कथा सुनाई व हनुमान जी का मिलन कैसे हुआ सुनाया। सुग्रीव के कहने के बावजूद कि मुझे आपकी भक्ति की जरूरत है, न राज की न स्त्री की, बाली बहुत बली है, उसके सामने आने वाले की आधी ताकत उस के पास चली जाती है, प्रभु राम ने कहा "सुन सुग्रीव मै मरिहों बाली हि ऐकह बाण। ब्रम्हा रूद्र सरणागत हूँ गये न अबरहि प्राण" कहते हैं बाली को मैं एक ही बाण से मार दूंगा, ब्रम्हा व शिवजी की शरण भी उसके प्राण नहीं बचा सकती, बाली को मारकर प्रभु सुग्रीव की स्त्री वापिस लाते है। फिर भजन गाया "जय हनुमान ज्ञान गुन सागर, जय कपीस तिहूँ लोक उजागर।" हनुमान जी का भक्ति प्रेम देखकर प्रभु राम कहते है, मैं आज बहुत खुश हूँ जो चाहो मांग लो, हनुमान जी हाथ जोड़कर बोले प्रभु जब आप इस संसार में आओ तो मैं भी आप के साथ आऊं व जब इस संसार से जायो तो मैं भी आप के साथ जाऊं उपरंत धारणा पढ़ी "बस मै होते आये भगवान भगत के"। उपरंत श्री सुभाष राव जवकर ने सभी का धन्यवाद किया।

*-सुभाष राव जवकर*
*सचिव, श्री रामहरी सचखंड मंदिर*
*नामधारी फार्म-झाल्टा औरंगाबाद*
*मो. नं. १३७०३५५५७७*



Namdhari Elibrary NamdhariElibrary@gmail.com

# ਪੁਸਤਕ - ਬੇਨਿਆਜ਼ ਹਸਤੀ-ਉਸਤਾਦ ਦਾਮਨ

ਲੇਖਕ - ਸ ਜੈਤੇਗ ਸਿੰਘ ਅਨੰਤ
(ਸ਼ਾਹਮੁਖੀ ਲਿਬਾਸ - ਪ੍ਰੋ. ਆਸ਼ਿਕ ਰਹੀਲ)
ਪ੍ਰਕਾਸ਼ਨ : ਗੁਲਸ਼ਨ-ਇ-ਅਦਬ ਪਬਲੀਕੇਸ਼ਨ, ਲਾਹੌਰ,
ਸਫ਼ੇ- ੨੦੮ ਮੁੱਲ-੨੫੦ ਰੁਪਏ

ਸੰਸਾਰ ਪ੍ਰਸਿੱਧੀ ਦੇ ਫੋਟੋ ਕਲਾਕਾਰ, ਲੇਖਕ ਪੱਤਰਕਾਰ ਅਤੇ ਪੰਜਾਬੀ ਅਦਬੀ ਸੰਗਤ ਕੈਨੇਡਾ ਦੇ ਮੀਰੇ-ਕਾਰਵਾਂ ਸ. ਜੈਤੇਗ ਸਿੰਘ ਅਨੰਤ ਨੇ ਵੀਹਵੀਂ ਸਦੀ ਦੇ ਪ੍ਰਮੁੱਖ ਲੋਕ-ਕਵੀ ਉਸਤਾਦ ਦਾਮਨ ਬਾਰੇ 'ਬੇਨਿਆਜ਼ ਹਸਤੀ-ਉਸਤਾਦ ਦਾਮਨ' ਪੁਸਤਕ ਦੀ ਸੰਪਦਨਾ ਕਰਕੇ ਵੱਡਮੁਲਾ ਯੋਗਦਾਨ ਪਾਇਆ ਹੈ। ਇਸ ਨੂੰ ਸ਼ਾਹਮੁਖੀ ਦਾ ਲਿਬਾਸ ਪ੍ਰੋ. ਆਸ਼ਿਕ ਰਹੀਲ ਨੇ ਪਾਇਆ ਹੈ। ਸ. ਜੈਤੇਗ ਸਿੰਘ ਇਕ ਬੇਬਾਕ ਪ੍ਰਤਿਭਾ ਅਤੇ ਜ਼ਿੰਦਾ ਦਿਲ ਇਨਸਾਨ ਹਨ। ਉਸਤਾਦ ਦਾਮਨ ਬਾਰੇ ਉਨ੍ਹਾਂ ਨੇ ਕੈਨੇਡਾ, ਅਮਰੀਕਾ, ਇੰਗਲੈਂਡ, ਪਾਕਿਸਤਾਨ ਅਤੇ ਭਾਰਤ ਦੇ ਨਾਮਵਰ ਪੰਜਾਬੀ ਵਿਦਵਾਨ ਚਿੰਤਕਾਂ ਕੋਲੋਂ ਜਿਵੇਂ ਲੇਖ ਲਿਖਵਾਏ, ਇਹ ਸਿਰਫ ਉਨ੍ਹਾਂ ਦਾ ਅੰਗਮੀ ਸਿਰੜੀ ਕ੍ਰਿਸ਼ਮਾ ਆਖਿਆ ਜਾ ਸਕਦਾ ਹੈ। ਇਸ ਪੁਸਤਕ ਤੋਂ ਪਹਿਲਾਂ ਉਹ 'ਜਨ ਪਰਿਉਪਕਾਰੀ ਆਏ', 'ਸਿਰਦਾਰ', 'ਪੰਚਨਦ' ਅਤੇ 'ਸਭ ਅਵਿਗਤ ਮੈਂ' ਸੰਪਾਦਨ ਕਰ ਚੁੱਕੇ ਹਨ, ਜਿਸ ਵਿਚ ਉਨ੍ਹਾਂ ਦੀ ਮੰਥਨ ਪ੍ਰਕਿਰਿਆ ਦ੍ਰਿਸ਼ਟੀਗੋਚਰ ਹੁੰਦੀ ਹੈ। ਵਰਨਣਯੋਗ ਪੁਸਤਕ ਵਿਚ ਇਕਤਾਲੀ ਖੋਜ ਭਰਪੂਰ ਲੇਖ ਸ਼ਾਮਲ ਹਨ ਜੋ ਉਸਤਾਦ ਦਾਮਨ ਦੀ ਕਵਿਤਾ ਅਤੇ ਸ਼ਖਸੀਅਤ ਦੇ ਨਿਸ਼ਚਿੱਤ ਕੇਂਦਰ ਬਿੰਦੂ ਦੁਆਲੇ ਘੁੰਮਦੀ ਹੈ। ਜਿਨ੍ਹਾਂ ਵਿਦਵਾਨਾਂ ਨੇ ਹਿੱਸਾ ਪਾਇਆ, ਉਨ੍ਹਾਂ ਵਿਚ ਸ. ਖੁਸ਼ਵੰਤ ਸਿੰਘ, ਰਾਜਾ ਰਸਾਲੂ, ਡਾ. ਜਗਤਾਰ, ਸਿਬਤਲ ਹਸਨ ਜ਼ੈਗਮ, ਮੰਨੂ ਭਾਈ, ਰਵਿੰਦਰ ਰਵੀ, ਗੁਰਚਰਨ ਰਾਮਪੁਰੀ, ਡਾ. ਦਰਸ਼ਨ ਸਿੰਘ ਆਸ਼ਟ, ਡਾ. ਜਸਬੀਰ ਸਿੰਘ ਸਰਨਾ, ਜੈਤੇਗ ਸਿੰਘ ਅਨੰਤ, ਸਰਦਾਰ ਪੰਛੀ, ਪ੍ਰੋ. ਆਸ਼ਿਕ ਰਹੀਲ, ਫਰਜ਼ੰਦ ਅਲੀ, ਤਨਵੀਰ ਜ਼ਹੂਰ, ਡਾ. ਅੱਖਤਰ ਹੁਸੈਨ ਅੱਖਤਰ, ਅਮੀਨ ਮਲਿਕ, ਜੋਗਿੰਦਰ ਸਿੰਘ ਸ਼ਮਸ਼ੇਰ, ਸ੍ਰੀ ਰਾਮ ਅਰਸ਼, ਡਾ. ਅਫਜ਼ਲ ਮਿਰਜ਼ਾ, ਡਾ. ਖਾਨ, ਡਾ. ਨਿਰਮਲ ਸਿੰਘ, ਅਹਿਮਦ ਸਲੀਮ, ਇਕਬਾਲ ਕੈਸਰ, ਅਹਿਸਾਨ ਬਾਜਵਾ, ਡਾ. ਮੁਹੰਮਦ ਯੂਨਸ, ਮਸੂਦ ਚੌਧਰੀ, ਜਮੀਲ ਅਹਿਮਦ ਪਾਲ, ਤਲਵਿੰਦਰ ਸਿੰਘ, ਡਾ. ਜਗਜੀਤ ਕੌਰ ਜੌਲੀ, ਡਾ. ਮਨਜੀਤ ਸਿੰਘ ਰੰਧਾਵਾ, ਅਮੀਨ ਖ਼ਿਆਲ, ਡਾ. ਭੱਟੀ, ਅਭੈ ਸਿੰਘ, ਡਾ. ਮੁਹੰਮਦ ਰਿਆਜ਼, ਸੁਲੱਖਣ ਸਰਹਦੀ, ਅਸਲਮ ਹਯਾਤ, ਹਸਨ ਸ਼ਾਹਦ, ਡਾ. ਯੂਨਸ ਅਹਿਕਰ, ਡਾ. ਰਿਆਜ਼ ਅੰਜਮ ਆਦਿ ਜ਼ਿਕਰਯੋਗ ਹਨ।

ਇਨ੍ਹਾਂ ਸਾਰੇ ਲੇਖਾਂ ਵਿਚ ਸੰਖੇਪਤਾ, ਸਪੱਸ਼ਟਤਾ, ਸਰਲਤਾ ਅਤੇ ਸੰਜਮਤਾ ਨਾਲ ਭਰਪੂਰ ਵਿਚਾਰਾਂ ਨੂੰ ਇਕ ਗੁਲਦਸਤੇ ਵਿਚ ਪੇਸ਼ ਕੀਤਾ ਗਿਆ ਹੈ ਜਿਨ੍ਹਾਂ ਦੀ ਅਰਥ ਭਰਪੂਰ ਸ਼ੈਲੀ ਦੇ ਰੰਗ ਨਿਵੇਕਲੇ ਹਨ। ਦਾਮਨ ਦੀ ਕਵਿਤਾ ਵੱਖ ਵੱਖ ਕਾਵਿ ਪੈੜਾਂ ਸਿਰਜਦੀ ਆਪਣੇ ਸਮਕਾਲ ਦੇ ਵਾਪਰ ਰਹੇ ਵਰਤਾਰੇ ਨੂੰ ਖੂਬ ਭੰਡਿਆ ਜਿਸ ਕਾਰਨ ਉਸ ਦੀ ਕਵਿਤਾ ਦੀ ਕੋਮਲਤਾ ਤੇ ਨਿਰਛਲਤਾ ਸਾਫ ਵਿਦਮਾਨ ਹੋਈ। ਕਈ ਵੇਰਾਂ ਹੱਥ-ਕੜੀਆਂ ਨੇ ਉਸ ਨੂੰ ਆ ਕੇ ਜਕੜਿਆ।

ਪਾਕਿਸਤਾਨ ਵਿਚ ਮੌਜਾਂ ਹੀ ਮੌਜਾਂ
ਚਾਰੇ ਪਾਸੇ ਫ਼ੌਜਾਂ ਹੀ ਫ਼ੌਜਾਂ

ਮੇਰੇ ਮੁੱਲਕ ਦੇ ਦੋ ਖੁਦਾ
ਲਾ-ਅਲ੍ਹਾ ਤੇ ਮਾਰਸ਼ਲ ਦਾ
ਇਕ ਰਹਿੰਦਾ ਏ ਅਰਸ਼ਾਂ ਉੱਤੇ
ਦੂਜਾ ਰਹਿੰਦਾ ਫਰਸ਼ਾਂ ਉੱਤੇ
ਇਹ ਦਾ ਨਾਂ ਏ ਅਲ੍ਹਾ ਮੀਆਂ,
ਇਹਦਾ ਨਾਂ ਏ ਜਰਨਲ ਜ਼ੀਆ
ਵਾਹ ਭਈ-ਵਾਹ ਜਨਰਲ ਜ਼ੀਆ,
ਕੌਣ ਕਹਿੰਦਾ ਤੈਨੂੰ ਇਥੋਂ ਜਾ।

ਇਹ ਪੁਸਤਕ ਆਪਣੇ ਅੰਦਰ ਉਸਤਾਦ ਦਾਮਨ ਦੀਆਂ ਕਈ ਕਾਵਿ ਵਿਸ਼ੇਸ਼ਤਾਵਾਂ ਸਮੋਈ ਬੈਠੀ ਹੈ। ਵਿਸਤ੍ਰਿਤ ਜਾਣਕਾਰੀ ਪ੍ਰਧਾਨ ਕਰਦੀ ਇਹ ਪੁਸਤਕ ਵਾਘੇ ਦੇ ਆਰ ਪਾਰ ਸਭਿਆਚਾਰਕ ਦੋਸਤੀ ਦੀ ਮਹਿਕ ਵੰਡਦੀ, ਵੱਡਮੁਲਾ ਤੋਹਫ਼ਾ ਹੈ। ਦਾਮਨ ਦੀ ਸਮੁੱਚੀ ਕਵਿਤਾ ਸਰੋਤਿਆਂ-ਪਾਠਕਾਂ ਦੇ ਰੂਬਰੂ ਬੁਧੀਜੀਵੀ ਸਫ਼ਾ ਅੰਦਰ ਨਿਰੰਤਰ ਟੁੰਬਦੀ ਰਹੀ ਹੈ, ਇਹੋ ਉਸਦੀ ਪ੍ਰਮਾਣਿਕਤਾ ਅਤੇ ਕਾਵਿ ਵੰਨਗੀ ਦਾ ਇਨਕਲਾਬੀ ਸਰੂਪ ਸਾਡੇ ਸਾਹਵੇਂ ਰੱਖਦੀ ਹੈ। ਉਸਨੇ ਜੀਵਨ ਯਥਾਰਥ ਦੇ ਵਿਭਿੰਨ ਪਹਿਲੂਆਂ ਨੂੰ ਬੜੇ ਨਜ਼ਦੀਕ ਹੋ ਕੇ ਜੀਵਿਆ ਅਤੇ ਕਲਮੀ ਵਿਅੰਗਮਈ ਦ੍ਰਿਸ਼ਾਂ ਰਾਹੀਂ ਸਰੋਤਿਆਂ। ਪਾਠਕਾਂ ਨੂੰ ਕੀਲਿਆ ਹੈ। ਉਸ ਨੇ ਵਿਰਸੇ ਤੋਂ ਪ੍ਰਾਪਤ ਇਸ ਪੂੰਜੀ ਨੂੰ ਮੌਲਿਕਤਾ ਤੇ ਅਨੁਭਾਵਾਂ ਦੇ ਰੂਬਰੂ ਵਿਲੱਖਣਤਾ ਰਾਹੀਂ ਸਾਕਾਰ ਕੀਤਾ ਹੈ।

ਸ. ਜੈਤੇਗ ਸਿੰਘ ਅਨੰਤ ਨੇ ਆਪਣੀ ਡੂੰਘੀ ਸੂਝ, ਸਮਾਂ, ਅਧਿਐਨ ਤੇ ਸਿਦਕੀ ਸੂਰਮੇ ਵਾਂਗ ਇਹ ਕੰਮ ਸਰਅੰਜਾਮ ਦਿੱਤਾ ਹੈ। ਇਹ ਖੂਬਸੂਰਤ ਪੁਸਤਕ ਪੰਜਾਬੀ ਗੌਰਵ ਦੀ ਧਾਰਨੀ ਹੀ ਨਹੀਂ ਸਗੋਂ ਸਰਹਦਾਂ ਮਨਫ਼ੀ ਕਰਕੇ ਪੰਜਾਬੀਆਂ ਦਾ ਮਾਣ ਵਧਾਇਆ ਹੈ। ਜੇਕਰ ਦਾਮਨ ਦੀ ਚੋਣਵੀ ਕਵਿਤਾ ਵੀ ਨਾਲ ਸ਼ਾਮਲ ਕਰ ਦਿੱਤੀ ਜਾਂਦੀ ਤਾਂ ਚੰਗੇਰ ਵਿਚ ਪਏ ਰੰਗ ਬਰੰਗੇ ਫੁੱਲਾਂ ਦੀ ਮਹਿਕ ਹੋਰ ਅਨੰਦਿਤ ਕਰ ਜਾਂਦੀ। ਸੰਸਾਰ ਦੇ ਪੰਜਾਬੀ ਭਾਈਚਾਰੇ ਨੂੰ ਆਪਣੇ ਲੋਕ ਕਵੀ ਬਾਰੇ ਅਜਿਹੀ ਪੁਸਤਕ ਦੀ ਆਮਦ ਤੇ ਖੁਸ਼ਆਮਦੀਦ ਆਖਣੀ ਚਾਹੀਦੀ ਹੈ ਅਤੇ ਸ. ਜੈਤੇਗ ਸਿੰਘ ਅਨੰਤ ਨੂੰ ਮੁਬਾਰਕਾਂ।

*-(ਡਾ.) ਜਸਬੀਰ ਸਿੰਘ ਸਰਨਾ*
*ਕਸ਼ਮੀਰ*



Namdhari Elibrary NamdhariElibrary@gmail.com

# ਪ੍ਰਤੀਕਿਰਿਆ

ਸ. ਸੁਵਰਨ ਸਿੰਘ ਵਿਰਕ ਦੀ ਲਿਖਤ ਨਾਮਧਾਰੀ ਇਤਿਹਾਸ ਦੀ ਪਰਤ ਦਰ ਪਰਤ ਖੋਲਦੀ ਹੈ। ਸ਼ਬਦ ਵਾਰਤਾਲਾਪ ਵਿਚ ਰਵਾਨਗੀ, ਬਿਰਤਾਂਤੀ ਵਿਧੀ ਵਿਚ ਸੁਖਾਲਾਪਨ ਮੰਨ ਨੂੰ ਭਾਉਂਦਾ ਹੈ। ਵਰਿਆਮ ਵਿਚ ਇਸ ਲੜੀ ਲੇਖ ਨੂੰ ਪੜਨਾ ਸ਼ੁਰੂ ਕਰੋ ਤਾਂ ਸਾਰਾ ਲੇਖ ਪੜ੍ਹ ਕੇ ਵੀ ਲੇਖ ਤੇ ਸਰੋਤ ਜਾਣ ਕੇ ਧਰਵਾਸ ਬੱਝ ਜਾਂਦਾ ਹੈ। ਕੋਈ ਹੈ ਜੋ ਮਿਹਨਤ ਅਤੇ ਨਿਠ ਕੇ ਸੱਚੀ ਲਗਨ ਨਾਲ ਨਾਮਧਾਰੀ ਸਿੱਖ ਇਤਿਹਾਸ ਨੂੰ ਲੋਕ ਨਜ਼ਰਾਂ ਤੱਕ ਲੈ ਕੇ ਜਾਣ ਦੀ ਹਿੰਮਤ ਰੱਖਦਾ ਹੈ। ਉਹ ਹਨ੍ਹ ਕਲਮ ਦੇ ਧਨੀ ਭਾਈ ਸਵਰਨ ਸਿੰਘ ਵਿਰਕ ਜੀ,

ਵਰਿਆਮ ਜੂਨ ੨੦੧੧ ਗੁਰੂ ਕੇ ਲੰਗਰ ਦੇ ਮੋਦੀ ਸੇਵਕ ਬਾਬਾ ਬਘੇਲ ਸਿੰਘ ਨਾਰਲੀ ਨਾਲ ਸੰਬੰਧਤ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮੇ ਰਾਹੀਂ ਸ੍ਰੀ ਸਤਿਗੁਰੂ ਜੀ ਦੀ ਚਿੰਤਾ ਦਾ ਪਤਾ ਲੱਗਦਾ ਹੈ। ਜਿਥੇ ਉਹ ਲੰਗਰ ਪ੍ਰਥਾ 'ਤੇ ਜ਼ੋਰ ਦਿੰਦੇ ਹਨ, ਨਾਲ ਹੀ ਸਿੱਖ ਸੰਗਤਾਂ ਦੇ ਦੁੱਖਾਂ-ਸੁੱਖਾਂ ਦਾ ਧਿਆਨ ਰੱਖਦੇ ਹਨ। ਬਹੁਤ ਸਾਰੇ ਸਿੰਘਾਂ ਦੇ ਨਾਂ ਪਤੇ ਲਿਖ ਕੇ ਬਾਬਾ ਬਘੇਲ ਸਿੰਘ ਨੂੰ ਹਦੈਤ ਕਰਦੇ ਹਨ, ਇਹ ਸਾਰੀ ਸੰਗਤ ਨੂੰ ਸੁਣਾ ਦੇਣਾ ਅਤੇ ਇਹ ਵੀ ਕਿਹਾ ਜੋ ਵੀ ਸੁਣੇ, ਉਹ ਹੋਰ ਲੋਕਾਂ ਨੂੰ ਨਾਂ ਦੱਸੇ, ਗੁਪਤ ਰੱਖੇ ਉਹ ਆਪਣਾ ਜੇਲ੍ਹ ਵਿਚੋਂ ਸੰਗਤ ਦੇ ਮੇਲ-ਮਿਲਾਪ ਬਾਰੇ ਅੰਗਰੇਜ਼ ਨੂੰ ਪਤਾ ਨਾ ਲੱਗਣ ਦੀ ਪੂਰੀ ਚੌਕਸੀ ਰੱਖਦੇ ਸਨ।

ਇਹਨਾਂ ਹੁਕਮਨਾਮਿਆਂ 'ਚ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਉਸ ਵੇਲੇ ਪੰਜਾਬ ਦੇ ਹਾਲਾਤ ਬਾਰੇ ਰਾਜਨੀਤਕ ਨਿੱਜੀ ਧਾਰਮਿਕ ਗਤੀਵਿਧੀਆ ਬਾਰੇ ਜਾਣਨਾ ਚਾਹੁੰਦੇ ਸਨ, ਰੂਸ ਦੇ ਸੰਬੰਧਾਂ ਬਾਰੇ, ਮਹਾਰਾਜ ਪਟਿਆਲਾ ਦੀ ਮੌਤ ਬਾਰੇ ਖਾਸਕਰ ਇਸ ਹੁਕਮ ਵਿਚ ਜਾਣਨ ਲਈ ਖਾਸ ਜ਼ਿਕਰ ਹੈ। ਉਹ ਲਿਖਤੀ ਰੂਪ ਵਿਚ ਸਾਰੇ ਇਕੱਲੇ-ਇਕੱਲੇ ਸਵਾਲ ਬਾਰੇ ਵਿਸਥਾਰ ਨਾਲ ਜਾਣਨਾ ਚਾਹੁੰਦੇ ਸਨ ਅਤੇ ਆਪਣਾ ਭੇਦ ਗੁਪਤ ਰੱਖਣ ਦੀ ਵੀ ਹਦੈਤ ਕਰਦੇ ਸਨ।

**ਇਹ ਨਿੱਜੀ ਸਵਾਲ ਹੈ**

ਮੈਂ ਇਹ ਜਾਣਨਾ ਚਾਹਾਂਗਾ ਕਿ ਜਦੋਂ ਇਹ ਸਪੱਸ਼ਟ ਹੈ ਕਿ ਬਰਮਾ ਦੀ ਰਾਜਧਾਨੀ ਰੰਗੂਨ ਵਿਖੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਸਭ ਤੋਂ ਪਹਿਲਾਂ ਭਾਈ ਦਰਬਾਰਾ ਸਿੰਘ ਰਾਏਪੁਰੀਏ ਮਿਲਣ ਗਏ ਅਤੇ ਉਥੋਂ ਸਭ ਤੋਂ ਪਹਿਲਾ ਹੁਕਮਨਾਮਾ ਉਹ ਲੈ ਕੇ ਆਏ ਸੀ ਤਾਂ ਆਪ ਦੀ ਲਿਖਤ ਵਿਚ ਭਾਈ ਦਰਬਾਰਾ ਸਿੰਘ ਦੁਆਰਾ ਲੈ ਕੇ ਆਂਦੇ ਗਏ ਹੁਕਮਨਾਮੇ ਨੂੰ ਨੰਬਰ ੧੨ ਕਿਸ ਤਰ੍ਹਾਂ ਲਿਖਿਆ ਗਿਆ ਸਪੱਸ਼ਟ ਕੀਤਾ ਜਾਵੇ।

*—ਸੂਹੜ ਸਿੰਘ ਬੱਜੋਂ*

ਪਰਚਾ ਤੁਹਾਡਾ ਲਗਾਤਾਰ ਮਿਲ ਰਿਹਾ ਹੈ। ਬਹੁਤ ਧੰਨਵਾਦੀ ਹਾਂ। ਕਈ ਕੁੜੀਆਂ ਬੜੇ ਸ਼ੌਕ ਨਾਲ ਪੜ੍ਹਦੀਆਂ ਹਨ। ਮੈਨੂੰ ਤਾਂ ਇਸ ਪਰਚੇ ਦੀ ਉਡੀਕ ਰਹਿੰਦੀ ਹੀ ਹੈ।

*—ਬਚਿੰਤ ਕੌਰ*

*੯੮੭੨੫-੭੨੦੬੦*

## ਪਵਿੱਤਰ ਸਿੰਘ ਦੀ ਸੰਗੀਤ ਵਿਚ ਮੈਰਿਟ



ਨੌਜਵਾਨ ਕਲਾਕਾਰ ਸ. ਪਵਿੱਤਰ ਸਿੰਘ ਸਪੁੱਤਰ ਸ. ਪਰਮਜੀਤ ਸਿੰਘ ਪ੍ਰਧਾਨ ਨਾਮਧਾਰੀ ਸੰਗਤ ਕਪੂਰਥਲਾ ਅਤੇ ਪੋਤਰਾ ਪਰਸਿਧ ਸਨਅਤਕਾਰ ਸੰਤ ਸਵਰਨ ਸਿੰਘ ਕਪੂਰਥਲਾ ਨੇ ਬੀ.ਏ. ਸੰਗੀਤ-III ਫਾਈਨਲ ਵਿੱਚੋਂ ਗੁਰੂ ਨਾਨਕ ਦੇਵ ਯੂਨੀਵਰਸਟੀ ਵਿੱਚੋਂ ਸਮੁੱਚੇ ਪੰਜਾਬ ਚੋਂ ੮੦ ਪ੍ਰਤੀਸ਼ਤ ਨੰਬਰ ਲੈ ਕੇ ਸਤਵਾਂ ਸਥਾਨ ਪ੍ਰਾਪਤ ਕੀਤਾ ਹੈ। ਏ.ਪੀ.ਜੇ. ਕਾਲਜ ਜਲੰਧਰ ਵਿੱਚੋਂ ਸਿਖਰਲਾ ਸਥਾਨ ਲਿਆ ਹੈ। ਪੰਜਾਬ ਵਿੱਚੋਂ ੧੪੩ ਵਿਦਿਆਰਥੀਆਂ ਨੇ ਮੈਰਿਟ ਹਾਸਲ ਕੀਤੀ ਜਿਸ ਵਿਚ ੧੪੦ ਲੜਕੀਆਂ ਹਨ ਅਤੇ ਕੇਵਲ ਤਿੰਨ ਲੜਕੇ। ਲੜਕਿਆਂ ਵਿੱਚ ਪਵਿੱਤਰ ਸਿੰਘ ਨੇ ਯੂਨੀਵਰਸਟੀ ਵਿਚ ਪਹਿਲਾ ਸਥਾਨ ਹਾਸਲ ਕੀਤਾ ਹੈ। ਪਵਿੱਤਰ ਸਿੰਘ ਗਾਇਣ ਅਤੇ ਤਾਰ ਸ਼ਹਿਨਾਈ ਸਾਜ਼ ਦੇ ਵਾਦਨ ਵਿਚ ਸਿਧ ਹਸਤ ਹੈ। ਇਸ ਸਭ ਕੁਝ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਵਿਸ਼ੇਸ਼ ਕਿਰਪਾ ਨਾਲ ਸੰਭਵ ਹੋਇਆ।

## ਵਰਿਆਮ ਨੂੰ ਸਹਿਯੋਗ

| | |
|---|---|
| **ਸ. ਜਗਜੀਤ ਸਿੰਘ ਚਾਨਾ**<br>ਯੂ.ਐਸ. ਏ. | ੫੦੦੦-੦੦ |
| **ਸ੍ਰੀਮਤੀ ਬਚਿੰਤਰ ਕੌਰ**<br>ਮਹਾਰਾਜ ਸਾਵਣ ਸਿੰਘ ਚੈਰੀਟੇਬਲ ਹਸਪਤਾਲ- ਬਿਆਸ | ੫੦੦-੦੦ |
| **ਸੰਤ ਬਲਬੀਰ ਸਿੰਘ ਰਾਗੀ**<br>ਜਲੰਧਰ ਆਪਣੇ ਪੋਤਰੇ ਜਗਤ ਸਿੰਘ ਨੂੰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੁਆਰਾ ਦਸਤਾਰ ਸਜਾਉਣ ਦੀ ਕ੍ਰਿਪਾ ਦੀ ਖੁਸ਼ੀ ਵਿਚ | ੫੦੦-੦੦ |



Namdhari Elibrary NamdhariElibrary@gmail.com

Gram : 'Sniper' Hello : 431367

Reputed Manufacturers of :

# Superior Quality

## SINGLE BARREL

## &

## DOUBLE BARREL

B.L.–12 Bore

# GUNS

# MODERN GUN WORKS

OPP. : INDUSTRIAL ESTATE,

JAMMU CANTT.



Namdhari Elibrary NamdhariElibrary@gmail.com

BBL FOODS PVT. LTD.







*India's Larget Second Hand Food Machines Dealer Cum Rebuilder*

**750kgs Potato Chips Line**

## Biscuit Plant & Equipment

1. Biscuits-Soft Dough, Hard Dough, Crackers
2. Cookies- Wire Cut, Depositer.
3. Bread, Cakes and Bakery Products
4. Wafers - Flat, Round, Enrobed, Moulded
5. Wafers - Round Sticks, Pillows, Flat Sticks.
6. Ice Cream Cones - Moulded or Rolled Sugar Cone.
7. Chocolates- Moulded, Enrobed, Panned, Drops.
8. Potato Chips
9. Extruded- Kurkure, Cheetos.
10. Toast- Bread Toast, Mini Toast.
11 Vermicilli., 12. Water Filling., 13. Paper Cups.
14. Chocolate/Jelly Filling Lines for Small Cups.
15. Namkeens.

*We arrange complete machines, manpower and training receipes with formulation*

**BBL FOODS (P) LTD.**

*SANTOSH NAGAR X ROADS, HYDERABAD- 5000059, INDIA*

*Tel : +91 40 245 ), Mobile : 91 98480-50607/ +91 98483 99702*

*l:lakbir.mutchall@gmail.com*

*www.bblfoods.com www.mutchall.com*



Namdhari Elibrary NamdhariElibrary@gmail.com












੨੯ ਮਈ ੨੦੧੧ : ਉਘੇ ਸ਼ਾਇਰ ਤਰਲੋਚਨ ਲੋਚੀ ਦੀਆਂ ਗ਼ਜ਼ਲਾਂ ਦੀ ਐਲਬਮ ਸੀ.ਡੀ. ਪ੍ਰੈਸ ਕੱਲਬ ਜਲੰਧਰ ਵਿਚ ਰੀਲੀਜ਼ ਕਰਦੇ ਹੋਏ ਪੰਜਾਬੀ ਸਾਹਿਤ ਅਕੈਡਮੀ ਲੁਧਿਆਣਾ ਦੇ ਪ੍ਰਧਾਨ ਗੁਰਭਜਨ ਗਿੱਲ, ਕੁਲਦੀਪ ਸਿੰਘ ਬੇਦੀ, ਆਰ. ਐਨ. ਸਿੰਘ, ਜਗਦੀਸ਼ ਸਿੰਘ ਵਰਿਆਮ, ਤਾਰਾ ਸਿੰਘ ਅਨਜਾਣ ਅਤੇ ਮਨਜਿੰਦਰ ਸਿੰਘ ਧਨੋਆ।

Namdhari Elibrary NamdhariElibrary@gmail.com

Registered No. PB 0016 2009-2011 Monthly Wariam Ladowali Road, Jalandhar - 144 001
Regd. RNI No. 26453/75
July 2011




ਐਡੀਟਰ, ਪ੍ਰਿੰਟਰ ਪਬਲਿਸ਼ਰ ਤੇ ਮਾਲਕ ਜਗਦੀਸ਼ ਸਿੰਘ ਨੇ ਨਾਮਧਾਰੀ ਪ੍ਰਿੰਟਰਜ਼, ਲਾਡੋਵਾਲੀ ਰੋਡ, ਜਲੰਧਰ ਤੋਂ ਪ੍ਰਕਾਸ਼ਿਤ ਕੀਤਾ।
ਫੋਨ : 0181-2222543, ਫੈਕਸ : 0181-2456289

Namdhari Elibrary NamdhariElibrary@gmail.com